ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰੁਤਿ ਪਹਿਲੀ Rut 1

Sri Gur Partap Suraj Granth

ਕ੍ਰਿਤ:

ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'

By

Bhai Santokh Singh ‘Kavi Churamani’

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji’s
Four Sahibzadas and Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji

ੴ ਸਤਿਗੁਰ ਪ੍ਰਸਾਦਿ ॥

ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਤਤਕਰਾ ਰੁਤਿ ਪਹਿਲੀ

ਰੁਤਿ ਪਹਿਲੀ

ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ, ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੧ ਜਨਵਰੀ ੨੦੦੫

ਨਵੇਂ ਸੰਸਕਰਣ ਬਾਬਤ

ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਹੁਣ ਤੱਕ ਮਹਾਨਕੋਸ਼, ਫਰੀਦਕੋਟ ਵਾਲਾ ਟੀਕਾ, ਸੰਪੂਰਨ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ, ਗਿਆਨੀ ਗਿਆਨ ਸਿੰਘ ਜੀ ਦੁਆਰਾ ਰਚਿਤ 'ਤਵਾਰੀਖ ਗੁਰੂ ਖਾਲਸਾ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਡਿਜਿਟਲ ਸੰਸਕਰਣ ਕੰਪਿਊਟਰ ਦੇ ਪਾਠਕਾਂ ਦੀ ਪਹੁੰਚ ਅੰਦਰ ਲਿਆਂਦਾ ਜਾ ਚੁਕਾ ਹੈ।

ਇਸ ਸਾਲ (ਸੰਨ ੨੦੦੮ ਈ.) ਇਨ੍ਹਾਂ ਨਵੇਂ ਸੰਸਕਰਣਾਂ ਵਿੱਚ ਜਿੱਥੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ, ਉੱਥੇ ਫੁੱਟਨੋਟ ਅਤੇ ਟਿੱਪਣੀਆਂ ਪਾਠਕਾਂ ਦੀ ਸੁਵਿਧਾ ਵਾਸਤੇ ਮੂਲ ਪਾਠ ਦੇ ਨਾਲ ਹੀ ਦੇ ਦਿੱਤੀਆਂ ਗਈਆਂ ਹਨ।

ਇਸੇ ਸਾਲ ਸਿੱਖ ਜਗਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੦੦ ਸਾਲਾ ਗੁਰਗੱਦੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਹੈ। ਦਾਸ ਵਲੋਂ ਇਸ ਸ਼ੁਭ ਅਵਸਰ ਤੇ ਸੰਗਤਾਂ ਨੂੰ ਈਸ਼ਰ ਮਾਈਕ੍ਰੋ ਮੀਡੀਆ ਦੇ ਨਵਾਂ ਸੰਸਕਰਣ ਵੀ ਭੇਟਾ ਕੀਤਾ ਗਿਆ ਹੈ ਜਿਸ ਸ੍ਰੀ ਵਿੱਚ ਸ੍ਰੀ ਦਸਮ ਗ੍ਰੰਥ ਦਾ ਖੋਜ ਯੰਤਰ ਵੀ ਉਪਲਬਧ ਕਰਵਾਇਆ ਗਿਆ ਹੈ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

੨੬ ਅਗਸਤ ੨੦੦੮

ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ

ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫ — ਸੰਤ ਹਰੀ ਸਿੰਘ ਰੰਧਾਵਾ
ਰੰਧਾਵਾ — ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਰੁਤਿ ਪਹਿਲੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰੁਤਿ ਪਹਿਲੀ ਉਪਰ ਕਲਿਕ ਕਰੋ ਜੀ)

ਤਤਕਰਾ ਰੁਤਿ ਪਹਿਲੀ

ਪਹਿਲੀ ਰਿਤੁ ਚੱਲੀ

ੴ ਸਤਿਗੁਰ ਪ੍ਰਸਾਦਿ ॥

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਰਥਾਂ ਲਈ ਦੇਖੋ ਰਾਸ ੩ ਦੇ ਆਦਿ ਵਿੱਚ।

ਸ੍ਰੀ ਭਗਵਤੀ ਜੀ ਸਹਾਇ ॥

ਭਗਵਤੀ = ਭਗਉਤੀ = ਤਲਵਾਰ ਦਾ ਨਾਮ ਹੈ, ਯਥਾ: 'ਲਈ ਭਗਉਤੀ ਦੁਰਗਸਾਹ।'

(ਅ) ਵਾਹਿਗੁਰੂ ਜੀ ਦਾ ਤੇਜ। ਯਥਾ: ਪ੍ਰਿਥਮ ਕਾਲ ਸਭ ਜਗ ਕੋ ਤਾਤਾ ॥ ਤਾਂ ਤੇ ਭਯੋ ਤੇਜ ਬਿਖਯਾਤਾ ॥ ਸੋਈ ਭਵਾਨੀ ਨਾਮ ਕਹਾਈ।'

(ੲ) ਵਾਹਿਗੁਰੂ ਵਿੱਚ ਲਿੰਗ ਭੇਦ ਨਹੀਂ, ਇਸ ਕਰਕੇ ਭਗਵਤ, ਭਗਵਤੀ ਉਸੇ ਦੇ ਨਾਮ ਹਨ।

ਅਰਥ:

ਸ੍ਰੀ ਸਾਹਿਬ ਜੀ ਸਹਾਇ।

ਸੂਚਨਾ:

ਸ਼ਾਰਦਾ ਦਾ ਮੰਗਲ ਅਗੇ ਅੰਕ ੨ ਵਿੱਚ ਕਰਦੇ ਹਨ ਇਸ ਕਰਕੇ ਏਥੇ ਮੁਰਾਦ ਤਲਵਾਰ ਤੋਂ ਹੀ ਜਾਪਦੀ ਹੈ।

ਅਥ ਰੁਤ ਪ੍ਰਥਮ ਸ੍ਰੀ ਕਲ਼ਗੀਧਰ ਪ੍ਰਬੰਧ ਕਥਨੰ।

{ਪ੍ਰਬੰਧ = ਸਾਹਿਤਕ ਰਚਨਾ, ਖਾਸਕਰ ਕਾਵ੍ਯ ਰਚਨਾ। ਕਾਵ੍ਯ ਨਿਬੰਧ। }

ਅਰਥ:

ਹੁਣ ਸ੍ਰੀ (ਸਤਿਗੁਰੂ ਸਾਹਿਬ ਗੁਰੂ ਗੋਵਿੰਦ ਸਿੰਘ ਜੀ) ਕਲਗੀਧਰ (ਮਹਾਰਾਜ ਦੇ ਇਤਿਹਾਸ ਦਾ) ਕਾਵ੍ਯ ਨਿਬੰਧ ਪ੍ਰਥਮ ਰੁਤ ਵਿਚ ਕਥਨ ਕਰਦਾ ਹਾਂ।

੧. [ਇਸ਼੍ਟ ਦੇਵ-ਸ੍ਰੀ ਅਕਾਲ ਪੁਰਖ-ਮੰਗਲ]

<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨

ਦੋਹਰਾ:

ਤੀਨੋ ਕਾਲ ਅਲਿਪਤ ਰਹਿ, ਖੋਜੈਂ ਜਾਂਹਿ ਪ੍ਰਬੀਨ।

ਅਲਿਪਤ = ਅਸੰਗ। ਜੋ ਲਿਪਾਯਮਾਨ ਨਾ ਹੋਵੇ, ਨਿਰਲੇਪ। ਪ੍ਰਬੀਨ = ਚਤੁਰ ਪੁਰਸ਼, ਲਾਇਕ।

ਬੀਨਤਿ ਸਚਿਦਾਨੰਦ ਤ੍ਰੈ, ਜਾਨਹਿਂ ਮਰਮ ਰਤੀ ਨ ॥੧॥

ਬੀਨਤਿ = ਵਿੱਤ੍ਰੇਕ ਕਰਦੇ ਹਨ। ਇਹ ਨਹੀਂ, ਇਹ ਹੈ, ਇਉਂ ਵਿਚਾਰ ਦੁਆਰਾ ਉਸਦੇ ਸਰੂਪ ਲੱਛਣਾਂ ਨੂੰ ਛਾਂਟ ਲੈਂਦੇ ਹਨ, ਭਾਵ ਜਾਣ ਲੈਂਦੇ ਹਨ। ਮਰਮ = ਭੇਤ।

ਅਰਥ:

ਜਿਸ ਨੂੰ ਪ੍ਰਬੀਨ ਲੋਕ ਖੋਜਦੇ ਹਨ (ਪਰ ਓਹ) ਤਿੰਨਾਂ ਕਾਲਾਂ ਵਿਚ ਅਲਿਪਤ ਰਹਿੰਦਾ ਹੈ, (ਹਾਂ ਪ੍ਰਬੀਨ ਉਸ ਨੂੰ) ਸਤ ਚਿਤ ਆਨੰਦ ਤ੍ਰੈ ਪਦਾਂ ਦਾ ਲਕਸ਼ (ਤਾਂ) ਵਿੱਤ੍ਰੇਕ ਕਰ ਲੈਂਦੇ ਹਨ, (ਪਰ ਉਸ ਦਾ) ਭੇਦ ਰਤੀ ਭਰ ਨਹੀਂ ਜਾਣਦੇ।

ਭਾਵ:

ਪ੍ਰਬੀਨਾਂ ਦੀ ਖੋਜ ਮਨ ਬੁੱਧੀ ਨਾਲ ਹੁੰਦੀ ਹੈ ਵਾਹਿਗੁਰੂ ਮਨ ਬੁੱਧੀ ਤੋਂ ਪਰੈ ਹੈ, ਵਿਕਾਰ ਤੋਂ ਅਲੇਪ ਹੈ ਇਸ ਕਰਕੇ ਓਹ ਐਸੇ ਸਰੂਪ ਵਾਲਾ ਨਹੀਂ ਜੋ ਮਨ ਬੁੱਧੀ ਦਾ ਵਿਸ਼ਾ ਹੋ ਸਕੇ, ਸੋ ਪ੍ਰਬੀਨਾਂ ਦੀ ਖੋਜ ਉਸ ਨੂੰ ਪਾ ਨਹੀਂ ਸਕਦੀ। ਹਾਂ, ਪ੍ਰਬੀਨਾਂ ਨੇ ਐਉਂ ਬੀਨ ਬੀਨ ਕੇ ਕਿ ਓਹ ਆਹ ਬੀ ਨਹੀਂ ਆਹ ਬੀ ਨਹੀਂ, ਕਰਦਿਆਂ ਇਥੇ ਆ ਗਏ ਹਨ ਕਿ ਉਹ 'ਸਤਿ ਚਿਤ ਆਨੰਦ' ਪਦਾਂ ਦਾ ਲਕਸ਼੍ ਹੈ, ਕਿਉਂਕਿ ਇਹ ਸਰੂਪ ਜੋ ਜਾਣਦਾ ਹੈ ਸੋ ਦੇਸ਼ ਕਾਲ ਤੋਂ ਪਰੇ, ਇੱਛਾ, ਵਿਕਾਰ, ਲਿਪਾਇਮਾਨਤਾ ਤੋਂ ਖਾਲੀ ਸ਼ੁੱਧ ਸਰੂਪ

ਉਸ ਦਾ ਸਹੀ ਹੁੰਦਾ ਹੈ। ਇਉਂ ਸਹੀ ਤਾਂ ਕਰ ਲਿਆ ਪਰ ਉਸ ਦੇ ਭੇਤ ਦਾ ਪਤਾ ਨਾ ਲੱਗਾ, ਕਿਉਂਕਿ ਭੇਤ ਲੈਣ ਵਾਲੀ ਮਨ ਬੁੱਧੀ ਤਾਂ ਓਥੇ ਅੱਪੜਦੀ ਨਹੀਂ। ਮਨ ਬੁੱਧੀ ਦੇਸ਼ ਕਾਲ ਵਿਚ ਹਨ ਤੇ ਓਹ ਅਦੇਸ਼ ਅਕਾਲ ਹੈ।

ਤਾਰ ਤਮਹਿ ਰਮ ਇਕ ਸਮਹਿ, ਪਾਰਬ੍ਰਹਮ ਬਿਸਤਾਰ।

ਤਾਰ ਤਮਹਿ = ਛੋਟੇ ਵੱਡਿਆਂ ਵਿੱਚ। ਇਕ ਸਮਹਿ = ਇਕੋ ਜੇਹਾ। ਬਿਸਤਾਰ = ਵਿਸਤਾਰ, ਫੈਲਾਉ। (ਅ) ਬਿਸ ਤਾਰ = ਵਿੱਸ ਉਤਾਰਕੇ।

ਤਾਰਤਿ ਗੁਰੂ ਜਨਾਇ ਜਿਸ, ਮੋਹ ਬਿਸ਼ਯ ਬਿਸਤਾਰ ॥੨॥

ਅਰਥ:

(ਉਹ) ਪਾਰਬ੍ਰਹਮ (ਜਗਤ ਰੂਪੀ ਵਿਸਥਾਰ =) ਫੈਲਾਉ ਕਰਕੇ ਛੋਟਿਆਂ ਵੱਡਿਆਂ ਵਿਚ ਇਕੋ ਜਿਹਾ ਵਿਆਪ ਰਿਹਾ ਹੈ। ਜਿਸ ਕਿਸੇ ਨੂੰ ਗੁਰੂ ਜੀ (ਇਹ ਪਾਰਬ੍ਰਹਮ) ਜਣਾ ਦਿੰਦੇ ਹਨ ਉਸ ਨੂੰ ਮੋਹ ਤੇ ਵਿਸ਼ਿਆਂ ਦੇ (ਸਮੁੰਦਰ ਵਰਗੇ) ਫੈਲਾਉ ਤੋਂ ਤਾਰ ਦਿੰਦੇ ਹਨ।

ਹੋਰ ਅਰਥ:

੨. ਜਿਸ ਨੂੰ ਗੁਰੂ ਜੀ (ਪਾਰਬ੍ਰਹਮ) ਜਣਾ ਦੇਂਦੇ ਹਨ ਉਸ ਦੇ ਮੋਹ ਤੇ ਵਿਸ਼ਿਆਂ ਦੀ ਵਿੱਸ ਉਤਾਰ ਕੇ (ਉਸ ਨੂੰ) ਪਾਰ ਕਰ ਦੇਂਦੇ ਹਨ।

ਭਾਵ:

ਜੋ ਅਲਿਪਤ ਹੈ, ਜਿਸ ਦਾ ਭੇਦ ਪਤਾ ਨਹੀਂ, ਜੋ ਸਤ ਚਿਤ ਆਨੰਦ ਪਦ ਦਾ ਲੱਖ ਹੈ, ਇੰਨਾ ਅਸੰਗ ਹੋਕੇ ਜੋ ਫੇਰ ਜਗਤ ਵਿਚ ਰਮ ਰਿਹਾ ਹੈ, ਗੁਰੂ ਵਿਚ ਸ਼ਕਤੀ ਹੈ ਕਿ ਜਿਸ ਨੂੰ ਚਾਹੇ ਉਪਰ ਕਿਹਾ ਪਰਮਾਤਮਾ ਜਣਾ ਦੇਵੇ, ਐਸਾ ਪੁਰਖ ਫਿਰ ਵਿਸ਼ਜਾਂ ਤੋਂ ਛੁੱਟਕੇ ਸਦ ਗਤੀ ਨੂੰ ਪਹੁੰਚਦਾ ਹੈ।

੨. 'ਕਵਿ-ਸੰਕੇਤ ਮਿਰ੍ਯਾਦਾ' ਦਾ ਮੰਗਲ।

ਸ੍ਵੈਯਾ:

ਸਾਰਦ ਬਾਰਦ ਕੀ ਬਰਿ ਭਾ ਰਦ,
ਪਾਰਦ ਨਾਰਦ ਰੰਗ ਬਿਸਾਰਦ।
ਸਾਰਦ ਚੰਦ੍ਰ ਮੁਖੀ ਦੁਤਿ ਸੁੰਦਰ,
ਸ਼੍ਰੀ ਗੁਨ ਸੁੰਦਰ ਬੁਧਿ ਉਦਾਰਦ।
ਦਾਰਿਦ ਦੁੰਦ ਬਿਲੰਦ ਨਿਕੰਦ
ਅਨੰਦ ਅਦਾਰਿਦ ਦੀਹ ਬਿਚਾਰਦ।
ਚਾਰੁ ਦਯਾ ਨਿਧਿ ਕੇ ਪਗ ਪੰਕਜ
ਬੰਦਨ ਨਾਮ ਜਪੌਂ ਬਰ ਸ਼ਾਰਦ ॥੩॥

ਸਾਰਦ ਬਾਰਦ = ਸਰਦ ਰੁੱਤ ਦੇ ਬੱਦਲ। ਭਾਰਦ = ਭਾ ਰਦ = ਸ਼ੋਭਾ।
ਮਾਤ (ਕਰਨ ਵਾਲਾ) (ਅ) ਦੰਦਾਂ ਦੀ ਸ਼ੋਭਾ।
ਬਿਸਾਰਦ = ਚਤੁਰ, ਪ੍ਰਸਿੱਧ, ਸ੍ਰੇਸ਼ਟ। ਸਾਰਦ ਚੰਦ੍ਰ ਮੁਖੀ = ਸਰਦ ਰੁਤ
ਦੇ ਚੰਦ੍ਰਮਾ ਵਰਗੇ ਮੁੱਖ ਵਾਲੀ। ਬੁੱਧਿ ਉਦਾਰਦ =
ਉਦਾਰ ਸੁੱਧੀ ਦੀ ਦਾਤੀ [ਉਦਾਰ+ਦ]। ਦਾਰਿਦ = ਦਰਿੱਦ੍ਰ।
ਦੁੰਦ = ਦੁੱਖ। ਅਦਾਰਿਦ = ਦਰਿਦ੍ਰ ਰਹਿਤ ਦਸ਼ਾ। ਸੰਪਦਾ ਵਾਲੀ ਹਾਲਤ,
ਖੁਸ਼ਹਾਲੀ। [ਅ+ਦਾਰਿਦ]। ਦੀਹਿ ਬਿਚਾਰਦ = ਡੂੰਘੀ
ਵਿਚਾਰ ਦੀ ਦਾਤੀ। [ਬਿਚਾਰ+ਦ]। ਸਾਰਦ = ਸਰਸ੍ਵਤੀ।

ਅਰਥ:

ਸਰਦ ਰੁੱਤ ਦੇ ਬੱਦਲ। † ਦੀ ਸ਼ੋਭਾ ਨੂੰ ਮਾਤ ਕਰਨ ਵਾਲਾ, ਪਾਰੇ ਤੇ ਨਾਰਦ (ਵਰਗਾ) ਪ੍ਰਸਿੱਧ (ਉੱਜਲ) ਹੈ ਰੰਗ ਜਿਸਦਾ (ਤੇ) ਸਰਦ ਰੁੱਤ ਦੇ ਚੰਦ੍ਰਮਾਂ (ਵਰਗੀ) ਜਿਸ ਦੇ ਸੁੰਦਰ ਮੁਖ ਦੀ ਸ਼ੋਭਾ ਹੈ, ਜੋ ਸ੍ਰੇਸ਼ਟ ਤੇ ਸੁੰਦਰ ਗੁਣਾਂ ਵਾਲੀ ਉਦਾਰ ਬੁੱਧੀ ਦੀ ਦਾਤੀ ਹੈ, (ਜੋ) ਵੱਡੇ (ਵੱਡੇ) ਦਲਿੱਦ੍ਰਾਂ ਤੇ ਦੁਖਾਂ ਦਾ ਨਾਸ਼ ਕਰਕੇ ਅਨੰਦ ਖੁਸ਼ਹਾਲੀ ਤੇ ਡੂੰਘੀ ਵਿਚਾਰ ਦੀ ਦਾਤੀ ਹੈ। (ਐਸੀ) ਦਯਾ ਦੀ ਸਮੁੰਦਰ (ਸ਼ਾਰਦਾ) ਦੇ ਸੁਹਣੇ ਚਰਨ ਕਵਲਾਂ ਤੇ ਨਮਸਕਾਰ ਕਰਕੇ (ਉਸਦਾ) ਸ੍ਰੇਸ਼ਟ ਨਾਮ 'ਸਾਰਦਾ' ਉਚਾਰਦਾ ਹਾਂ। (ਭਾਵ, ਹੇ ਸਾਰਦਾ ਮੈਨੂੰ ਭੀ ਅਨੰਦ, ਖੁਸ਼ਹਾਲੀ ਤੇ ਡੂੰਘੀ ਵਿਚਾਰ ਦਿਓ)।

। †ਸਰਦ ਰੁਤ ਦਾ ਬੱਦਲ ਅਕਸਰ ਚਿੱਟਾ ਹੁੰਦਾ ਹੈ।

੩. ਇਸ਼੍ਰ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

ਚਿੱਤ੍ਰਪਦਾ ਛੰਦ:

ਮਾਰ ਮਨਿੰਦ ਬਿਕਾਰਨਿ ਬ੍ਰਿੰਦ, ਬਿਲੰਦ ਖਗਿੰਦ ਬਲੀ ਸਮ ਮਾਰਿ।
ਮਾਰ, ਹੰਕਾਰਹਿੰ, ਕ੍ਰੋਧਹਿੰ, ਲੋਭਹਿੰ, ਮੋਹ ਸ ਮੂਲਹਿੰ ਦੇਤਿ ਉਪਾਰਿ।
ਪਾਰ ਕਰੇ ਨਿਜ ਸੇਵਕ ਕੇ ਗਨ, ਦੇ ਧਨ ਕੋ ਸਤਿਨਾਮ, ਉਦਾਰ।
ਦਾਰੁਨ ਦੂਤ ਤਜੈਂ ਸੁਨਿ ਨਾਮ, ਨਮੋ ਗੁਰ ਨਾਨਕ ਕਾਲੁ ਕੁਮਾਰ ॥੪॥

ਮਾਰ ਮਨਿੰਦ = ਸਰਪਾਂ ਵਰਗੇ। ਸਰਪਾਂ ਰੂਪੀ। ਖਗਿੰਦ = ਗਰੁੜ।
ਮਾਰਿ = ਮਾਰ ਦਿੰਦੇ ਹਨ। ਮਾਰ = ਕਾਮ। ਸਮੂਲਹਿੰ ਮੁੱਢੋਂ ਹੀ।
ਦੇਤਿ ਉਪਾਰਿ = ਉਖਾੜ ਦਿੰਦੇ ਹਨ। ਪੁੱਟਦੇ ਹਨ।
ਕਾਲੁ ਕੁਮਾਰ = ਕਾਲੂ+ਕੁਮਾਰ = (ਬਾਬਾ) ਕਾਲੂ ਜੀ ਦੇ ਸਪੁੱਤ੍ਰ। (ਅ) ਕਾਲ+ ਕੁ+ਮਾਰ = ਕਾਲ ਨੂੰ ਮਾਰ ਦੇਣ ਵਾਲੇ।

ਅਰਥ:

(ਜੋ) ਸਾਰੇ ਵਿਕਾਰਾਂ ਰੂਪੀ ਸਰਪਾਂ ਨੂੰ ਵੱਡੇ ਬਲੀ ਗਰੁੜ ਵਤ ਮਾਰ ਦਿੰਦੇ ਹਨ ਤੇ ਕਾਮ ਨੂੰ, ਹੰਕਾਰ ਨੂੰ, ਕ੍ਰੋਧ ਨੂੰ, ਲੋਭ ਨੂੰ, ਮੋਹ ਨੂੰ ਜੜ੍ਹਾਂ ਤੋਂ ਹੀ ਪੁੱਟ ਸੁਟਦੇ ਹਨ। (ਅਤੇ ਜੋ ਐਸੇ) ਉਦਾਰ ਹਨ ਕਿ (ਉਨ੍ਹਾਂ ਨੇ) ਆਪਣੇ ਸੇਵਕਾਂ ਦੇ ਪੁੰਜ ਹੀ ਸਤਿਨਾਮ (ਰੂਪੀ) ਧਨ ਦੇਕੇ (ਭੈਸਾਗਰ ਤੋਂ) ਪਾਰ ਕਰ ਦਿੱਤੇ। (ਤੇ) ਜਿਨ੍ਹਾਂ ਦਾ ਨਾਮ ਸੁਣਕੇ ਭਜਾਨਕ (ਜਮ ਦੇ) ਦੂਤ ਛੱਡ ਜਾਂਦੇ ਹਨ (ਐਸੇ ਸ੍ਰੀ) ਗੁਰੂ ਨਾਨਕ ਦੇਵ ਜੀ ਕਾਲੂ ਕੁਮਾਰ ਨੂੰ ਮੇਰੀ ਨਮਸਕਾਰ ਹੈ।

੪. ਇਸ਼੍ਰ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਸ੍ਵੈਯਾ:

ਜਰ ਜਾਇ ਨਹੀ ਕਿਸ ਤੇ ਅਜਰੀ, ਅਸ ਪਾਇ ਗਏ ਸਗਰੀ ਉਰ ਮੈਂ ਜਰ।
ਜਰਬੇ ਜਿਨ ਕੀ ਅਵਿਲੋਕ ਜਰਾਇਕ, ਦੂਰ ਕਰੀ ਗਨ ਦੋਖਨਿ ਕੀ ਜਰ।
ਜਰਤੇ ਬਿਸ਼ਯਾਗਨਿ ਮੈਂ ਜਨ ਜੇ, ਸ਼ਰਨਾਗਤ ਹੀ ਜਲ ਨਾਮ ਰਿਦੈ ਜਰ।
ਜ਼ਰ ਗਜਾਨ ਦਯੋ ਹਰਿ ਦਾਰਿਦ ਮੋਹ, ਨਮੋ ਗੁਰ ਅੰਗਦ ਹ੍ਵੈਂ ਨਿਤ ਹਾਜ਼ਰ ॥੫॥

ਜਰਜਾਇ ਨਹੀਂ = ਜੋ ਜਰੀ ਨਾ ਜਾਏ। ਅਜਰੀ = ਨਾ ਜਰੀ ਜਾ ਸਕਣ ਵਾਲੀ।
ਗਏ... ਜਰ = ਸਹਾਰ ਗਏ।
ਜਰਬੇ = ਜ਼ਰਬ, ਠੁਹਕਰ। 'ਨਜ਼ਰ ਦੀ ਠੁਹਕਰ' ਕਹਿਕੇ ਕਵਿ ਜੀ ਨੇ ਕਮਾਲ ਦੀ ਨਜ਼ਾਕਤ ਦਿਖਾਈ ਹੈ।
(ਅ) ਸਹਾਰਨ ਸ਼ਕਤੀ।

ਜਰਾਇਕ = ਜ਼ਰਾ ਕੁ। ਥੋੜੀ ਜਿਹੀ। ਜਰ = ਜੜ। ਜਰਤੇ = ਸੜਦੇ।
ਬਿਸ਼ਯਾਗਨਿ = ਵਿਸ਼ਯ ਰੂਪੀ ਅਗਨੀ। ਜਰ = ਜੀਰਨਾ। ਸਿੰਜਰਨਾ,
ਸਿੰਚਨਾ। ਜ਼ਰ = ਧਨ।
ਨਿਤ ਹਾਜ਼ਰ = ਜੋ ਨਿਤ ਹਾਜ਼ਰ ਹੋਣ। (ਅ) ਜੋ ਸਿੱਖਾਂ ਦੇ ਸਮੀਪ ਰਹਿੰਦੇ ਹਨ।
ਅਰਥ:
ਐਸੀ ਅਜਰ (ਵਸਤੂ) ਨੂੰ ਜੋ ਕਿਸੇ ਤੋਂ ਜਰੀ ਨਾ ਜਾਵੇ, ਪ੍ਰਾਪਤ ਕਰਕੇ, ਸਾਰੀ ਰਿਦੇ ਵਿੱਚ ਜਰ ਗਏ, ਜਿਨ੍ਹਾਂ ਦੀ ਜ਼ਰਾ ਜਿੰਨੀ ਤੱਕਣੀ ਦੀ ਠੁਹਕਰ ਨੇ (ਰੋਗੀਆਂ ਦੇ) ਸਭਿ ਦੋਖਾਂ ਦੀ ਜੜ੍ਹ ਹੀ ਦੂਰ ਕਰ ਦਿੱਤੀ, (ਤੇ) ਜੇਹੜੇ ਦਾਸ ਵਿਸ਼ਿਆਂ ਰੂਪੀ ਅਗਨਿ ਵਿਚ ਸੜਦੇ ਸਨ, ਸ਼ਰਨੀ ਆਉਂਦਿਆਂ ਹੀ ਨਾਮ ਰੂਪੀ ਜਲ (ਉਨ੍ਹਾਂ ਦੇ ਸੜਦੇ) ਰਿਦਿਆਂ ਵਿਚ ਸਿੰਚਿਆ (ਤੇ ਉਨ੍ਹਾਂ ਦਾ) ਮੋਹ (ਰੂਪੀ) ਦਰਿੱਦ੍ਰ ਗਜਾਨ (ਰੂਪੀ) ਧਨ ਦੇ ਕੇ ਨਾਸ਼ ਕੀਤਾ (ਐਸੇ ਸ਼੍ਰੀ) ਗੁਰ ਅੰਗਦ ਦੇਵ ਜੀ ਨੂੰ ਨਮਸਕਾਰ (ਕਰਕੇ ਮੈਂ ਬਿਨਯ ਕਰਦਾ ਹਾਂ ਕਿ ਓਹ ਮੇਰੇ) ਸਦਾ ਹਾਜ਼ਰ ਹੋਣ, (ਭਾਵ ਮੈਂ ਸਦਾ ਉਨ੍ਹਾਂ ਦੀ ਹਜ਼ੂਰੀ ਨੂੰ ਅਨੁਭਵ ਕਰਾਂ)।
ਹੋਰ ਅਰਥ:
(੨. ਸਤਰ) ਜਿਨ੍ਹਾਂ ਵਿਚ ਜ਼ਰਾ ਕੁ ਬੀ ਸਹਾਰਨ ਸ਼ਕਤੀ ਆਪ ਨੇ ਦੇਖ ਲਈ (ਉਨ੍ਹਾਂ ਦੇ) ਸਾਰੇ ਦੋਖਾਂ ਦੀ ਜੜ੍ਹ ਹੀ ਦੂਰ ਕਰ ਦਿੱਤੀ।
ਭਾਵ:
ਦੂਸਰੀ ਤੁਕ ਵਿੱਚ ਇਸ਼ਾਰਾ ਹੈ ਕਿ ਗੁਰੂ ਅੰਗਦ ਦੇਵ ਜੀ ਦੀ ਉਸ ਸ਼ਕਤੀ ਵਲ ਕਿ ਅੰਮ੍ਰਿਤ ਵੇਲੇ ਸਮਾਧੀ ਤੋਂ ਉੱਠ ਕੇ ਉਨ੍ਹਾਂ ਦੀ ਨਜ਼ਰ ਜਿਸ ਰੋਗੀ ਪਰ ਪੈਂਦੀ ਸੀ ਸੋ ਰਾਜ਼ੀ ਹੋ ਜਾਂਦਾ ਸੀ। ਰੋਗਾਂ ਦਾ ਮੂਲ ਦੋਖ (= ਪਾਪ) ਹਨ ਸੋ ਆਪ ਉਨ੍ਹਾਂ ਦੇ ਪਾਪ ਬਖਸ਼ ਦੇਂਦੇ ਸਨ, ਇਹ ਸਰੀਰਕ ਰੋਗ ਵੱਲ ਕੀਤੇ ਤੇ ਅਗਲੀ ਤੁਕ ਵਿਚ ਮਾਨਸਿਕ ਰੋਗਾਂ ਦੇ ਰਾਜ਼ੀ ਕਰਨ ਦਾ ਜ਼ਿਕਰ ਹੈ।

੫. ਇਸ਼੍ਟ ਗੁਰੂ-ਸ੍ਰੀ ਗੁਰੂ ਅਮਰਦਾਸ ਜੀ-ਮੰਗਲ।

ਚਿੱਤ੍ਰਪਦਾ ਛੰਦ:

ਡਾਰਤਿ ਜੇ ਬਿਘਨਾਂ ਗਨ ਕੋ, ਤਿਨ ਕੋ ਤਤਕਾਲਹਿ ਦੇਤਿ ਬਿਡਾਰਿ।
ਡਾਰ ਦੁਬਿੰਸਤਿ ਭੇ ਜਗ ਮੈਂ, ਸਭਿ ਕੇ ਗੁਰ ਮੂਲ ਕਿਯੋ ਵਿਸਤਾਰ।
ਤਾਰਨ ਕੋ ਜਨ ਕੇ ਗਨ ਕੋ, ਸਤਿਨਾਮ ਦਿਯੋ ਸੁ ਕਰੈ ਭਵ ਪਾਰ।
ਪਾਰਤਿ ਸਿੱਖਜਨਿ ਭੱਲਜਨਿ ਭੂਖਨ, ਪੂਖਨ ਜਯੋਂ ਤਮ ਦੂਖਨ ਡਾਰਿ ॥੬॥

ਡਾਰਿਤ = ਪਾਉਣੇ ਵਾਲੇ। (ਅ) ਖਿਲਾਰਨ ਵਾਲੇ।
ਬਿਘਨਾਂ ਗਨ = ਸਮੂਹ ਵਿਘਨ ਕਾਮ ਕ੍ਰੋਧ ਆਦਿ। (ਅ) ਵਿਘਨਾਂ ਰੂਪੀ ਅਗਨੀ। ਬਿਡਾਰ = ਨਾਸ਼।
ਡਾਰ = ਡਾਲ, ਟਾਹਣੇ, ਸ਼ਾਖਾਂ।
ਦੁਬਿੰਸਤਿ = ਬਾਈ ੨੨। ਭਾਵ ੨੨ ਮੰਜੀਆਂ ਤੋਂ ਹੈ। ਭੇ = ਹੋਏ।
ਮੂਲ = ਮੁੱਢ। ਕਿਯੋ ਵਿਸਤਾਰ = ਫੈਲਾਏ। ਪੂਖਨ ਜਯੋਂ = ਸੂਰਜ ਵਤ।
ਤਮ ਦੂਖਨ ਡਾਰਿ = ਦੂਖਨਾ ਰੂਪੀ ਅੰਧੇਰੇ ਨੂੰ ਨਾਸ਼ ਕਰਦੇ ਹਨ।
ਅਰਥ:
੨. (ਜੋ) ਗੁਰੂ (ਜੀ) ਸਾਰੀ (ਸਿੱਖੀ ਦਾ ਆਪ) ਮੂਲ ਹੋਏ (ਅਤੇ) ਬਾਈ ਟਾਹਣੇ (ਆਪ ਤੋਂ) ਜਗਤ ਵਿਚ ਫੈਲਾਏ, ੩. (ਤੇ) ਜਨਾਂ ਦੇ ਸਮੂਹਾਂ ਨੂੰ ਤਾਰਨ ਲਈ ਸਤਿਨਾਮ (ਰੂਪੀ ਜਹਾਜ਼) ਦਿੱਤਾ (ਤਾਂ ਜੋ ਉਹ) ਸੰਸਾਰ (ਸਾਗਰ) ਤੋਂ (ਉਨ੍ਹਾਂ ਨੂੰ) ਪਾਰ ਕਰੇ। ੪. (ਉਹ ਆਪ) ਸਿੱਖਾਂ ਨੂੰ ਪਾਲਦੇ ਹਨ, ਸੂਰਜ ਸਮ ਦੋਸ਼ਾਂ ਰੂਪੀ ਅੰਧੇਰੇ ਨੂੰ ਨਾਸ਼ ਕਰਦੇ ਹਨ ਤੇ ਭੱਲਿਆਂ ਦੀ ਕੁਲ ਦੇ ਭੂਸ਼ਨ ਹਨ (ਐਸੇ ਸ਼੍ਰੀ ਗੁਰੂ

ਅਮਰ ਦਾਸ ਜੀ ਨੂੰ ਮੇਰੀ ਨਮਸਕਾਰ ਹੋਵੇ) (ਕਿਉਂਕਿ) ੧. (ਆਪ) ਉਨ੍ਹਾਂ ਨੂੰ ਜੋ ਬਹੁਤੇ ਵਿਘਨਾਂ ਨੂੰ ਪਾਉਂਦੇ ਹਨ ਤਤਕਾਲ ਨਾਸ਼ ਕਰ ਦੇਂਦੇ ਹਨ।

ਭਾਵ:

ਕਵਿ ਜੀ ਆਪਣੇ ਕਾਰਜ ਵਿਚ ਵਿਘਨ ਪਾਉਣ ਵਾਲੇ ਦੋਖੀਆਂ ਤੋਂ ਬਚਾਉ ਲਈ ਅਰਦਾਸ ਕਰ ਰਹੇ ਹਨ, ਜਿਨ੍ਹਾਂ ਦਾ ਜ਼ਿਕਰ ਬਾਰ੍ਹਵੀਂ ਰਾਸਿ ਦੇ ਅਖੀਰ ਤੇ ਪੰਨਾ ੪੪੯੪-੯੫ ਪਰ ਕਰ ਆਏ ਹਨ। ਵਿਸ਼ੇਸ਼ ਲਈ ਦੇਖੋ ਪ੍ਰਸਤਾਵਨਾ।

੨. ਐਉਂ ਭੀ ਭਾਵ ਕੱਢਣ ਦਾ ਜਤਨ ਹੁੰਦਾ ਹੈ:-ਸਤਿਗੁਰੂ ਜੀ ਨੂੰ ਵਿਘਨ ਪਾਉਣ ਹਾਰੇ ਕਰਮਾਂ ਦਾ ਵਿਨਾਸ਼ ਕਰਤਾ ਕਹਿਕੇ ਸੰਭਾਵਨਾ ਦੱਸ ਰਹੇ ਹਨ ਕਿ ਮੇਰੇ ਕਰਮਾਂ ਨੂੰ ਨਾਸ਼ ਕਰੋ ਜੋ ਮੇਰਾ ਕਾਰਜ ਸਿਰੇ ਚੜ੍ਹ ਜਾਵੇ।

੬. ਇਸ਼੍ਰ ਗੁਰੂ-ਸ੍ਰੀ ਗੁਰੂ ਰਾਮ ਦਾਸ ਜੀ-ਮੰਗਲ।

ਦੋਹਰਾ:

ਰਾਮ ਹਤੇ ਨ੍ਰਿਪ ਕੁਟਿਲ ਜਯੋਂ, ਮਾਰਯੋ ਰਾਵਨ ਰਾਮ।
ਰਾਮ ਜਥਾ ਮਗਪਾਲ ਪਰ, ਸਿਖ ਤਮ ਪਰ ਗੁਰ ਰਾਮ ॥੭॥

ਰਾਮ = ਪਰਸਰਾਮ। ਰਾਮ = ਸ਼੍ਰੀ ਰਾਮ ਚੰਦ ਜੀ।
ਰਾਮ = ਬਲਭੱਦ੍ਰ। ਮਗਪਾਲ = ਮਗਧ ਦੇਸ਼ ਦਾ ਰਾਜਾ-ਜਰਾਸੰਧ।
ਗੁਰਰਾਮ = (ਸਾਹਿਬ ਸ਼੍ਰੀ) ਗੁਰੂ ਰਾਮ ਦਾਸ ਜੀ।

ਅਰਥ:

ਜਿਵੇਂ ਪਰਸਰਾਮ ਨੇ ਖੋਟੇ ਰਾਜੇ ਮਾਰੇ, (ਜਿਵੇਂ) ਰਾਮਚੰਦ੍ਰ ਜੀ ਨੇ ਰਾਵਣ ਨੂੰ ਮਾਰਿਆ (ਤੇ) ਜਿਵੇਂ ਜਰਾਸੰਧ ਉੱਤੇ ਬਲਭੱਦ੍ਰ (ਬਲੀ ਹੋਕੇ ਪਿਆ) ਤਿਵੇਂ ਹੀ ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ (ਅੱਗਯਾਨ ਰੂਪੀ) ਅੰਧੇਰੇ ਉੱਤੇ (ਬਲਵਾਨ) ਹਨ।

੭. ਇਸ਼੍ਰ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ-ਮੰਗਲ

ਸਾਰ ਨਿਕਾਸਯੋ ਬੇਦ ਤੇ, ਜਗਤ ਦਿਖਾਇ ਅਸਾਰ।
ਸਾਰ ਗੁਰੂ ਅਰਜਨ ਲਈ, ਨਿਜ ਜਨ ਕੀ ਸੰਸਾਰ ॥੮॥

ਸਾਰ = ਤੱਤ੍ਵ, ਸਦਾ ਰਹਿਣੇ ਵਾਲਾ ਤੱਤ। ਬੇਦ = ਗਿਆਨ; ਜਾਣਨਾ।
[ਵੇਦ ਦਾ ਧਾਤੂ ਹੈ ਵਿਦ੍ = ਜਾਣਨਾ]। (ਅ) ਦੇਵ ਜੋ ਪੁਸਤਕ ਹਨ।
ਅਸਾਰ = ਨਾਂ ਸਾਰ, ਮਿੱਥਯਾ। ਸਾਰ = ਖ਼ਬਰਗੀਰੀ।

ਅਰਥ:

ਸ੍ਰੀ ਗੁਰੂ ਅਰਜਨ ਦੇਵ ਜੀ ਨੇ (ਆਪਣੇ ਸ਼ਰੀਰ ਤੇ ਅਸਹਿ ਕਸ਼ਟ ਸਹਾਰਕੇ) ਜਗਤ ਨੂੰ ਦਿਖਾ ਦਿੱਤਾ (ਕਿ ਐਉਂ ਸ਼ਰੀਰ) ਅਸਾਰ ਹੈ, (ਅਸਹਿ ਕਸ਼ਟਾਂ ਵਿਚ ਅਡੋਲ ਆਤਮ ਸਮਾਧੀ, ਵਿਚ ਰਹਿਕੇ) ਗਯਾਨ ਦਾ ਸਾਰ ਕੱਢਕੇ (ਦਿਖਾ ਦਿੱਤਾ ਕਿ ਆਤਮਾ ਨੂੰ ਸਾਰ ਅਰ ਸ਼ਰੀਰ ਨੂੰ ਅਸਾਰ ਜਾਣਨਾ ਐਉਂ ਹੁੰਦਾ ਹੈ, ਤੇ ਜਦ ਤੱਕ) ਜਗਤ ਵਿਚ (ਰਹੇ) ਆਪਣੇ ਸੇਵਕਾਂ ਦੀ ਖ਼ਬਰਗੀਰੀ ਕੀਤੀ (ਭਾਵ ਉਨ੍ਹਾਂ ਨੂੰ ਤਾਰਿਆ)।

ਹੋਰ ਅਰਥ:

ਵੇਦਾਂ ਵਿਚੋਂ ਤੱਤ ਕੱਢਿਆ, ਜਗਤ ਮਿੱਥਿਆ ਦਿਖਾਇਆ, ਆਪਣੇ ਜਨਾਂ ਦੀ ਸੰਸਾਰ ਵਿਚ ਖ਼ਬਰਗੀਰੀ ਕੀਤੀ (ਐਸੇ) ਗੁਰੂ ਅਰਜਨ (ਜੀ ਨੂੰ ਨਮਸਕਾਰ ਹੈ)। 'ਵੇਦ ਪਦ ਦੀ ਵਿਚਾਰ ਤੇ ਗੁਰੂ

ਬਾਣੀ ਵੇਦਾਂ ਦਾ ਤਰਜਮਾ ਨਹੀਂ ਹੈ' ਲਈ ਦੇਖੋ ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧਯਾਯ ੧ ਅੰਕ ੯੬ ਦਾ ਭਾਵ ਤੇ ਰਾਸ ੩ ਅੰਸੂ ੪੧ ਅੰਕ ੫੦ ਦੀ ਹੇਠਲੀ ਟੂਕ।

ਉਂਵ ਵੇਦ ਵਿਚ ਜੋ ਕੁਛ ਸਾਰ ਹੈ ਤੇ ਜੋ ਕੁਛ ਗੁਰੂ ਜੀ ਨੂੰ ਈਸ਼੍ਵਰੀਯ ਗਯਾਨ ਪ੍ਰਾਪਤ ਹੋਇਆ ਸੀ ਸੋ ਸਾਰਾ ਸਾਰ ਸੀ, ਇਹ ਦੁਇ ਮਿਲ ਜਾਣਗੇ, ਕਿਉਂਕਿ ਵਾਹਿਗੁਰੂ ਦਾ ਗਯਾਨ ਇਕੋ ਹੈ। ਜਿੱਥੇ ਜਿੱਥੇ ਸਾਰ ਹੈ ਮੇਲ ਖਾਏਗਾ।

੮. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਗੋਵਿੰਦ ਜੀ-ਮੰਗਲ।

ਸੋਰਠਾ:

ਹਰਿ ਅਰਿ ਹਰਿ ਗੋਬਿੰਦ, ਤੁਰਕਨ ਤਰਜੇ ਰਣ ਅਰੇ।
ਮਰੇ ਖਰੇ ਰਿਪੁ ਬ੍ਰਿੰਦ, ਠਰੇ ਨਿਬਰ ਪਾਰੇ ਪਰੇ ॥੯॥

{ਤਰਜੇ = ਤਾੜੇ। ਮਾਰੇ। (ਅ) ਤੁਰਕਨ ਤਰ ਜੇ = ਤੁਰਕ ਜੋ ਬਹੁਤੇ ਸਨ।}

ਅਰਥ:

ਵੈਰੀ ਨਾਸ਼ਕ (ਦੁਸ਼ਟ ਦਮਨ) ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਰਣ (ਵਿੱਚ ਅੱਗੇ) ਅੜੇ ਤੁਰਕ (ਖੂਬ) ਤਾੜੇ, ਤੇ ਪਾਲੇ ਪੈਣ ਨਾਲ ਠਰਕੇ ਨਿਰਬਲ ਹੋ ਹੋ ਬਹੁਤੇ ਵੈਰੀ ਖੜੇ ਖੜੇ ਮਰ ਗਏ।

ਭਾਵ:

ਇਸ ਸੋਰਠੇ ਵਿਚ ਮਾਲਵੇ ਵਿਚ ਜੋ ਜੁੱਧ ਕਾਂਗੜ ਪੁਰ ਦੇ ਲਾਗੇ ਹੋਇਆ ਸੀ ਉਸ ਵੱਲ ਇਸ਼ਾਰਾ ਹੈ। ਵਿੱਚ ਕਟਾਖਯ ਇਹ ਰੱਖਿਆ ਹੈ ਕਿ ਉਸੀ ਤਰ੍ਹਾਂ ਮੇਰੇ ਵਿਘਨਾਂ ਰੂਪੀ ਵੈਰੀ ਯਾ ਵਿਘਨਕਾਰੀ ਗੁਰੂ ਪ੍ਰਤਾਪ ਨਾਲ ਆਪੇ ਠੰਢੇ ਪੈਕੇ ਦੂਰ ਹੋ ਜਾਣ।

੯. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਰਾਇ ਜੀ-ਮੰਗਲ।

ਕਾਨਨ ਹਿਰਦਾ ਦਾਸ, ਮ੍ਰਿਗਨਿ ਬਿਕਾਰਨਿ ਤੇ ਕਲਿਤ।
ਪੰਚਾਨਨ ਸਮ ਬਾਸ, ਸ਼੍ਰੀ ਹਰਿਰਾਇ ਪ੍ਰਣਾਮ ਪਦ ॥੧੦॥

{ਕਲਿਤ = ਵੇਹੜਿਆ ਹੋਇਆ, ਭਰਿਆ ਹੋਇਆ। ਪੰਚਾਨਨ = ਸ਼ੇਰ। }

ਅਰਥ:

ਸਿੱਖਾਂ ਦਾ ਹਿਰਦਾ ਬਨ ਸਮਾਨ ਹੈ ਜੋ ਵਿਕਾਰਾਂ ਰੂਪੀ ਮ੍ਰਿਗਾਂ ਨਾਲ ਭਰਿਆ ਪਿਆ ਹੈ, (ਇਨ੍ਹਾਂ ਦੇ ਦੂਰ ਕਰਨੇ ਲਈ) ਸ਼੍ਰੀ ਹਰਿ ਰਾਇ ਜੀ ਸ਼ੇਰ ਸਮਾਨ (ਇਸ ਬਨ ਵਿਚ) ਆ ਵਸਦੇ ਹਨ, (ਐਸੇ ਸ਼੍ਰੀ ਹਰਿਰਾਇ ਜੀ ਦੇ) ਚਰਨਾਂ ਪਰ ਨਮਸਕਾਰ ਹੈ।

੧੦. ਇਸ਼੍ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਦੋਹਰਾ:

ਤਨ ਮਨ ਕੇ ਦੁਖ ਦੋਖ ਗਨ, ਲਖਿ ਬਨ ਸ਼ੁਸ਼ਕ ਸਮਾਨ।
ਕ੍ਰਿਸ਼ਨ ਬਰਤਮਾ ਨਾਮ ਗੁਰ, ਸ਼੍ਰੀ ਹਰਿ ਕ੍ਰਿਸ਼ਨ ਬਖਾਨ ॥੧੧॥

{ਕ੍ਰਿਸ਼ਨ ਬਰਤਮਾ = ਅਗਨੀ। ਦੇਖੋ ਰਾ: ੧ ਅੰਸੂ ੧ ਅੰਕ ੧੫ ਦੇ ਪਦ ਅਰਥ। }

ਅਰਥ:

(ਹੇ ਮਨ ਏਹ ਜਿਹੜੇ) ਤਨ ਮਨ ਦੇ ਦੁਖ ਤੇ ਸਾਰੇ ਦੋਖ ਹਨ (ਇਹ) ਸੁੱਕੇ ਬਨ ਵਤ ਜਾਣਕੇ ਅਗਨੀ ਰੂਪ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਨਾਮ ਕਹੁ (ਭਾਵ ਜਪ ਤਾਕਿ ਇਹ ਤੇਰੇ ਦੁਖ ਦੋਖ ਸੜ ਜਾਣ)।
†।

। †ਗੁਰੂ ਨਾਮ ਰੂਪੀ ਅਗਨੀ ਦੁਖਾਂ ਤੇ ਦੋਖਾਂ ਨੂੰ ਸਾੜਦੀ ਹੈ, ਪਰ ਵਿਸ਼ਯ ਰੂਪ ਅਗਨੀ ਮਨ ਨੂੰ ਸਾੜਦੀ ਹੈ, ਏਹ ਫਰਕ ਦਿਖਾਇਆ ਹੈ ਤੇ ਕ੍ਰਿਸ਼ਨਬਰਤਮਾਂ ਤੋਂ ਹਰਿਕ੍ਰਿਸ਼ਨ ਪਦ ਵਿਚ ਅਗਨੀ ਦੀ ਸੰਭਾਵਨਾ ਦਾ ਕਟਾਖਯ ਰਖਿਆ ਹੈ।

੧੧. ਇਸ਼੍ਰ ਗੁਰੂ-ਸ਼੍ਰੀ ਗੁਰ ਤੇਗ ਬਹਾਦਰ ਜੀ-ਮੰਗਲ।

ਬਿਸ਼ਯਾਗਨਿ ਤੇ ਸੁਸ਼ਕ ਹ੍ਵੈ, ਮਨ ਤਰੁ ਕੋ ਲਗਿ ਆਂਚ।
ਤੇਗ ਬਹਾਦੁਰ ਗੁਰ ਕ੍ਰਿਪਾ, ਇਸ ਜਲ ਕੋ ਨਿਤ ਜਾਂਚ ॥੧੨॥

ਅਰਥ:

ਬ੍ਰਿੱਛ ਨੂੰ (ਜਿਵੇਂ) ਆਂਚ ਲੱਗ ਕੇ (ਸੁਕਾ ਦੇਂਦੀ ਹੈ ਤਿਵੇਂ) ਮੇਰਾ ਨਾਮ ਵਿਸ਼ਯ ਅਗਨੀ ਨਾਲ ਸੁੱਕ ਰਿਹਾ ਹੈ, ਗੁਰੂ ਤੇਗ ਬਹਾਦਰ ਜੀ ਦੀ ਕ੍ਰਿਪਾ (ਜਲ ਰੂਪ ਹੈ, ਹੇ ਮਨ ਇਸ ਜਲ ਨੂੰ ਤੂੰ (ਉਨ੍ਹਾਂ ਤੋਂ) ਨਿਤ ਮੰਗ*।

੧੨. ਇਸ਼੍ਰ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ-ਮੰਗਲ।

ਚਹਿਂ ਅਬਾਸ਼ਨਾ ਬਾਸ਼ਨਾ, ਕਰਿ ਨਿਜ ਮਨਹਿਂ ਮਲਿੰਦ।
ਸ਼੍ਰੀ ਗੁਰ ਗੋਬਿੰਦ ਸਿੰਘ ਪਦ, ਲਪਟਹੁ ਲਖਿ ਅਰਬਿੰਦ ॥੧੩॥

ਅਬਾਸ਼ਨਾ = ਵਾਸ਼ਨਾ ਰਹਿਤ ਅਵਸਥਾ। ਮਨ ਦਾ ਖਾਹਸ਼ਾਂ ਤੋਂ ਪਵਿੱਤ੍ਰ ਹੋ ਜਾਣਾ। [ਅ: ਵਾਸ਼ਨਾ]।

ਬਾਸ਼ਨਾ = ਸੁਗੰਧੀ। ਖੁਸ਼ਬੋਈ। (ਅ) ਇੱਛਾ।

ਅਰਥ:

(ਹੇ ਮਨ ! ਤੂੰ) ਵਾਸ਼ਨਾ ਰਹਿਤ ਅਵਸਥਾ ਰੂਪੀ ਖੁਸ਼ਬੋਈ ਨੂੰ ਚਾਹੁੰਦਾ ਹੈਂ ਤਾਂ ਆਪਣੇ ਮਨ ਨੂੰ ਭੌਰਾ ਬਣਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨੂੰ ਕਮਲ ਜਾਣਕੇ ਲਿਪਟ ਜਾਹ (ਭਾਵੇ ਇਹ ਕਿ ਚਰਨਾਂ ਕਮਲਾਂ ਦਾ ਧਜਾਨ ਆਪਣੇ ਵਿਚ ਮਗਨ ਕਰਕੇ ਤੈਨੂੰ ਵਾਸ਼ਨਾ ਰਹਿਤ ਕਰ ਦੇਵੇਗਾ)

੧੩. ਇਸ਼੍ਰ ਗੁਰੂ-ਦਸੋਂ ਗੁਰੂ ਸਾਹਿਬਾਨ ਦਾ-ਮੰਗਲ।

ਏਕ ਜੋਤਿ ਦਸ ਰੂਪ ਗੁਰ, ਜਿਨ ਤੇ ਤਰਜੋ ਜਹਾਨ।
ਸਭਿ ਕੇ ਪਦ ਅਰਬਿੰਦ ਕੋ, ਸਦਾ ਬੰਦਨਾ ਠਾਨਿ ॥੧੪॥

ਅਰਥ:

(ਦਸੋ) ਗੁਰੂ (ਸਾਹਿਬਾਨ) ਦਸ ਰੂਪ ਹਨ (ਪਰ) ਜੋਤਿ ਇਕੋ ਹੈ, ਜਿਨ੍ਹਾਂ ਤੋਂ ਸਾਰਾ ਜਹਾਨ ਤਰਿਆ (ਮੁਕਤਿ ਹੋਇਆ ਹੈ) (ਤਿਨ੍ਹਾਂ ਦਸਾਂ ਸਤਿਗੁਰਾਂ) ਦੇ ਚਰਨਾਂ ਕਵਲਾਂ ਨੂੰ (ਮੈਂ) ਸਦਾ ਬੰਦਨਾ ਕਰਦਾ ਹਾਂ।

[ਰਾਸਾਂ ਰੁਤਾਂ ਤੇ ਐਨਾਂ ਦਾ ਵੇਰਦਾ ਦੱਸਦੇ ਹਨ]

ਸੂਰਜ ਗੁਰੂ ਪ੍ਰਤਾਪ ਤੇ, ਬਰਨੀ ਦ੍ਵਾਦਸ਼ ਰਾਸਿ।
ਅਸ਼ਟ ਸਾਚ ਪਤਿਸ਼ਾਹ ਕੇ, ਬਰਨੇ ਬਰ ਗੁਨ ਰਾਸ ॥੧੫॥

ਅਰਥ:

ਗੁਰਾਂ ਦੇ ਪ੍ਰਤਾਪ (ਰੂਪੀ) ਸੂਰਜ ਉੱਤੇ ਬਾਰਾਂ (ਭਾਗ ਰੂਪੀ) ਰਾਸ਼ੀਆਂ ਕਥਨ ਕੀਤੀਆਂ ਹਨ (ਜਿਨ੍ਹਾਂ ਵਿਚ) ਅੱਠ ਸੱਚੇ ਪਾਤਸ਼ਾਹਾਂ (ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਤੇਗ ਬਹਾਦਰ) ਜੀ ਦੇ ਸਾਰੇ ਸ੍ਰੇਸ਼ਟ ਗੁਣਾਂ ਦਾ ਵਰਣਨ ਕੀਤਾ ਹੈ।

ਦਛਣਾਇਨ ਉਤਰਾਇਣੇ, ਅਯਨ ਬਨੈਂਗੇ ਦੋਇ।
ਬਰਤਤਿ ਰੁਤ ਜੇ ਖਸ਼ਟ ਸ਼ੁਭ, ਤਿਨ ਪਰ ਬਰਨਨ ਹੋਇ ॥੧੬॥

ਦਛਣਾਇਨ ਉਤਰਾਇਣੇ = ਪੋਹ ਦੀ ੯ ਤੋਂ ਹਾੜ ਦੀ ੯ ਤਕ ਉਤ੍ਰਾਇਣ ਹੁੰਦਾ ਹੈ ਤੇ ਬਾਕੀ ਦਖਣਾਇਨ ਕਹਾਉਂਦਾ ਹੈ। ਅੰਗ੍ਰੇਜ਼ੀ ਹਿਸਾਬ ਮੂਜਬ ੨੧ ਜੂਨ ਤੇ ੨੨ ਦਸੰਬਰ ਨੂੰ ਸੂਰਜ ਅਯਨ ਦੇ

ਅੰਤ ਤੇ ਅੱਪੜਦਾ ਹੈ। ਅਯਨ ਛੇ ਰਾਸਾਂ ਦਾ ਅਰਧ ਚੱਕ੍ਰ ਹੈ। ੨੩ ਦਸੰਬਰ ਤੋਂ ੨੧ ਜੂਨ ਤੱਕ ਸੂਰਜ ਉੱਤਰ ਵੱਲ ਨੂੰ ਰੁਖ ਕਰਦਾ ਜਾਂਦਾ ਹੈ, ਇਸ ਕਰਕੇ ਸਾਲ ਦੇ ਇਸ ਅੱਧੇ ਪੱਖ ਨੂੰ ਉਤ੍ਰਾਇਣ ਕਹੀਦਾ ਹੈ। ੨੨ ਜੂਨ ਤੋਂ ਸੂਰਜ ਦਾ ਰੁਖ਼ ਦੱਖਣ ਵੱਲ ਹੁੰਦਾ ਜਾਂਦਾ ਹੈ ਤੇ ੨੨ ਦਸੰਬਰ ਨੂੰ ਅੰਤ ਤੇ ਪੁਜਦਾ ਹੈ, ਇਸ ਛਿਮਾਹੀ ਨੂੰ ਦੱਖਣਾਯਨ ਕਹਿੰਦੇ ਹਨ। ਪਰ = ਉਪ੍ਰੰਤ, ਪਿੱਛੋਂ।

ਅਰਥ:

ਦਖਣਾਇਨ ਤੇ ਉਤ੍ਰਾਇਨ (ਰੂਪੀ) ਦੋ (ਹੋਰ ਭਾਗ) ਬਣਨਗੇ, ਜਿਹੜੀਆਂ ਛੇ ਸ਼ੁਭ ਰੁਤਾਂ ਵਰਤਦੀਆਂ ਹਨ (ਅਰਥਾਤ, ਜੋ ਮੈਂ ਹੁਣ ਕਥਨ ਕਰਨ ਲੱਗਾ ਹਾਂ) ਤਿਨ੍ਹਾਂ ਦੇ ਪਿੱਛੋਂ (ਦੋਨੋਂ ਅਯਨ) ਵਰਣਨ ਹੋਣਗੇ। ਭਾਵ, ਹੁਣ ਵਰਣਨ ਹੋ ਰਹੇ ਛੇ ਰੁਤਾਂ ਰੂਪੀ ਛੇ ਭਾਗਾਂ ਦੇ ਉਪਰੰਤ ਮੈਂ ਦੋ ਐਨ ਦਛਣਾਇਨ ਤੇ ਉਤਰਾਇਣ ਵਰਣਨ ਕਰਾਂਗਾ।

ਪ੍ਰਥਮ ਕਰੀ ਕਵਿਤਾ ਰੁਚਿਰ, ਸ਼੍ਰੀ ਨਾਨਕ ਪਰਕਾਸ਼।

ਪੂਰਬਾਰਧ ਉਤਰਾਰ੍ਧ, ਇਮ ਬਰਨੇ ਗੁਨ ਰਾਸ ॥੧੭॥

ਅਰਥ:

ਪਹਿਲੋਂ ਮੈਂ ਸ਼੍ਰੀ ਨਾਨਕ ਪ੍ਰਕਾਸ਼ ਦੀ ਸੁੰਦਰ ਕਵਿਤਾ ਕੀਤੀ ਹੈ, ਪੂਰਬਾਰਧ ਤੇ ਉਤ੍ਰਾਰਧ ਐਉਂ (ਉਸ ਦੇ ਦੋ ਭਾਗ ਰਚਕੇ ਗੁਰੂ ਸਾਹਿਬ ਦੇ) ਸਾਰੇ ਯਸ਼ ਨੂੰ ਕਥਨ ਕੀਤਾ ਹੈ।

ਅਬਿ ਕਲਗ਼ੀਧਰ ਕੀ ਕਥਾ, ਖਸ਼ਟ ਰੁਤਨ ਪਰ ਹੋਇ।

ਗੁਰ ਪ੍ਰਤਾਪ ਸੂਰਜ ਭਯੋ, ਯਾਂ ਤੇ ਸਭਿ ਗਤਿ ਜੋਇ ॥੧੮॥

ਅਰਥ:

ਹੁਣ ਕਲਗੀਧਰ (ਸ਼੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਕਥਾ ਦੇ ਛੇ ਰੁੱਤਾਂ (ਦੀ ਵੰਡ) ਪਰ ਕਥਨ ਹੋਵੇਗੀ (ਇਸ ਤਰ੍ਹਾਂ) ਗੁਰ ਪ੍ਰਤਾਪ (ਦਾ ਇਹ ਗ੍ਰੰਥ) ਸੂਰਜ ਹੋਇਆ, (ਜਿਸ ਵਿਚ ਇਹ ਰਾਸ਼ੀ ਰੁਤਾਂ ਐਨ ਸੂਰਜ ਦੀ) ਚਾਲ ਵਾਂਗੂੰ ਵੇਖੋ।

ਕਥੋਂ ਕਥਾ ਕੋ ਜਥਾਮਤਿ, ਤਥਾ ਸੁਨਹੁ ਸਿਖ ਸੰਤ।

ਹੁਇ ਪ੍ਰਸੰਨ ਵਰ ਦੀਜਐ, ਮਿਲਹਿੰ ਗੁਰੂ ਭਗਵੰਤ† ॥੧੯॥

†ਵਹਿੰ ਪ੍ਰਗਟਿਓ ਪੁਰਖ ਭਗਵੰਤ ਰੂਪ' ਦੇ ਵਾਕ ਮੂਜਬ ਗੁਰੂ ਭਗਵੰਤ ਦਾ ਭਾਵ ਹੈ ਗੁਰੂ ਗੋਬਿੰਦ ਸਿੰਘ ਜੀ। (ਅ) ਗੁਰੂ ਤੇ ਵਾਹਿਗੁਰੂ।

ਅਰਥ:

ਜਿਸ ਤਰ੍ਹਾਂ ਦੀ ਮੇਰੀ ਬੁੱਧੀ ਹੈ ਤਿਵੇਂ ਹੀ (ਮੈਂ) ਕਥਾ ਨੂੰ ਕਹਾਂਗਾ। (ਹੇ) ਸਿੱਖੋ! (ਤੇ) ਸੰਤੋ! (ਤੁਸੀਂ) ਸੁਣੋਂ (ਤੇ) ਪ੍ਰਸੰਨ ਹੋ ਕੇ (ਮੈਨੂੰ) ਵਰ ਦਿਓ ਕਿ ਗੁਰੂ ਭਗਵੰਤ ਮੈਨੂੰ ਮਿਲਣ।

ਜਿਨ† ਕੀ ਕ੍ਰਿਪਾ ਕਟਾਛ ਤੇ, ਹਲਤ ਪਲਤ ਸੁਖ ਪਾਇੰ।

†'ਜਿਨ' ਦਾ ਅਰਥ 'ਜਿਸ', ਇਕ ਬਚਨ ਵਿਚ ਤਾਂ ਕੀਤਾ ਹੈ ਕਿ ਅਗਲੀ ਤੁਕ ਵਿਚ 'ਸੋ' ਪਦ ਇਕ ਬਚਨ ਪਿਆ ਹੈ।

ਸੋ ਕਯੋਂ ਮਨਹੁ ਬਿਸਾਰੀਐ, ਰਾਖਹੁ ਰਿਦੈ ਬਸਾਇ ॥੨੦॥

ਅਰਥ:

ਜਿਸ ਦੀ (ਇਕ) ਮੇਹਰ ਦੀ ਨਿਗਾਹ ਨਾਲ ਲੋਕ ਪ੍ਰਲੋਕ ਵਿਚ ਸੁਖ ਪਾਈਦਾ ਹੈ ਉਸ ਨੂੰ ਕਿਉਂ ਮਨੋਂ ਵਿਸਾਰੀਏ (ਉਸ ਨੂੰ ਤਾਂ ਸਦਾ) ਰਿਦੇ ਵਿਚ ਵਸਾਕੇ ਰੱਖੀਏ (ਤਾਂ ਹੀ ਠੀਕ ਹੈ)।

ਸਤਿਗੁਰ ਸਿੱਖਨਿ ਕੇ ਉਚਿਤ,

ਸਤਿਗੁਰ ਕਥਾ ਬਚਿੱਤ੍ਰ।

ਸੁਨੀਅਹਿ ਮਿੱਤ੍ਰ ਇਕੱਤ੍ਰ ਚਿਤ,
ਸੁਨਹੁ ਸਮਸਤ ਪਵਿੱਤ੍ਰ ॥੨੧॥
ਇਕੱਤ੍ਰ ਚਿੱਤ = ਇਕੱਠੇ ਹੋਕੇ ਤੇ ਚਿੱਤ ਲਾਕੇ। (ਅ) ਚਿੱਤ ਨੂੰ ਇਕੱਠਾ ਕਰਕੇ। ਇਕਾਗ੍ਰ ਚਿੱਤ ਹੋਕੇ।
ਅਰਥ:
ਸਤਿਗੁਰਾਂ ਦੀ ਵਚਿੱਤ੍ਰ ਕਥਾ, ਸਤਿਗੁਰੂ ਦੇ ਸਿੱਖਾਂ ਦੇ ਹੀ (ਸੁਣਨੇ) ਯੋਗ ਹੈ (ਇਸ ਲਈ ਹੇ ਸਤਿਗੁਰੂ ਸਿੱਖੋ, ਮੇਰਿਓ) ਮਿੱਤ੍ਰੋ! ਇਕੱਠੇ ਹੋਕੇ ਚਿਤ ਲਾਕੇ (ਆਓ) ਸੁਣੋਂ ਤੇ ਸਾਰੇ ਹੀ ਪਵਿੱਤ੍ਰ ਬਣ ਜਾਓ।
ਹੋਰ ਅਰਥ:
੨. (ਹੇ ਮੇਰੇ) ਮਿੱਤ੍ਰੋ! ਚਿੱਤ ਨੂੰ ਇਕੱਠਾ ਭਾਵ ਇਕਾਗ੍ਰ ਕਰਕੇ ਸਾਰੇ (ਇਸ) ਪਵਿੱਤ੍ਰ (ਕਥਾ) ਨੂੰ ਸੁਣੋ।

[ਚਰਿੱਤ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ]

ਸ੍ਵੈਯਾ:
ਰਸ ਬੀਰ ਭਰੇ, ਜਨ ਧੀਰ ਕਰੇ,
ਬਹੁ ਪੀਰ ਹਰੇ ਭਵ ਫੰਧਨ ਕੇ।
ਸੁਖ ਮੂਲ ਭਲੇ, ਰਿਪੁ ਸੂਲ ਮਿਲੇ,
ਅਨਕੂਲ ਢਲੇ, ਅਘਕੰਦਨ ਕੇ।
ਸਿਖ ਪਾਠ ਹਿਲੇ, ਦੁਖ ਦੋਖ ਦਲੇ,
ਕਰ ਕਾਜ ਚਲੇ ਸੁ ਅਨੰਦਨ ਕੇ।
ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ
ਤੇਗ ਬਹਾਦੁਰ ਨੰਦਨ ਕੇ ॥੨੨॥
ਅਰਥਾਂ ਲਈ ਦੇਖੋ ਰਾਸ ੧ ਅੰਸੂ ੧ ਅੰਕ ੩੯

[ਸਤਿਗੁਰਾਂ ਦੀ ਕਥਾ ਦਾ ਰੂਪਕ]

ਥਿਤ ਦਾ ਚਿਤ ਕੀ, ਨਿਤ ਦਾ ਬਿਤ ਕੀ,
ਹਿਤ ਦਾ ਨਿਤ ਕੀ, ਸੁਨਿ ਹੰਤ ਜਰੀ।
ਸ਼ਰਧਾ ਗੁਰ ਕੀ, ਸੁਧ ਦਾ ਉਰ ਕੀ,
ਹਰਤਾ ਜੁਰ ਕੀ ਸੁਖ ਪੁੰਜ ਜਰੀ।
ਸਭ ਸਾਰ ਮਥਾ, ਘ੍ਰਿਤ ਆਰ ਜਥਾ,
ਇਹ ਚਾਰੁ ਕਥਾ ਅਜਰਾਨ ਜਰੀ।
ਗੁਨ ਬ੍ਰਿੰਦ ਗੁਬਿੰਦ ਮ੍ਰਿਗਿੰਦ ਮੁਕੰਦ
ਅਨੰਦ ਬਿਲੰਦ ਜਰਾਉ ਜਰੀ ॥੨੩॥

ਘ੍ਰਿਤ ਆਰ ਜਥਾ = ਜਿਵੇਂ ਘਿਉ ਕੱਢ ਲਈਦਾ ਹੈ। [ਫਾ:, ਆਵੁਰਦਨ = ਲਿਆਉਣਾ ਤੋਂ ਆਰ']।

ਅਨੰਦ ਬਿਲੰਦ ਜਰਾਉ ਜਰੀ = (ਮਾਨੋਂ) ਉੱਚੇ ਅਨੰਦ (ਦੇ ਗਹਿਣੇ) ਦੀ ਜੜਤ ਜੜੀ ਹੈ।

ਅਰਥਾਂ ਲਈ ਦੇਖੋ ਰਾਸ ੧ ਅੰਸੂ ੧ ਅੰਕ ੪੦

ਫਰਕ ਏਹ ਹਨ:-ਹਿਤਦਾ ਨਿਤ ਕੀ = ਅਟੱਲ ਭਗਤੀ ਦੀ ਦਾਤੀ ਹੈ।

[ਭੁੱਲ ਚੁੱਕ ਦੀ ਮਾਫੀ]

ਚੌਪਈ:

ਸੁਮਤਿਵੰਤ ਪ੍ਰੇਮੀ ਸਤਿ ਸੰਗਤਿ।
ਜੇ ਸੁਨਿ ਹੈਂ ਗੁਰ ਜਸ ਕਰਿ ਪੰਗਤਿ।
ਸਭਿ ਕੇ ਚਰਨ ਬੰਦਨਾ ਕਰੌਂ।
ਮਤਿ ਥੋਰੀ ਤੇ ਪੁਨ ਪੁਨ ਡਰੌਂ ॥੨੪॥

ਅਰਥ:

ਬੁਧੀਵਾਨ, ਪ੍ਰੇਮੀ (ਸਿੱਖ) ਤੇ ਸਤਿਸੰਗਤਿ ਜਿਹੜੇ ਪੰਗਤਿ ਕਰਕੇ ਗੁਰ ਜਸ ਨੂੰ ਸੁਣਨਗੇ (ਤਿਨ੍ਹਾਂ) ਸਾਰਿਆਂ ਦੇ ਚਰਨਾਂ ਉਪਰ ਨਮਸਕਾਰ ਕਰਦਾ ਹਾਂ (ਤੇ ਬਿਨੈ ਕਰਦਾ ਹਾਂ ਕਿ) ਮੇਰੀ ਮਤੀ ਥੋੜੀ ਹੈ ਇਸ ਲਈ ਮੈਂ ਬਾਰ ਬਾਰ ਡਰਦਾ ਹਾਂ।

ਭੂਲ ਚੂਕ ਹੁਇੰ ਦੂਖਨ ਜਮਾ। {ਜਮਾ = ਇਕੱਠੇ, ਬਹੁਤੇ, (ਮਾਲਵੇ ਦਾ ਮੁਹਾਵਰਾ ਹੈ)}
ਸੁਨਿ ਨਹਿਂ ਤਰਕਹਿਂ, ਕੀਜਹਿ ਛਿਮਾ।
ਇਸ ਹਿਤ ਬਿਨਯ ਕਰੌਂ ਕਰ ਜੋਰਿ।
ਸਭਿ ਸ਼੍ਰੋਤਨਿ ਕੇ ਚਰਨ ਨਿਹੋਰਿ ॥੨੫॥

ਅਰਥ:

(ਕਿ) ਭੁੱਲ ਚੁੱਕ ਤੇ ਦੂਖਨ (ਮੇਰੇ ਕਥਨ ਵਿਚ) ਬਹੁਤ ਹੋਣਗੇ, (ਆਪ) ਸੁਣਕੇ ਤਰਕਣਾ ਨਾ, ਖਿਮਾਂ ਕਰਨੀ, ਇਸ ਲਈ ਮੈਂ ਸਾਰੇ ਸ਼੍ਰੋਤਿਆਂ ਦੇ ਚਰਨਾਂ ਪਰ ਨਮਸਕਾਰ ਕਰਕੇ ਹੱਥ ਜੋੜਕੇ ਬੇਨਤੀ ਕਰਦਾ ਹਾਂ।

[ਨਾਮ ਪ੍ਰੇਮੀ ਗੁਰਸਿੱਖਾਂ ਅੱਗੇ ਅਰਦਾਸ]

ਸ਼੍ਰੀ ਅੰਮ੍ਰਿਤਸਰ ਆਦਿ ਬਸੰਤਿ। ਬਸੰਤਿ = ਵਸਦੇ ਹਨ।
ਗੁਰ ਥਲ ਅਵਚਲ ਨਗਰ ਪ੍ਰਜੰਤ। ਪ੍ਰਜੰਤ = ਤੱਕ [ਸੰਸ:, ਪ੍ਰਯੰਤ]।
ਜਿਤ ਕਿਤ ਸਭਿ ਧਰਨੀ ਪਰ ਬਜਾਪਤਿ। ਬਜਾਪਤਿ = ਵਿਚਰਦੇ ਹਨ। (ਅ) ਫੈਲੇ ਹੋਏ ਹਨ।
ਸਿੱਖਨਿ ਗਨ ਸਿੰਘ ਗੁਰ ਜਹਿਂ ਜਾਪਤਿ ॥੨੬॥
ਅਰਜ਼ ਗੁਜ਼ਾਰੋਂ ਜੋਰਤਿ ਹਾਥਾ।
ਬੰਦੋਂ ਧਰ ਪਰ ਧਰਿ ਧਰਿ ਮਾਥਾ।
ਹੋਇ ਨ੍ਰਿਬਿਘਨ ਕਥਾ ਗੁਰ ਪੂਰੀ।
ਛੰਦ ਬੰਦ ਮਾਧੁਰਤਾ ਰੂਰੀ ॥੨੭॥

ਅਰਥ:

ਸ੍ਰੀ ਅੰਮ੍ਰਿਤਸਰ ਤੋਂ ਆਦਿ (ਲੈਕੇ ਜੇਹੜੇ ਸਿੱਖ ਗੁਰਧਾਮਾਂ ਜਾਂ ਨਗਰੀਆਂ ਵਿਚ) ਵਸਦੇ ਹਨ, ਗੁਰੂ ਅਸਥਾਨ ਅਵਚਲ ਨਗਰ ਤੱਕ ਜਿੱਥੇ ਕਿਤੇ ਬੀ ਸਾਰੀ ਧਰਤੀ ਉਪਰ ਸਿੱਖਾਂ ਤੇ ਸਿੰਘਾਂ ਦੇ ਸਮੂਹ ਵਿਚਰਦੇ ਹਨ (ਤੇ ਜਿਹੜੇ) ਗੁਰੂ ਜੀ ਨੂੰ ਜਪਦੇ ਹਨ (ਤਿਨ੍ਹਾਂ ਸਾਰਿਆਂ ਅੱਗੇ) ਹੱਥ ਜੋੜਕੇ (ਮੈਂ) ਅਰਜ਼ ਕਰਦਾ ਹਾਂ ਧਰਤੀ ਤੇ ਮੱਥਾ ਧਰ ਧਰਕੇ ਨਮਸਕਾਰ ਕਰਦਾ ਹਾਂ (ਕਿ ਗੁਰੂ ਸਾਹਿਬਾਂ ਦੀ) ਕਥਾ ਸੁਹਣੀ ਛੰਦਾ ਬੰਦੀ ਤੇ ਮਿੱਠੀ (ਕਵਿਤਾ) ਵਿਚ ਨਿਰਵਿਘਨ ਸਮਾਪਤ ਹੋਵੇ।

ਗੁਰ ਸਿਖ ਸਿੰਘ ਸਗਲ ਜਗ ਬਜਾਪਤ।
ਕਰਿ ਇਸ਼ਨਾਨ ਗੁਰੂ ਨਿਤ ਜਾਪਤਿ।
ਤਿਨ ਸਭਿਹਿਨਿ ਕੇ ਚਰਨ ਮਨਾਊਂ।
'ਪੂਰਨ ਹੋਇ ਗ੍ਰਿੰਥ' ਵਰ ਪਾਊਂ ॥੨੮॥

ਅਰਥ:

ਗੁਰੂ ਜੀ ਦੇ ਸਿੱਖ ਤੇ ਸਿੰਘ ਸਾਰੇ ਜਗਤ ਵਿਚ (ਜਿੰਨੇ) ਵਿਆਪ ਰਹੇ ਹਨ (ਜੋ) ਇਸ਼ਨਾਨ ਕਰਕੇ ਨਿੱਤ 'ਗੁਰੂ' 'ਗੁਰੂ' ਜਪਦੇ ਹਨ, ਤਿੰਨ੍ਹਾਂ ਸਾਰਿਆਂ ਦੇ ਮੈਂ ਚਰਨ ਮਨਾਉਂਦਾ ਹਾਂ ਤਾਂ ਕਿ ਮੈਂ (ਉਨ੍ਹਾਂ ਤੋਂ ਨ੍ਰਿਵਿਘਨ) ਗ੍ਰੰਥ ਸੰਪੂਰਨ ਹੋਣ ਦਾ ਵਰ ਪਾਵਾਂ।

ਗੁਰੂ ਸਰੂਪ ਖਾਲਸਾ ਸਾਰੋ।
ਹਤੋ ਸ਼ੱਤ੍ਰ ਕਰਿ ਜੰਗ ਅਖਾਰੋ।
ਨਿਸ ਦਿਨ ਸਿਮਰਹਿ ਸਤਿਗੁਰ ਨਾਮੁ।
ਤਿਨ ਸਭਿਹਿਨਿ ਕੇ ਚਰਨ ਪ੍ਰਨਾਮੁ ॥੨੯॥

ਅਰਥ:

ਸਾਰਾ ਖਾਲਸਾ (ਪੰਥ ਜੋ) ਗੁਰੂ ਸਰੂਪ ਹੈ ਤੇ ਸ਼ੱਤ੍ਰੂਆਂ ਨੂੰ ਜੰਗ ਅਖਾੜੇ ਕਰਕੇ ਨਾਸ਼ ਕਰਦਾ ਹੈ ਤੇ ਰਾਤ ਦਿਨ ਸਤਿਗੁਰ ਦੇ ਨਾਮ ਨੂੰ ਸਿਮਰਦਾ ਹੈ (ਤਿਸ) ਸਾਰੇ (ਖਾਲਸਾ ਪੰਥ) ਦੇ ਚਰਨਾਂ ਤੇ (ਮੈਂ) ਨਮਸਕਾਰ ਕਰਦਾ ਹਾਂ।

ਭਾਵ:

ਕਵਿ ਜੀ ਦੀ ਰੂਹਾਨੀਅਤ ਦੇ ਭੇਤਾਂ ਦੀ ਗਹਿਰੀ ਸਮਝ ਵਲ ਤੱਕੋ, ਕਿ ਗੁਰ ਸਿੱਖਾਂ, ਸਿੰਘਾਂ, ਖਾਲਸਿਆਂ ਦੇ ਅੱਗੇ ਅੰਕ ੨੬ ਤੋਂ ੨੯ ਵਿਚ ਜਦ ਬੇਨਤੀ ਕਰਦੇ ਹਨ, ਚਰਨਾਂ ਪਰ ਮੱਥਾ ਟੇਕਦੇ ਹਨ ਤਦ ਉਨ੍ਹਾਂ ਨਾਲ ਇਕ ਵਿਸ਼ੇਸ਼ਨ ਜ਼ਰੂਰ ਲਾਉਂਦੇ ਹਨ 'ਗੁਰ ਜਹਿਂ ਜਾਪਤ' = ਜਿਹੜੇ ਗੁਰੂ ਜੀ ਨੂੰ ਜਪਦੇ ਹਨ। ਪੁਨਾ:-'ਕਰ ਇਸ਼ਨਾਨ ਗੁਰੂ ਨਿਤ ਜਾਪਤ।' ਪੁਨਾ:-'ਨਿਸ ਦਿਨ ਸਿਮਰਹਿਂ ਸਤਿਗੁਰ ਨਾਮੁ।' ਜਿਸ ਤੋਂ ਸਪਸ਼ਟ ਦੱਸ ਰਹੇ ਹਨ ਕਿ ਮੈਂ ਉਨ੍ਹਾਂ ਗੁਰੂ ਕੇ ਸਿੱਖਾਂ ਜਾਂ ਗੁਰੂ ਕੇ ਖਾਲਸਿਆਂ ਦਾ ਧਿਆਨ ਕਰਕੇ ਨਮਸਕਾਰ ਕਰਕੇ ਨਿਰਵਿਘਨਤਾ ਦੀ ਯਾਚਨਾਂ ਕਰ ਰਿਹਾ ਹਾਂ ਜੋ 'ਸਿਮਰਨਿ' ਵਿਚ ਹਨ। ਆਤਮ ਮੰਡਲ ਦੇ ਅਸੂਲ ਮੂਜਬ 'ਨਾਮ ਵਿਹੂਣਿਆਂ' ਦਾ ਧਿਆਨ ਨਹੀਂ ਧਰਦੇ, ਉਨ੍ਹਾਂ ਦਾ ਸਿਮਰਨ ਨਹੀ ਕਰਦੇ। ਜੀਉਂਦਿਆਂ ਦਾ ਕਿ ਮੋਇਆਂ ਦਾ ਐਸਾ ਸਿਮਰਨ ਧਯਾਨ ਧਰਨ ਵਾਲਿਆਂ ਨੂੰ ਉਨ੍ਹਾਂ ਦੇ ਅਵਗੁਣਾਂ ਤੇ ਮਾਯਕ ਮੈਲਾਂ ਨਾਲ ਮੈਲ ਦੀ ਛੁਹ ਲਾਉਂਦਾ ਤੇ ਕਈ ਵੇਰ ਭੈੜੇ ਆਵੇਸ਼ ਦੇਕੇ ਰੋਗੀ ਕਰ ਦੇਂਦਾ ਹੈ। ਨਾਮ ਸਿਮਰਨ ਨਾਲ ਆਤਮਾ ਉੱਜਲ, ਲਹੁਕੀ, ਤੇ ਹਉਂ ਦੇ ਭਾਰ ਤੋਂ ਹਲਕੀ, ਸੁਖੀ ਤੇ ਸੁਖਦਾਈ ਹੋ ਜਾਂਦੀ ਹੈ, ਐਸਿਆਂ ਨੂੰ ਯਾਦ ਕਰਨਾ ਯਾ ਉਨ੍ਹਾਂ ਅੱਗੇ ਬੇਨਤੀ ਕਰਨਾ ਮਨ ਉੱਤੇ ਚੰਗਾ ਅਸਰ ਪਾਉਂਦੀ ਹੈ।

[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ
ਨਮਸਕਾਰਾਤਮਕ ਮੰਗਲ]

ਬ੍ਰਹਮਗਜਾਨ ਹਰਿ ਭਗਤ ਖਜ਼ਾਨਾ।
ਸਾਗਰ ਜਗਤ ਜਹਾਜ ਸਮਾਨਾ।
ਸੰਗਤਿ ਅਪਨੀ ਸਗਲ ਉਧਾਰਨ।
'ਗੁਰੂ ਗ੍ਰੰਥ' ਗੁਰ ਕੀਨਿ ਉਚਾਰਨ ॥੩੦॥
ਜਿਸ ਮਹਿਂ ਜ਼ਾਹਰ ਜਾਗਤਿ ਜੋਤਿ।
ਸਿੱਖਜਨਿ ਅਭਿਮਤਿ ਪੂਰਨ ਹੋਤਿ।
ਭੁਗਤਿ ਮੁਕਤਿ ਦਾਇਕ ਜਗਨਾਥਾ।
ਨਮੋ ਕਰੋਂ ਧਰ ਪਰ ਧਰਿ ਮਾਥਾ ॥੩੧॥
ਲਾਖਹੁੰ ਲਿਖੇ ਧਰਾਤਲ ਸਾਰੇ।
ਪਠਹਿਂ ਸੁਨਹਿਂ ਸਿਖ ਵਾਰ ਨ ਪਾਰੇ।
ਸਕਲ ਕਾਮਨਾ ਲਹੀਅਤਿ ਜਿਸਤੇ।
ਅੰਤ ਸਮੈਂ ਕੈਵਲ ਹੁਇ ਤਿਸਤੇ ॥੩੨॥

ਅਰਥ:
ਆਪਣੀ ਸਾਰੀ ਸੰਗਤ ਨੂੰ ਉਧਾਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ ਗੁਰੂ (ਸਾਹਿਬਾਂ) ਨੇ ਉਚਾਰਨ ਕੀਤਾ ਹੈ (ਉਹ) ਬ੍ਰਹਮ ਗਜਾਨ ਤੇ ਹਰੀ ਦੀ ਭਗਤੀ ਦਾ ਖਜ਼ਾਨਾ ਹੈ ਤੇ ਸੰਸਾਰ ਸਾਗਰ (ਤੋਂ ਤਾਰਨ ਲਈ) ਜਹਾਜ ਸਮਾਨ ਹੈ, (ਜਿਸ ਵਿਚ) ਪ੍ਰਗਟ ਹੀ ਜੋਤਿ (ਗੁਰੂ ਸਾਹਿਬਾਂ ਦੀ) ਪ੍ਰਕਾਸ਼ ਰਹੀ ਹੈ (ਤੇ ਜਿਨ੍ਹਾਂ ਤੋਂ) ਸਿਖਾਂ ਦੀਆਂ ਮਨ ਵਾਂਛਤ (ਕਾਮਨਾਂ) ਪੂਰਨ ਹੁੰਦੀਆਂ ਹਨ (ਤੇ ਜੋ) ਜਗਤ ਨਾਥ ਭੁਗਤ ਮੁਕਤਿ ਦਾ ਦਾਤਾ ਹੈ, ਧਰਤੀ ਤੇ ਮੱਥਾ ਧਰਕੇ (ਤਿਸਨੂੰ) ਨਮਸਕਾਰ ਕਰਦਾ ਹਾਂ। ਜਿਹੜੇ ਗੁਰੂ ਗ੍ਰੰਥ ਜੀ ਕਿ) ਸਾਰੀ ਪ੍ਰਿਥਵੀ ਤਲ ਤੇ ਲੱਖਾਂ (ਦੀ ਗਿਣਤੀ ਵਿਚ) ਲਿਖੇ ਹੋਏ ਹਨ, ਤੇ (ਜਿਨ੍ਹਾਂ ਨੂੰ) ਪੜ੍ਹਨ ਸੁਣਨ ਵਾਲਿਆਂ ਸਿੱਖਾਂ ਦਾ ਵਾਰ ਪਾਰ ਹੀ ਨਹੀਂ (ਪਾਇਆ ਜਾਂਦਾ) ਅਤੇ ਜਿਸ (ਗੁਰੂ ਗ੍ਰੰਥ ਜੀ) ਤੋਂ ਸਾਰੀਆਂ ਕਾਮਨਾਂ ਪਾਈਦੀਆਂ ਹਨ, (ਅਤੇ) ਅੰਤ ਸਮੇਂ (ਉਸ) ਸ੍ਰੀ ਗੁਰੂ ਗ੍ਰੰਥ ਜੀ ਤੋਂ ਨਿੱਤ ਮੁਕਤੀ ਮਿਲਦੀ ਹੈ।

ਭੂਤ ਭਵਿੱਖਜ ਸਿੱਖ ਨਹਿਂ ਗਿਨਤੀ।
ਤੇ ਅਬਿ ਸਭਿਨਿ ਅੱਗ੍ਰ ਮਮ ਬਿਨਤੀ।
ਬਿਨਸਹਿਂ ਬਿਘਨ, ਗ੍ਰੰਥ ਹੁਇ ਪੂਰਾ।
ਜਿਸ ਮਹਿਂ ਸਤਿਗੁਰੁ ਕੋ ਜਸ ਰੂਰਾ
॥੩੩॥

ਅਰਥ:
ਪਿੱਛੇ ਹੋ ਚੁੱਕੇ ਅੱਗੇ ਹੋਣ ਵਾਲੇ ਤੇ ਹੁਣ ਦੇ (ਸਮੇਂ ਦੇ) ਅਣਗਿਣਤ ਸਿੱਖ ਹਨ, (ਇਨ੍ਹਾਂ) ਸਾਰਿਆਂ ਅੱਗੇ ਮੇਰੀ ਬੇਨਤੀ ਹੈ ਕਿ ਮੇਰੇ ਵਿਘਨ ਨਾਸ਼ ਹੋਣ ਤੇ (ਇਹ) ਗ੍ਰੰਥ ਜਿਸ ਵਿਚ ਸਤਿਗੁਰੂ ਜੀ ਦਾ ਸੁਹਣਾ ਜਸ ਹੈ, ਪੂਰਾ ਹੋਵੇ।

[ਉਸਤਾਦ ਪਿਤਾ ਤੇ ਮਾਤਾ ਨੂੰ ਨਮਸਕਾਰ]

ਸੰਤ ਸਿੰਘ ਗੁਰ ਅੱਖਰ ਦਾਤਾ।
ਨਮੋ ਕਰੌਂ ਤਿਨ ਪਦ ਜਲ ਜਾਤਾ।
ਦੇਵਾ ਸਿੰਘ ਪਿਤਾ ਮਮ ਨਾਮੂ।
ਤਿਨ ਕੇ ਪਦ ਅਰਬਿੰਦ ਪ੍ਰਣਾਮੂ ॥੩੪॥
ਨਿਜ ਮਾਤਾ ਕੋ ਕਰਿ ਅਭਿਬੰਦਨ।
ਕਥੌਂ ਕਥਾ ਕਲਿ ਕਲੁਖਨਿਕੰਦਨ।
ਸੁਨੀਅਹਿ ਗਨ ਸ਼੍ਰੋਤਾ ਸਵਧਾਨਾ।
ਇਕ ਮਨ ਹੋਇ ਧਰਹੁ ਨਿਜ ਕਾਨਾ
॥੩੫॥

ਅਰਥ:
(ਮੇਰੇ) ਅੱਖਰ ਦਾਤਾ ਉਸਤਾਦ (ਸ਼੍ਰੀ ਮਾਨ ਭਾਈ) ਸੰਤ ਸਿੰਘ ਜੀ (ਗਯਾਨੀ) ਹਨ, ਤਿਨ੍ਹਾਂ ਦੇ ਚਰਨਾਂ ਕਵਲਾਂ ਪਰ (ਮੈਂ) ਨਮਸਕਾਰ ਕਰਦਾ ਹਾਂ, ਤੇ ਮੇਰੇ ਪਿਤਾ ਜੀ ਦਾ ਨਾਮ (ਸ਼੍ਰੀ ਮਾਨ ਭਾਈ) ਦੇਵਾ ਸਿੰਘ (ਜੀ) ਹੈ, ਤਿਨ੍ਹਾਂ ਦੇ ਬੀ ਚਰਨ ਕਵਲਾਂ ਤੇ ਮੇਰੀ ਨਮਸਕਾਰ ਹੋਵੇ। (ਫੇਰ ਮੈਂ) ਆਪਣੀ ਮਾਤਾ ਜੀ ਨੂੰ ਨਮਸਕਾਰ ਕਰਕੇ ਕਲਜੁਗ ਦੇ ਪਾਪਾਂ ਨੂੰ ਨਾਸ਼ ਕਰਨੇ ਵਾਲੇ (ਗੁਰੂ ਸਾਹਿਬਾਂ ਦੀ) ਕਥਾ ਕਥਨ ਕਰਦਾ ਹਾਂ। (ਹੇ) ਸਾਰੇ ਸ਼੍ਰੋਤਾ ਜਨੋ! ਇਕ ਮਨ ਹੋਕੇ ਆਪਣੇ ਕੰਨ ਧਰਿ ਸਾਵਧਾਨ ਹੋਕੇ ਸੁਣੋ:

[ਕਥਾ ਦਾ ਮਹਾਤਮ]

ਮਹਿੰਮਾ ਕਹਿ ਲਗ ਕਹੇ ਸੁਨਾਵੌਂ।
ਗੁਰ ਜਸ ਜਿਸ ਮਹਿਂ ਰੁਚਿਰ ਬਨਾਵੌਂ।
ਗੁਰ ਸ਼ਰਧਾ ਕੋ ਉਰ ਅਧਿਕਾਵਤਿ।
ਜਿਸ ਤੇ ਭੁਗਤਿ ਮੁਕਤਿ ਸਿਖ ਪਾਵਤਿ
॥੩੬॥
ਸਕਲ ਕਾਮਨਾ ਦੇਵਨਹਾਰੀ।
ਅਨਿਕ ਜਨਮ ਕੇ ਕਲਮਲ ਹਾਰੀ।
ਸੁਨਹਿ ਗ੍ਰੰਥ ਸਭਿ ਹੁਇ ਗੁਨ ਗਯਾਤਾ।
ਸਰਬ ਚਰਿੱਤ੍ਰ ਲਖਹਿ ਬੱਖਯਾਤਾ ॥੩੭॥
ਦੁਸ਼ਟ ਬਿਡਾਰਨ ਦਾਸ ਉਧਾਰਨਿ।
ਇੱਤਯਾਦਿਕ ਕੀਨੇ ਜਿਮ ਕਾਰਨ।
ਸੁਨਹਿ ਸਰਬ ਕੋ ਸਾਰ ਪਛਾਨੈ।
ਪੁੰਨ ਉਪਾਇ ਪਾਪ ਗਨ ਹਾਨੈਂ ॥੩੮॥

ਅਰਥ:

(ਗੁਰੂ ਜੀ ਦੀ ਕਥਾ ਦੀ) ਮਹਿਮਾ ਜਿਸ ਵਿਚ ਕਿ ਮੈਂ ਗੁਰ ਜਸ ਸੁਹਣੀ ਤਰ੍ਹਾਂ ਬਣਾ ਰਿਹਾ ਹਾਂ ਕਿਥੋਂ ਤੱਕ ਕਹਿਕੇ ਸੁਣਾਵਾਂ? (ਇਹ) ਗੁਰ ਸ਼ਰਧਾ ਰਿਦੇ ਵਿਚ ਵਧਾਉਂਦੀ ਹੈ ਜਿਸ ਤੇ (ਹਰ) ਸਿੱਖ ਭੁਗਤ ਮੁਕਤਿ ਪਾ ਲੈਂਦਾ ਹੈ ॥ ੩੬ ॥ (ਫੇਰ) ਸਾਰੀਆਂ ਕਾਮਨਾਂ ਦੇਣ ਵਾਲੀ ਹੈ, ਅਨੇਕਾਂ ਜਨਮਾਂ ਦੇ ਪਾਪ ਨਸ਼ਟ ਕਰਨ ਹਾਰੀ ਹੈ, (ਜੋ ਇਸ) ਸਾਰੇ ਗ੍ਰੰਥ ਨੂੰ ਸੁਣੇਗਾ ਓਹ ਗੁਣਾਂ ਦਾ ਗਯਾਤਾ ਹੋ ਜਾਏਗਾ ਤੇ ਸਾਰੇ (ਗੁਰੂ ਸਾਹਿਬਾਂ ਦੇ) ਚਰਿੱਤ੍ਰ ਪ੍ਰਗਟ ਹੀ ਜਾਣ ਲਵੇਗਾ ॥ ੩੭ ॥ (ਗੁਰੂ ਸਾਹਿਬਾਂ ਦਾ) ਦੁਸ਼ਟਾਂ ਨੂੰ ਮਾਰਨਾ ਤੇ ਦਾਸਾਂ ਨੂੰ ਉਧਾਰਨਾ ਇਸ ਤੋਂ ਆਦਿ ਲੈ ਕੇ ਜਿਵੇਂ ਕਾਰਨ (ਅਥਵਾ ਚਰਿੱਤ) ਕੀਤੇ ਹਨ, ਸਾਰਿਆਂ ਨੂੰ ਸੁਣਕੇ ਉਨ੍ਹਾਂ ਦਾ ਜੋ ਸਾਰ ਹੈ ਪਛਾਣੇਗਾ ਉਹ (ਆਪਣੇ ਲਈ) ਪੁੰਨ ਉਪਾਕੇ (ਆਪਣੇ) ਸਾਰੇ ਪਾਪਾਂ ਦਾ ਨਾਸ਼ ਕਰੇਗਾ।

ਹੁਇ ਚਿਤ ਚੌਂਪ ਜੁ ਪ੍ਰੇਮੀ ਸਿੱਖਜ।
ਪਠਹਿ ਸੁਨਹਿ ਅਬਿ ਕਿਧੌਂ ਭਵਿੱਖਜ।
ਨਹਿਂ ਦੂਖਨ ਕੁਛ ਰਿਦੈ ਬਿਚਾਰੋ।
ਪਾਵਨ ਗੁਨ ਗਨ ਕੋ ਮਨ ਧਾਰੋ† ॥੩੯॥

†ਇੱਥੇ ਕਵਿ ਜੀ ਦੀਆਂ ਬਹੁਤ ਤੇ ਸਭ ਅੱਗੇ ਬੇਨਤੀਆਂ ਤੋਂ ਪਤਾ ਲਗਦਾ ਹੈ ਕਿ ਉਹਨਾਂ ਦੇ ਚਿੱਤ ਵਿਚ ਗ੍ਰੰਥ ਸੰਪੂਰਨ ਕਰਨ ਦੀ ਅਤੀ ਅਭਿਲਾਖਾ ਹੈ ਅਰ ਸਰੀਰ ਦੀ ਕੋਈ ਦੁਰਬਲਤਾ ਯਾ ਸਮੇਂ ਦੇ ਕੋਈ ਰੰਗ ਯਾ ਉਂਵ ਹੀ ਸਮੇਂ ਦੀ ਅਸਾਰਤਾ ਦਾ ਖਿਆਲ ਤੇ ਵਿਘਨ ਕਾਰੀਆਂ ਦਾ ਭੈ ਅੱਖਾਂ ਅੱਗੇ ਹੈ ਤੇ ਡਰਦੇ ਹਨ ਕਿ ਮਤੇ ਕੰਮ ਵਿਚਾਲੇ ਨਾ ਰਹਿ ਜਾਵੇ, ਇਸ ਲਈ ਮਨ ਬਹੁਤ ਏਕਾਗਰ ਤੇ ਤਤਪਰ ਹੋ ਹੋਕੇ ਚਾਰ ਚੁਫੇਰੇ ਬਿਨਯ ਵਿਚ ਜਾਂਦਾ ਹੈ। ਸੋ ਆਪ ਦੀ ਅਰਦਾਸ ਪੂਰੀ ਹੋਈ ਕਿ ਗ੍ਰੰਥ ਪੂਰਨ ਹੋ ਗਿਆ ਤੇ ਮਗਰੋਂ ਉਸੇ ਸਾਲ ਵਿਚ ਆਪ ਦਾ ਦੇਹਾਂਤ ਹੋਇਆ। ਕਦੇ ਇਸ ਵੇਲੇ ਸਰੀਰ ਨਾ ਬਿਨਸਦਾ ਤੇ ਹੁਣ ਇਕ ਅੱਧ ਸਾਲ ਗ੍ਰੰਥ ਨੂੰ ਸੋਧਣ ਦਾ ਅਵਸਰ ਮਿਲ ਜਾਂਦਾ ਤਾਂ ਸ਼੍ਰੀ ਗੁਰ ਪ੍ਰਤਾਪ ਸੂਰਜ ਹੋਰ ਬੀ ਚਮਕਦਾਰ ਹੋ ਜਾਂਦਾ। ਵਿਸ਼ੇਸ਼ ਖਿਆਲ ਏਸੇ ਪਾਸੇ ਪੈਂਦਾ ਹੈ ਕਿ ਆਪ ਦਾ ਸਰੀਰ ਕੰਮ ਦੀ ਬਾਹੁਲਤਾ ਦੇ ਕਾਰਨ ਕਮਜ਼ੋਰ ਯਾ ਕੁਛ ਬੀਮਾਰ ਰਹਿਣ ਲੱਗ ਪਿਆ ਸੀ।

ਅਰਥ:

(ਜੋ ਵੀ) ਪ੍ਰੇਮੀ ਸਿੱਖ ਚਿੱਤ ਵਿਚ ਚੌਂਪ ਵਾਲਾ ਹੋਕੇ ਹੁਣ ਯਾ ਭਵਿੱਖਜਤ ਵਿਚ ਪੜ੍ਹੇ ਯਾ ਸੁਣੇਗਾ (ਉਹਨਾਂ ਅੱਗੇ ਮੇਰੀ ਬੇਨਤੀ ਹੈ ਕਿ ਮੇਰੇ) ਦੂਖਣਾਂ ਨੂੰ ਕੁਛ ਵੀ ਰਿਦੇ ਵਿਚ ਨਾ ਵਿਚਾਰੋ (ਤੇ ਕੇਵਲ) ਪਵਿੱਤਰ ਗੁਣਾਂ ਦੇ ਸਮੂਹ ਹੀ ਮਨ ਵਿਚ ਧਾਰਨਾ ਕਰੋ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਮੰਗਲਾਚਰਨ' ਬਰਨਨੰ ਨਾਮ ਪ੍ਰਿਥਮੋ ਅੰਸੂ ॥੧॥

੨. [ਸੀਸ ਕੀਰਤਪੁਰ ਲਿਆਉਣਾ]

੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩

ਦੋਹਰਾ:

ਦਿੱਲੀ ਤੇ ਸਿਖ ਪ੍ਰਥਮ ਜੋ, ਗਮਨਜੋ ਆਇਸੁ ਲੇਯ।
ਤੇਗ ਬਹਾਦਰ ਸਤਿਗੁਰੂ, ਪਠਜੋ ਭੇਟ ਕੋ ਦੇਯ[1] ॥੧॥

[1]ਭੇਟਾ ਨੂੰ ਦੇਕੇ।

ਸ੍ਵੈਯਾ ਛੰਦ:

ਪੈਸੇ ਪੰਚਹੁਂ ਸ਼੍ਰੀ ਫਲ ਸੁੰਦਰ
ਗੁਰਤਾ ਅਰਪਨਿ ਕੀ ਬਿਧਿ ਜੋਇ।
ਲੇ ਕਰਿ ਪੰਥ ਬਿਖੈ ਪ੍ਰਸਾਥਨਜੋ,
ਥਿਰਜੋ ਨ ਕਿਸ ਥਲ, ਥਕਤਿ ਨ ਸੋਇ।
ਗੁਰ ਆਗਜਾ ਸਜੰਦਨ ਅਸਵਾਰੀ,
ਚਿਤ ਉਤਸਾਹ ਸੂਤ ਤਬਿ ਹੋਇ[1]।

[1]ਮਾਨੋ) ਗੁਰੂ ਜੀ ਦੀ ਆਗਜਾ ਇਹ ਤਾਂ ਰਥ ਦੀ ਅਸਵਾਰੀ ਸੀ ਤੇ (ਸਿੱਖ ਦੇ) ਚਿੱਤ ਦਾ ਜੋ ਉਤਸਾਹ ਸੀ ਸੋ ਰਥਵਾਹੀ ਹੋਇਆ।

ਪਹੁੰਚਜੋ ਆਨਿ ਅਨੰਦਪੁਰਿ ਸੋ ਸਿਖ
'ਕੁਸ਼ਲ' ਕਹਿਤ, ਬੂਝਹਿ ਨਰ ਕੋਇ ॥੨॥
ਸਵਾ ਪਹਿਰ ਦਿਨ ਆਯੋ ਤਿਸ ਛਿਨ,
ਬੈਠੇ ਸ਼੍ਰੀ ਗੋਬਿੰਦ ਸਿੰਘ ਰਾਇ।
ਜਗਤ ਸਮਸਤ[1] ਜੁ ਬਰਤਹਿ[2] ਨਿਤਪ੍ਰਤਿ
ਸੋ ਸਭਿ ਚਿਤ ਮਹਿਂ ਬਿਦਤਹਿ ਆਇ[1]।

[1]ਸਾਰੇ ਜਗ ਵਿਚ। [2]ਜੋ ਵਰਤਦਾ ਹੈ।

[1]ਪ੍ਰਗਟ ਹੁੰਦਾ ਹੈ।

ਕਿਤਿਕ ਮਸੰਦ ਬਿਲੰਦ ਚਿੰਤ ਜੁਤਿ,
ਚਹੁਂਦਿਸਿ ਮਹਿਂ ਤਿਮ ਸਿਖ ਸਮੁਦਾਇ।
ਕੇਚਿਤ ਰਹਤਿ ਸਮੀਪ ਕਦੀਮੀਂ[1],
ਕੇਚਿਤ ਨਏ ਦਰਸ ਹਿਤ ਆਇਂ ॥੩॥

[1]ਪੁਰਾਣੇ।

ਸ਼ੀਘ੍ਰ ਕਰਤਿ ਸਿਖ ਪਹੁਂਚਜੋ ਤਤਛਿਨ,
ਦੇਖਿ ਉਠੇ ਸਤਿਗੁਰ ਅਗਵਾਇ।
ਗੁਰਤਾ ਪਹੁਂਚੀ ਲਖੀ, ਨਮੋ ਕਰਿ,
ਪੁਨ ਬੈਠੇ ਸਿੰਘਾਸਨ ਆਇ।
ਧਰਿ ਪੈਸੇ ਆਗੇ ਸਭਿ ਦੇਖਤਿ,
ਲੇ ਸ਼੍ਰੀਫਲ ਝੋਰੀ ਮਹਿਂ ਪਾਇ।
ਹਾਥ ਬੰਦਿ ਬੰਦਨ ਸਿਖ ਕੀਨਸਿ

ਪਦ ਅਰਬਿੰਦਨਿ ਸੀਸ ਟਿਕਾਇ ॥੪॥
ਪੁਨ ਸਿਖ ਨੇ ਸਿਖ ਸਭਾ ਸਰਬ ਕੋ
ਨਮੋ ਕਰੀ ਚਹੁੰਦਿਸ਼ਿ ਮੁਖ ਫੇਰਿ।
ਆਇਸੁ ਲੇ ਸਤਿਗੁਰ ਕੀ ਬੈਠ੍ਯੋ
ਸਨਮੁਖ ਸੁੰਦਰ ਦਰਸ਼ਨ ਹੇਰਿ।
ਸੁਧਿ ਬੂਝੀ, ਸਭਿ ਲਗ੍ਯੋ ਸੁਨਾਵਨਿ
'ਤੁਰਕੇਸ਼੍ਵਰ ਕੇ ਖੋਟ ਬਡੇਰ।
ਕਰਤਿ ਕਠਿਨਤਾ ਅਨਿਕ ਭਾਂਤਿ ਕੀ,
ਨਹਿਂ ਕੁਛ ਜਾਨਹਿਂ ਪ੍ਰਭੂ ਦਲੇਰ[1] ॥੫॥ — [1]ਭਾਵ ਬਹਾਦਰ ਗੁਰੂ ਜੀ ਪ੍ਰਵਾਹ ਨਹੀਂ ਕਰਦੇ।
ਬਦਨ ਪ੍ਰਫੁੱਲਜਤਿ ਇਕ ਸਮ ਨਿਤ ਰਹਿ
ਜਥਾ ਪ੍ਰਭਾਤਿ ਖਿਰਹਿਂ ਅਰਬਿੰਦ।
ਪਠਹਿ ਨੁਰੰਗਾ ਕੁਮਤਿ[1] ਮੁਲਾਨੇ — [1]ਖੋਟੀ ਬੁੱਧ ਵਾਲੇ।
ਜੇ ਸਜਾਨੇ ਉਮਰਾਵ ਬਿਲੰਦ।
-ਕਰਾਮਾਤ ਕੁਛ ਕਰਹੁ ਦਿਖਾਵਨਿ
ਕੈ ਤਜਿ ਦੇਹੁ ਧਰਮ ਜੋ ਹਿੰਦੁ।
ਸਰਬ ਸ਼ਿਰੋਮਨ ਸ਼ਰ੍ਹਾ ਜਿ ਆਵਹੁ
ਵਧੈ ਦੀਨ ਤੌਂ ਮਾਨਹਿਂ ਬ੍ਰਿੰਦ[1] ॥੬॥ — [1]ਤੁਸਾਂ ਨੂੰ) ਸਾਰੇ ਮੰਨਣਗੇ।
ਦ੍ਵਿਜ ਕਸ਼ਮੀਰੀ ਆਦਿ ਜਿਤਿਕ ਜਗ
ਤੁਮਰੀ ਦਿਸ਼ਿ ਦੇਖਤਿ ਸਭਿ ਕੋਇ।
ਫੇਰ ਨ ਫੇਰਹਿ[1] ਕਿਸੂ ਦੇਸ਼ ਮਹਿਂ, — [1]ਫੇਰ ਨਹੀਂ (ਹੁਕਮ) ਮੋੜਨਗੇ।
ਮਾਨਹਿਂ ਕਹ੍ਯੋ, ਤੁਰਕ ਜਗ ਹੋਇ[1]। — [1]ਸਾਰਾ) ਜਗ ਤੁਰਕ ਹੋ ਜਾਵੇਗਾ।
ਇਮ ਚਿਤ ਚਹਤਿ ਨ ਜੇ ਅਤਿ ਰੁਚਿ ਕਰਿ[1], — [1]ਭਲਾ ਜੇ ਤੁਹਾਡਾ ਜੀ ਕਿਵੇਂ ਬੀ ਇਹ ਕੁਛ ਕਰਨਾ ਨਾ ਚਾਹੇ ਤਾਂ...।
ਅਜ਼ਮਤ ਕਰਹੁ ਸ਼ਾਹੁ ਕਹਿ ਜੋਇ।
ਰਾਮਰਾਇ ਬਹੁ ਕਰੀ ਅਧਿਕ ਹੀ
ਜਿਮ ਭਾਖੀ ਦਿਖਰਾਵਤਿ ਸੋਇ ॥੭॥
ਦਰਬ ਬ੍ਰਿੰਦ ਹਜ਼ਰਤ ਨੇ ਦੀਨਸਿ
ਬਡ ਮਰਾਤਬਾ ਪਾਯੋ ਤਾਂਹਿ[1]। — [1]ਭਾਵ ਰਾਮ ਰਾਇ ਨੇ।
ਜਿਤ ਕਿਤ ਤੇ ਸਭਿ ਸੰਗਤਿ ਹੋਈ† — †ਪਾ:-ਜਿਤ ਕਿਤ ਸੰਗਤਿ ਹੋਇਂ ਸਿਖ ਬਹੁ।
ਵਧ੍ਯੋ ਸਮਾਜ ਸੁਜਸ ਜਗ ਮਾਂਹਿ।
ਬਸਹੁ ਸ਼ਾਹ ਕੇ ਦੇਸ਼ਨਿ ਮਹਿਂ ਤੁਮ,
ਪੁਜਵਾਵਹੁ ਜਿਤ ਦਿਸ਼ਿ ਚਲਿ ਜਾਹਿਂ।

ਕਯੋਂ ਕਰਿ[1] ਕਹਯੋ ਨ ਮਾਨਹਿਂ ਤਿਸ ਕੋ[2]	[1]ਕਿਵੇਂ ਬੀ। [2]ਉਸ (ਸ਼ਾਹ) ਦਾ।
ਦਿਹੁ ਅਜ਼ਮਤ ਨਹਿਂ ਕੀਜਹਿ ਨਾਂਹਿ[1]- ॥੮॥	[1]ਇਨਕਾਰ ਨਾ ਕਰੋ।
ਗੁਰੂ ਕਹਯੋ -ਮੂਰਖ ਚਵਗੱਤਾ	
ਦੁਸ਼ਟ ਕੁਪੱਤਾ ਮੱਤਾ ਮੰਦ[1]।	[1]ਮਸਤਿਆ ਹੋਇਆ ਨੀਚਤਾ ਵਿੱਚ।
ਦੁਰਮਤਿ ਰੱਤਾ ਹੁਇ ਬਿਨ ਸੱਤਾ	
ਹੁੱਤਾ ਤੁਰਕਨ ਤੇਜ ਬਿਲੰਦ[1]।	[1]ਜੋ) ਤੁਰਕ ਦਾ ਬੜਾ ਤੇਜ ਹੁੰਦਾ ਸੀ ਸੱਤਿਆ ਤੋਂ ਬਿਨਾ ਹੋ ਜਾਏਗਾ ਭਾਵ ਨਾਸ਼ ਹੋ ਜਾਏਗਾ।
ਝਖ ਮਾਰਤਿ ਤੱਤਾ[1], ਹੁਇ ਕਰਿ ਮੱਤਾ[2],	[1]ਸੜਿਆ ਹੋਇਆ। [2]ਮਸਤਿਆ।
ਬਨਹਿ ਉਵੱਤਾ ਘੱਤਾ ਦੁੰਦ[1]।	[1]ਬਣਕੇ ਅਵੈੜਾ ਜੋ ਰੌਲਾ ਪਾਂਵਦਾ ਹੈ।
ਗੁਰ[1] ਬਰ ਦਿੱਤਾ, ਬਾਬਰ ਲਿੱਤਾ,	[1]ਗੁਰੂ (ਨਾਨਕ ਜੀ) ਨੇ।
ਇਹ ਖੋਵੈ ਤਿਸ ਨੱਤਾ ਨੰਦ[1] ॥੯॥	[1]ਪੜਪੋਤੇ ਦਾ ਪੁੱਤ੍ਰ। ਬਾਬਰ, ਹਮਾਯੂੰ, ਅਕਬਰ, ਜਹਾਂਗੀਰ, ਸ਼ਾਹ ਜਹਾਂ, ਔਰੰਗਜ਼ੇਬ। ਬਾਬਰ ਦਾ ਪੋਤਾ ਅਕਬਰ, ਪੜੋਤਾ ਜਹਾਗੀਰ, ਪੜਪੜੋਤਾ ਸ਼ਾਹ ਜਹਾਂ, ਸ਼ਾਹ ਜਹਾਂ ਦਾ ਨੰਦ (ਪੁੱਤ੍ਰ) ਔਰੰਗਜ਼ੇਬ।
ਕਰਾਮਾਤ ਕੋ ਕਹੈਂ ਕਹਿਰ ਜਨ	
ਦਰਵੇਸ਼ਨਿ ਕੋ ਐਸ ਨ ਕਾਜ।	
ਨਾਟਕ[1] ਚੇਟਕ[2] ਕਰਿ ਦਿਖਰਾਵਨਿ	[1]ਤਮਾਸ਼ਾ। [2]ਜਾਦੂ।
ਪ੍ਰਭੁ ਲੋਕਨ ਕਹਿ[1] ਆਵਤਿ ਲਾਜ।	[1]ਭਾਵ ਸੰਤਾਂ ਨੂੰ (ਨਾਟਕ ਚੇਟਕ ਕਰਦਿਆਂ)।
ਅਧਿਕ ਧਰਮ ਧਨ[1] ਧਾਰਹਿਂ, ਨ ਛੋਰਹਿਂ,	[1]ਧਰਮ ਰੂਪੀ ਧਨ।
ਨਿਜ ਨਿਜ ਪ੍ਰਿਯ ਸਭਿ ਕੋ ਸੁਖ ਸਾਜ[1]।	[1]ਆਪੋ ਆਪਣਾ ਧਰਮ ਪਿਆਰਾ ਹੈ ਸਾਰਿਆਂ ਨੂੰ ਸੁਖ ਕਰਾਉਣ ਵਾਲਾ।
ਈਸ਼੍ਵਰ ਕਰਹਿ, ਮੇਟ ਕੋ ਸਾਕਹਿ,	
ਹਠ ਜੋ ਕਰਹਿ ਮੂਢ ਮਤਿ ਪਾਜ[1]- ॥੧੦॥	[1]ਮੂਰਖ ਝੂਠੀ ਮਤ ਵਾਲਾ।
ਮ੍ਰਿਦੁਲ ਕਠਨ ਇੱਤਯਾਦਿਕ ਭਾਖੇ,	
ਸੁਨਿ ਕਰਿ ਦੁਖਹਿ ਅਧਿਕ ਉਰ ਮਾਂਹਿ।	
ਪੁਨ ਗੁਰ ਮੋ ਕਹੁ ਕੀਨਿ ਅਵਾਹਨ[1]	[1]ਸੱਦਣਾ ਕੀਤਾ।
ਜਮਾਦਾਰ ਕਾਰਾਗ੍ਰਿਹ ਤਾਂਹਿ[1]।	[1]ਕੈਦਖਾਨੇ ਦਾ ਜੋ ਜਮਾਦਾਰ ਸੀ ਤਿਸ (ਦਵਾਰਾ)।
ਸੋ ਗੁਰ ਸੇਵਕ ਹੁਇ ਅਨਕੂਲੀ[1],	[1]ਉਹ (ਜਮਾਦਾਰ) ਗੁਰਾਂ ਦਾ ਸੇਵਕ (ਆਗਯਾਕਾਰ) ਹੈ।
ਪਠਹੁ ਜੁ ਸਿੱਖ[1] ਮਿਲਾਵਹਿ ਵਾਹਿ।	[1]ਜੋ ਸਿੱਖ (ਆਪ) ਭੇਜਦੇ ਹੋ।
ਬੰਦਹਿ ਚਰਨ ਕਮਲ ਸ਼ਰਧਾਊ,	
ਮੁਝ ਲੇ ਗਯੋ ਪ੍ਰਭੁ ਕੇ ਪਾਹਿ ॥੧੧॥	

ਗੁਰ ਬੋਲੇ -ਹਮ ਅਲਪ ਆਰਬਲ
ਇਕ ਦੁਇ ਦਿਨ ਕੀ ਨਿਸ਼ਚੈ ਜਾਨਿ।
ਜਗ ਗੁਰਤਾ ਕੋ ਲੇ ਕਰਿ ਗਮਨਹੁ,
ਨਹਿਂ ਠਹਿਰਹੁ ਹ੍ਵੈ ਕੈ ਸਵਧਾਨ।
ਪਹੁੰਚਹੁ ਈਸ਼੍ਵਰ ਅੰਸਹਿ[1] ਅਰਪਹੁ,
ਵਧੈ ਪ੍ਰਤਾਪ ਜਹਾਨ ਮਹਾਨ।
ਬਿਨਾ ਕਾਨ[1] ਤੁਰਕਾਨ ਪ੍ਰਹਾਨਹੁ[2],
ਸੇਵਕਾਨਿ ਰੱਛਹੁ ਬਲ ਠਾਨਿ- ॥੧੨॥
ਲੇ ਕਰਿ ਗਮਨਜੋ, ਥਿਰਜੋ ਨ ਮਾਰਗ,
ਗੁਰ ਬਲ ਤੇ ਪਹੁੰਚਜੋ ਪੁਰਿ ਆਇ[1]।'

[1]ਈਸ਼ੁਰ ਦੀ ਅੰਸ ਭਾਵ ਸ਼੍ਰੀ ਗੁਰ ਗੋਬਿੰਦ ਸਿੰਘ ਜੀ ਨੂੰ।
[1]ਕਨੌਡ। [2]ਨਾਸ਼ ਕਰੋ।
[1]ਲੈਕੇ ਟੁਰ ਪਿਆ, ਰਾਹ ਵਿੱਚ ਕਿਤੇ ਅਟਕਿਆ ਨਹੀਂ ਤੇ ਗੁਰਾਂ ਦੇ ਬਲ ਨਾਲ (ਆਨੰਦ) ਪੁਰ ਆ ਪੁੱਜਾ ਹਾਂ।

ਸਭਾ ਸਹਿਤ ਕਲਗੀਧਰ ਸੁਨਿ ਕਰਿ
ਗੁਰ ਸਿਮਰਨਿ ਕਰਿ ਉਰ ਮਹਿਂ ਲਜਾਇ
ਬੰਦਿ ਹਾਥ ਬੰਦਨ ਕਰਿ ਪੁਨ ਪੁਨ
ਅਲਖ ਗੁਰੂ ਗਤਿ ਲਖੀ ਨ ਜਾਇ।
ਮਾਤ ਨਾਨਕੀ ਜਹਿਂ ਸ਼੍ਰੀ ਗੁਜਰੀ
ਪਹੁੰਚਿ ਸਿੱਖ ਕਰਿ ਨਮੋ ਸੁਨਾਇ ॥੧੩॥
ਦੀਰਘ ਸ੍ਵਾਸ[1] ਤਪਤ ਅਤਿ ਛੋਰਤਿ
ਲੋਚਨ ਜਲ ਝਲਕਜੋ ਤਤਕਾਲ।
-ਅਤਿ ਸਮਰਥ ਜਿਨ ਦਾਸਨ ਦਾਸਹਿ,
ਸਹੀ ਅਵੱਗਜਾ ਇਤਿਕ ਬਿਸਾਲ।
ਚਹੈਂ ਕਰੈਂ ਬਿਨ ਬਿਲਮ ਸਰਬ ਕੁਛ,
ਬਸਿ ਤੁਰਕੇਸ਼ੁਰ ਕੇ[1] ਅਸ ਹਾਲ।
ਧੰਨ ਧੰਨ ਗੁਰ ਅਚਰਜ ਚਰਿਤਾ
ਕਿਮ ਕੋ ਬਾਕ ਕਹੈ ਕਿਸ ਨਾਲ[1] ॥੧੪॥
ਅਵਧ ਓਜ ਕੀ[1], ਅਵਧਿ ਧੀਰ ਕੀ,
ਅਵਧਿ ਅਵੱਗਜਾ ਲਹੀ ਸਹਾਰ[1]।
ਤੁਮ ਬਿਨ ਕਉਨ ਕਰੈ ਅਸ ਕਾਰਜ,
ਹਿੰਦੁ ਧਰਮ ਕੋ ਧਰਿ ਕਰਿ ਭਾਰ[1]।
ਕਰਹੁ ਸੁ ਭਲੀ ਤਰਕ ਕੋ ਕਿਮ ਕਰਿ[1],
ਹਮ ਕੋ ਦਰਸ਼ਨ ਪਜਾਸ ਉਦਾਰ।
ਇਕ ਸਮ ਲੋਕ ਪ੍ਰਲੋਕ ਅਨੰਦਹੁ

[1]ਲੰਮੇ ਸਾਹ।
[1]ਤੁਰਕੇਸ਼ੁਰ ਦੇ ਵਸੀ ਹੋ ਕੇ।
[1]ਕਿਵੇਂ ਕੋਈ ਕਿਸੇ ਨਾਲ ਵਚਨ ਕਰੇ।
[1]ਬਲ ਦੀ ਔਧੀ ਹੋ।
[1]ਅਵੱਗਜਾ ਦੀ ਵੀ ਅਵਧੀ ਸਹਾਰ ਲਈ।
[1]ਭਾਰ ਚੁੱਕਕੇ।
[1]ਤਰਕ ਕੋਈ ਕਿਵੇਂ ਕਰ ਸਕਦਾ ਹੈ।

ਪ੍ਰਤਿਪਾਲਹੁ ਸਭਿ ਕੇ ਦਾਤਾਰ- ॥੧੫॥
ਮਾਤ ਨਾਨਕੀ ਰੁਦਤਿ ਬ੍ਰਿਲਾਪਤ
-ਜਥਾ ਸਸੁਰ[1] ਮੇਰੈ ਗਤਿ ਕੀਨਿ। — [1]ਸਹੁਰੇ (ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ)।
ਅਜ਼ਮਤਿ ਨਹੀ ਜਨਾਵਨ ਕੀਨਸਿ,
ਕਸ਼ਟ ਸਹਾਰੇ ਤਨ ਪਰ ਪੀਨ।
ਦੇ ਖੱਤ੍ਰੀ[1] ਸਿਰ ਦੋਸ਼ ਘਨੇਰਾ — [1]ਭਾਵ ਚੰਦੂ।
ਰਾਵੀ ਤਟ ਸਰੀਰ ਤਜਿ ਦੀਨਿ।
ਤਥਾ ਪੁੱਤ੍ਰ ਕੋ ਧੀਰਜ ਹੇਰਾ
ਸਕਲ ਕਲਾ ਸਮਰੱਥ ਪ੍ਰਬੀਨ- ॥੧੬॥
ਢਰਜੋ ਦੁਪਹਿਰਾ ਦੋਇ ਘਰੀ ਜਬਿ
ਇਮਿ ਚਿੰਤਾ ਜੁਤਿ ਸ਼ੋਕ ਬਿਸਾਲ।
ਔਚਕ ਹੀ ਗੁਰ ਗੋਬਿੰਦ ਸਿੰਘ ਜੀ
ਰੁਚਿਰ ਪ੍ਰਯੰਕ ਤਜਾਗਿ ਤਤਕਾਲ।
ਧਰ ਪਰ ਫਰਸ਼ ਕਰਜੋ ਤਹਿਂ ਬੈਠੇ
ਤੂਸ਼ਨਿ ਠਾਨਿ ਪਿਖਹਿਂ ਸਿਖ ਜਾਲ[1]। — [1]ਸਾਰੇ।
ਜਨਨੀ ਨਿਕਟਿ ਗਈ ਸੁਧਿ ਜਬਿਹੂੰ
ਸਾਸ ਨੁਖਾ[1] ਦੁਖ ਲਹਜੋ ਕਰਾਲ ॥੧੭॥ — [1]ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਨੇ।
ਜਾਨੀ ਗਤਿ -ਜਗ ਗੁਰੂ ਬਿਕੁੰਠਹਿ
ਤਨ ਕੋ ਤਜਾਗਿ ਗਏ-`ਮਨ ਚੀਨ।
ਤਬਿ ਧਰਨੀ ਪਰ ਥਿਰ ਸੁਤ ਹੋਵਾ
ਮਹਾਂ ਬਿਖਾਦ[1] ਰਿਦੇ ਮਹਿਂ ਕੀਨਿ। — [1]ਦੁੱਖ।
ਦਾਸੀ ਦਾਸ ਦੇਖਿ ਦੁਖ ਪ੍ਰਾਪਤਿ
ਊਚੇ ਰੁਦਤਿ ਸ਼ੋਕ ਮਨ ਲੀਨ।
'ਮਹਾਂਰਾਜ ਹਮ ਕੌਨ ਸੰਭਾਰਹਿ
ਆਪ ਅਲੰਬ ਦੁਨੀ ਅਰੁ ਦੀਨ' ॥੧੮॥
ਸ਼ੋਕ ਸ਼ਬਦ ਮਹਿਲਨਿ ਮਹਿਂ ਹੋਵਾ
ਸੁਨਿ ਕਰਿ ਸਤਿਗੁਰ ਦਾਸ ਪਠਾਇ।
'ਗੁਰ ਹਿਤ ਸ਼ੋਕ ਬਿਲਾਪ ਨ ਕੀਜਹਿ,
ਸਿਮਰਹੁ ਗੁਨ ਪ੍ਰਭੁ ਕੇ ਸਮੁਦਾਇ।
ਸਦਾ ਅਨੰਦ ਏਕ ਰਸ ਜਾਨਹੁੰ,
ਜਨਮ ਮਰਨ ਗੁਰ ਕੇ ਨਹਿਂ ਕਾਇ[1]। — [1]ਕੋਈ ਨਹੀਂ।
ਪਰਉਪਕਾਰ ਹੇਤੁ ਤਨ ਧਾਰਹਿਂ

ਜਿਮ ਨਭ ਮਹਿ ਘਨ[1] ਹੁਇ ਬਿਦਤਾਇ ॥੧੯॥ — [1]ਬੱਦਲ।
ਕਰਿ ਬਰਖਾ ਸੁਖ ਦੇ ਕਰਿ ਜਗ ਕੋ,
ਪੁਨ ਅਕਾਸ਼ ਮਹਿਂ ਲੈ ਹੁਇ ਜਾਇ।
ਤਿਮ ਤਨ ਗੁਰ ਸੁਤੰਤ੍ਰ ਹੁਇ ਧਾਰਹਿਂ
ਸਿਖ ਸੇਵਕ ਕੇ ਬਨਹਿਂ ਸਹਾਇ।
ਗਯਾਨ ਭਗਤਿ ਉਪਦੇਸ਼ਨਿ ਕਰਿ ਕੈ
ਸ਼ੁਭ ਮਾਰਗ ਮਹਿਂ ਜਗਤ ਲਗਾਇ।
ਪੁਨ ਸੁਛੰਦ ਪਰਲੋਕ ਸਿਧਾਰਹਿਂ
ਤਿਨ ਕਾਰਨ ਕਿਮ ਸ਼ੋਕ ਉਪਾਇ? ॥੨੦॥
ਨਾਮ ਉਚਾਰਹੁ, ਜਨਮ ਸੁਧਾਰਹੁ,
ਕਸ਼ਟ ਨ ਧਾਰਹੁ ਜਨ ਸਮੁਦਾਇ[1]।' — [1]ਸਾਰੇ ਦਾਸ (ਮਿਲਕੇ)।
ਸੁਨਿ ਕੈ ਬਾਕ ਹਟੇ ਸਭਿ ਰੋਦਤਿ
ਹੁਇ ਤੂਸ਼ਨਿ ਗੁਰ ਗਯਾਨ ਧਰਾਇ।
ਜੁਗ ਅਸਵਾਰ ਪਠਾਵਨਿ ਕੀਨੇ
'ਆਵਹਿ ਸਿੱਖ ਮਿਲੌਂ ਅਗਵਾਇ।
ਜਾਹੁ ਪਲਾਵਤਿ[1], ਪੁਨ ਹਟਿ ਆਵੌਂ, — [1]ਘੋੜੇ ਦੌੜਾਈ ਜਾਓ)।
ਦੀਜੈ ਸੁਧਿ ਤਿਸ ਤੇ ਸੁਨ ਪਾਇ[1] ॥੨੧॥ — [1]ਤਿਸ ਸਿੱਖ ਤੋਂ ਸੁਣਕੇ ਸਾਨੂੰ) ਖਬਰ ਦਿਓ।
ਦਈ ਨਿਹਾਰੀ ਹਯਨਿ[1] ਅਰੂਢੇ — [1]ਨਿਹਾਰੀ ਦਿੱਤੀ ਘੋੜਿਆਂ ਨੂੰ ਤੇ।
ਦਿੱਲੀ ਪੁਰਿ ਕੇ ਮਾਰਗ ਚਾਲਿ।
ਨਿਸ ਬਾਸੁਰ ਗਮਨੇ ਇਕ ਸਮ ਹੀ,
ਦੇਖਤਿ ਨਰ ਹਿਤ ਸਿੱਖ ਸਮਾਲ[1]। — [1]ਸਾਰੇ ਪੁਰਸ਼ਾਂ ਨੂੰ ਦੇਖਦੇ ਹਨ ਸਿੱਖ ਦੀ ਸੰਭਾਲ ਲਈ।
ਕੇਤਿਕ ਮਜ਼ਲ ਗਏ ਅਵਲੋਕਯੋ,
ਗੁਰ ਸਿਰ ਬਸਤ੍ਰ ਲਪੇਟੇ ਜਾਲ[1]। — [1]ਬਹੁਤ (ਬਸਤ੍ਰਾਂ ਨਾਲ)।
ਅਪਨੇ ਸੀਸ ਉਠਾਵਨ ਕੀਨਸਿ
ਇਤ ਉਤ ਪਿਖਤਿ ਸਤ੍ਰਾਸ ਬਿਸਾਲ ॥੨੨॥
ਕੀਨਿ ਚਿਨਾਰਿ, ਮਿਲੇ ਕਰਿ ਬੰਦਨ
'ਕਹੁ ਸੁਧਿ ਗੁਰ ਕੀ ਜਥਾ ਬ੍ਰਿਤਾਂਤ।'
ਸੁਨਿ ਤਿਨ ਭਨੀ, 'ਮੋਹਿ ਢਿਗ ਗੁਰ ਸਿਰ,
ਚਹੌਂ ਅਨੰਦ ਪੁਰਿ ਲੇ ਕਰਿ ਜਾਤਿ।

ਤੁਮ ਕਿਤ ਜਾਹੁ, ਹਟਹੁ ਅਬਿ ਪਾਛੇ
ਬੀਤੀ ਤਿਮ, ਚਹਿਂ ਗੁਰ ਜਿਸ ਭਾਂਤਿ[1]। [1]ਗੁਰੂ ਜੀ ਜਿਵੇਂ ਚਾਹੁੰਦੇ ਸਨ।
ਗਮਨਹੁ ਤੂਰਨ, ਦੇਹੁ ਸਦਨ ਸੁਧਿ,
ਪੁਨ ਮੈਂ ਭਨਹੁਂ ਆਇ ਸਭਿ ਬਾਤ
॥੨੩॥
ਕੀਰਤਪੁਰਿ ਮੈਂ ਠਹਿਰਨ ਕਰਿਹੌਂ,
ਬ੍ਰਿੰਦ ਦੇਹੁਰੇ ਗੁਰ ਸੋਢੀਨ।
ਆਗੇ ਗੁਰ ਇੱਛਾ ਜਿਮ ਹੋਵੈ
ਤਿਮ ਬਰਤਹਿਂ ਆਛੀ ਮਨ ਚੀਨਿ।'
ਸੁਨਿ ਦੋਨਹੁਂ ਬਿਰਤਾਂਤ ਹਟੇ ਤਬਿ
ਗਮਨੇ ਆਨੰਦਪੁਰਿ ਮਗ ਲੀਨਿ।
ਸ਼ੀਘ੍ਰ ਕਰਤਿ ਸਭਿ ਪੰਥ ਉਲੰਘੇ
ਬਰੇ ਸਦਨ ਹਯ ਬੰਧਨਿ ਕੀਨਿ ॥੨੪॥
ਗੁਰ ਢਿਗ ਪਹੁੰਚਿ ਬੰਦਨਾ ਠਾਨੀ,
ਬਰਨਜੋਂ ਦਿੱਲੀ ਕੇਰ ਬ੍ਰਿਤੰਤ।
ਸੁਨਿ ਕਰਿ ਸ਼ੋਕਮਾਨ ਸਭਿ ਹ੍ਵੈ ਕਰਿ
ਨੀਰ ਬਿਲੋਚਨ ਤੇ ਨਿਚੁਰੰਤਿ।
ਸ਼੍ਰੀ ਗੋਬਿੰਦ ਸਿੰਘ ਬਰਜੇ ਸਗਰੇ
ਬ੍ਰਿੰਦ ਮਸੰਦਨਿ ਸੰਗ ਭਨੰਤਿ।
'ਤਜਾਰੀ ਕਰਹੁ ਦਰਬ ਗਨ[1] ਖਰਚਹੁ, [1]ਬਹੁਤਾ ਧਨ।
ਬਨਹਿ ਬਿਮਾਨ ਅਧਿਕ ਦੁਤਿਵੰਤ
॥੨੫॥
ਕੰਚਨ ਪੁਸ਼ਪ[1] ਆਦਿ ਸਬਿ ਕਰੀਅਹਿ, [1]ਸੂਰਨ ਦੇ ਫੁੱਲ।
ਚੰਦਨ ਚਾਰੁ[1]† ਲਜਾਇ ਤਤਕਾਲ। [1]ਸੁੰਦਰ ਚੰਦਨ। †ਪਾ:-ਭਾਰ।
ਫੂਲਨ ਕੀ ਮਾਲਾ ਗਨ ਸਿਰਜਹੁ,
ਪਸ਼ਮੰਬਰ ਲਿਹੁ ਮੋਲ ਬਿਸਾਲ।
ਅਨਿਕ ਸੁਗੰਧਨਿ ਕਰਹੁ ਸਕੇਲਨਿ,
ਜਵ[1] ਤਿਲ ਘ੍ਰਿੱਤ ਸੰਚੀਅਹਿ[2] ਜਾਲ।' [1]ਜੌਂ। [2]ਕੱਠਾ ਕਰੋ।
ਸੁਨਿ ਗੁਰ ਹੁਕਮ ਪਠਾਏ ਨਰ ਗਨ
'ਬਡੇ ਨਗਰ ਤੇ ਆਨਹੁਂ ਭਾਲਿ[1]' ॥੨੬॥ [1]ਲੱਭਕੇ।

ਦੋਹਰਾ:

ਇਮ ਤਜਾਰੀ ਸਤਿਗੁਰੁ ਕਰੀ, ਸਰਬ

ਭਾਂਤਿ ਕੀ ਜੋਇ।
ਉਤ ਤੇ ਲੇ ਕੀਰਤਪੁਰੇ, ਪਹੁੰਚਜੋ ਗੁਰ ਸਿੱਖ
ਸੋਇ ॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸੀਸ ਲਜਾਵਨਿ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

੩. [ਸੀਸ ਸਸਕਾਰ ਅਨੰਦ ਪੁਰ]

੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪

ਦੋਹਰਾ:

ਗੁਜਰੀ ਜੁਤਿ ਸ਼੍ਰੀ ਨਾਨਕੀ, ਤਿਨ ਢਿਗ ਸਤਿਗੁਰ ਜਾਇ।
'ਕਿਤ ਸਸਕਾਰਹਿਂ ਗੁਰੂ ਸਿਰ? ਬੂਝਯੋ ਜਿਮ ਬਨਿ ਆਇ' ॥੧॥

ਸ੍ਵੈਯਾ:

ਬ੍ਰਿੰਦ ਮਸੰਦ ਕਹ੍ਯੋ ਕਰ ਬੰਦਿ
'ਗੁਰੂ ਹਰਿਗੋਬਿੰਦ ਜੀ ਸਸਕਾਰੇ।
ਤਾਂ ਦਿਨ ਤੇ ਗਨ ਸੋਢਿਨਿ ਬੰਸ
ਸਭੈ ਪੁਰਿ ਕੀਰਤਿ ਕੇਰ ਮਝਾਰੇ[1]। — [1]ਕੀਰਤਪੁਰ ਦੇ ਵਿਚ (ਸਸਕਾਰੇ ਹਨ)।
ਜਯੋਂ ਮਰਜ਼ੀ ਅਬਿ ਰਾਵਰ ਕੀ
ਕਰਿਯੇ ਤਿਮ ਆਛਿਯ ਬੁੱਧਿ ਬਿਚਾਰੇ।'
ਸ੍ਰੀ ਗੁਜਰੀ ਸੁਨਿ ਕੈ ਤਿਨ ਤੇ
ਨਹਿਂ ਮਾਨਤਿ ਭੀ ਮੁਖ ਬਾਕ ਉਚਾਰੇ ॥੨॥

'ਔਰਨਿ ਕੋ ਨ ਰਚ੍ਯੋ ਪੁਰਿ ਕੋ[1] — [1]ਹੋਰਨਾਂ ਸੋਢੀਆਂ ਨੇ ਆਪਣਾ ਨਗਰ ਤਾਂ ਕੋਈ ਨਹੀਂ ਰਚਿਆ ਹੋਇਆ ਸੀ।
ਇਸ ਕਾਰਨ ਤੇ ਤਹਿਂ ਲੇ ਸਸਕਾਰੇ।
ਏ[1] ਜਿਸ ਕਾਲ ਲਈ ਗੁਰਤਾ — [1]ਭਾਵ ਗੁਰੂ ਤੇਗ ਬਹਾਦਰ ਜੀ ਨੇ।
ਤਜਿ ਪੂਰਬ ਬਾਸ[1] ਉਠੇ ਉਰ ਧਾਰੇ। — [1]ਛੱਡ ਕੇ ਪਹਿਲੇ ਘਰ ਬਾਰ।
-ਈਰਖਾ ਧਾਰਿ ਸ਼ਰੀਕ ਰਹੈਂ
ਇਹ ਨੀਕ ਨਹੀਂ ਪਰਿ ਹੈ ਬਿਚ ਰਾਰੇ[1]-। — [1]ਚੰਗਾ ਨਹੀਂ ਕਿ ਝਗੜਿਆਂ ਵਿਚ ਪਵੀਏ।
ਸ਼ਾਂਤਿ ਸਰੂਪ ਅਨੂਪ ਸਦਾ
ਇਤ ਆਵਤਿ ਭੇ ਸ਼ੁਭ ਥਾਨ ਨਿਹਾਰੇ ॥੩॥

ਬ੍ਰਿੰਦ ਦਯੋ ਧਨ, ਮੋਲ ਲਈ ਧਰ[1] — [1]ਜ਼ਮੀਨ ਮੁੱਲ ਲੀਤੀ।
ਔਰ ਉਪਾਇ ਕਰੇ ਸਭਿ ਭਾਂਤੀ।
ਆਨੰਦ ਦਾ ਪਿਖਿ ਥਾਨ ਮਹਾਂਨ
ਧਰ੍ਯੋ ਤਬਿ ਨਾਮ ਭਯੋ ਬੱਖਯਾਤੀ[1]। — [1]ਭਾਵ ਆਨੰਦ ਪੁਰ ਪ੍ਰਸਿੱਧ ਹੋ ਗਿਆ।
ਆਨਿ ਕਰੋ ਸਸਕਾਰ ਇਹਾਂ,
ਬਿਰਧਾ ਤਿਨ ਮਾਤ ਬਡੀ ਬਿਲਲਾਤੀ[1]। — [1]ਰੋਂਦੀ ਹੈ।
ਸੁੰਦਰ ਸ੍ਰੀ ਮੁਖ ਕੌ ਦਰਸੈਂ,
ਸਭਿ ਤੇ ਸ਼ੁਭ ਜਾਨਹੁ ਹੈ ਇਹ ਬਾਤੀ'

॥ ੪ ॥

ਯੌਂ ਭਨਤੇ[1] ਭਰਿ ਕੰਠ ਗਯੋ	[1]ਕਹਿੰਦਿਆਂ।
ਬਡ ਪ੍ਰੇਮ ਤੇ ਬਾਕ ਕਹ੍ਯੋ ਨਹਿਂ ਜਾਈ।	
ਮਾਤ ਕੀ ਬਾਤ ਸੁਨੀ ਗੁਰ ਪੂਰਨ,	
ਜਾਨਿ ਕੈ ਨੀਕ ਭਲੇ ਮਨ ਭਾਈ।	
ਤ੍ਯਾਰ ਭਏ ਹਿਤ ਲ੍ਯਾਵਨ ਕੇ ਪੁਰਿ	
ਦੋਨਹੁਂ ਮਾਤ ਅਵਾਸ ਟਿਕਾਈ।	
ਔਰ ਸਮਾਜ ਬਿਸਾਲ ਲਿਯੋ ਸੰਗ	
ਸੀਸ ਉਠਾਇ ਚਲੇ ਸਮੁਦਾਈ ॥ ੫ ॥	
ਪੁੰਜ ਲਗ੍ਯੋ ਧਨ, ਚਾਰੁ[1] ਬਿਮਾਨ	[1]ਸੁੰਦਰ।
ਉਠਾਇ ਕਰ੍ਯੋ ਸਭਿ ਤੇ ਅਗਵਾਈ।	
ਬ੍ਰਿੰਦ ਮਸੰਦ ਮਿਲੇ ਸਿਖ ਸੇਵਕ	
ਸ਼੍ਰੀ ਗੁਰ ਸੰਗ ਭਲੇ ਪਿਛਵਾਈ।	
ਪਾਠ ਕਰੈਂ ਗੁਰਬਾਨਿ ਮਹਾਨ ਕੋ[1]	[1]ਸ਼੍ਰੇਸ਼ਟ ਗੁਰਬਾਣੀ ਦਾ।
ਲੋਚਨ ਤੇ ਜਲ ਮੋਚਤਿ ਜਾਈ।	
ਜਾਤਿ ਭਏ ਪੁਰਿ ਕੀਰਤਿ ਮੈਂ,	
ਗੁਰ ਕੀਰਤਿ ਕੋ ਬਰਨੈਂ ਸਮੁਦਾਈ ॥ ੬ ॥	
ਜਹਿਂ ਸੀਸ ਲਿਏ ਗੁਰ ਕੋ ਸਿਖ ਥੋ	
ਪੁਰਿ ਤੇ ਪਰਿ ਬਾਹਰ ਜਾਤਿ ਭਏ[1]।	[1]ਨਗਰ ਤੋਂ ਪਰੇ ਬਾਹਰ ਗਏ।
ਨਰ ਨਾਰਿਨਿ, ਸ਼੍ਰੌਨ ਸੁਨ੍ਯੋ ਸਭਿ ਕਾਰਨ,	
ਦਾਰੁਨ ਸੰਕਟ ਸ਼ੋਕ ਭਏ।	
ਹਹਕਾਰ ਉਚਾਰਤਿ, ਹੋਤਿ ਦੁਖਾਰਤ[1],	[1]ਦੁਖ ਨਾਲ ਆਰਤ ਹੁੰਦੇ ਹਨ।
ਜਾਇ ਮਿਲੇ ਸਭਿ ਦੋਖ ਲਏ।	
ਤਤਕਾਲ ਬਿਮਾਲ ਕੇ ਬੀਚ ਟਿਕਾਇ	
ਉਠਾਇ ਸਮੂਹ ਨਮੋ ਸੁ ਕਏ[1] ॥ ੭ ॥	[1]ਕੀਤੀ।
ਚੌਰ ਢੁਰੈਂ ਚਹੁ ਓਰਨਿ ਤੇ	
ਬਹੁ ਮੋਲਨਿ ਕੇ ਗਨ ਪਾਇ ਦੁਸ਼ਾਲੇ।	
ਕੋ ਛਿਰਕਾਵ ਗੁਲਾਬ ਅਜਾਬ ਤੇ[1],	[1]ਅਸਚਰਜ ਗੁਲਾਲ ਨਾਲ।
ਗੁੰਦਿ ਬਿਸਾਲ ਹੀ ਮਾਲਨਿ ਡਾਲੇ[1]।	[1]ਗੁੰਦੀਆਂ ਹੋਈਆਂ ਵਡੀਆਂ (ਫੁਲਾਂ ਦੀਆਂ) ਮਾਲਾਂ ਪਾਂਵਦੇ ਹਨ।
ਪੁੰਜ ਸੁਗੰਧਿਨਿ ਸੀਂਚਤਿ ਹੈਂ	
ਮਹਿਕਾਰ ਉਠ੍ਯੋ ਇਮ ਅੱਗ੍ਰਯ ਚਾਲੇ।	

ਗਾਵਤਿ ਰਾਗਨਿ ਸ਼੍ਰੀ ਗੁਰ ਬਾਕਨਿ
ਬ੍ਰਿੰਦ ਮ੍ਰਿਦੰਗ ਰਬਾਬਨਿ† ਨਾਲੇ ॥ ੮ ॥ †ਪਾ:-ਰਬਾਬ ਕਿ।
ਮਾਰੂ ਮਿਲੇ ਵਡਹੰਸ ਕੋ ਗਾਵਤਿ
ਲਾਵਤਿ ਪੌੜੀ ਥਿਰੰਤਿ ਅਗਾਰੀ[1]। [1]ਅੱਗੇ ਖਲੋ ਕੇ।
ਲੇ ਧਨ ਕੋ ਗਮਨੈਂ ਪੁਰਿ† ਪੰਥ †ਪਾ:-ਪੁਨ।
ਬਿਮਾਨ ਕੇ ਊਪਰਿ ਕੋ ਪੁਨ ਡਾਰੀ।
ਕੰਚਨ ਫੂਲ ਸੁ ਲਾਜ ਬਿਖੇਰੈਂ[1], [1]ਸੋਨੇ ਦੇ ਫੁਲ ਤੇ ਫੁਲੀਆਂ ਖਿਲਾਰਦੇ ਹਨ।
ਹੇਰਤਿ ਸ਼ੋਕ ਕਰੈਂ ਨਰ ਨਾਰੀ।
ਕੇਤਿਕ ਸੇਵਕ ਲੈ ਧਨ ਕੋ ਗਨ,
ਕੈ ਬਰਖਾ[1] ਬਹੁ ਮੂਠਨਿ ਡਾਰੀ ॥ ੯ ॥ [1]ਬਰਖਾ ਕਰਦੇ ਹਨ।
ਮੰਦ ਹੀ ਮੰਦ ਅਨੰਦਪੁਰੇ ਕਹੁ
ਆਵਤਿ ਸ਼ੋਕ ਬਿਲੰਦ ਉਪਾਏ।
ਬ੍ਰਿੰਦ ਮਸੰਦਨਿ ਸੇਵਕ ਸਿੱਖ
ਬਿਮਾਨ ਚਹੂੰ ਦਿਸ਼ਿ ਹ੍ਵੈ ਗਮਨਾਏ।
ਸੰਖਨ ਸ਼ੋਰ ਸ ਜ਼ੋਰ ਕਰੈਂ,
ਤੁਰਕੇਸ਼ੁਰ ਸ੍ਰਾਪਹਿਂ ਗਾਰਿ ਅਲਾਏ।
'ਸਾਗਰ ਖਾਰਪਰੀ ਜਰ ਜਾਇ[1], [1]ਖਾਰੇ ਸਾਗਰ ਵਿਚ ਇਸ ਦੀ ਜੜ੍ਹ ਜਾ ਪਈ ਹੈ। (ਭਾਵ ਸੜ ਜਾਏਗੀ ਰਹਿੰਦੀ ਨਹੀਂ)।
ਕੁਪੂਤ ਭਯੋ, ਕੁਲ ਰਾਜ ਨਸਾਏ[1]' ॥ ੧੦ ॥ [1]ਕੁਲ ਦਾ ਰਾਜ ਨਹੀਂ ਰਹੇਗਾ।
ਆਇ ਸਮੀਪ ਅਨੰਦਪੁਰੇ ਜਬਿ
ਬਾਲਿਕ ਬ੍ਰਿੱਧ ਸੁਨਜੋ ਨਰ ਨਾਰੀ।
ਸ਼੍ਰੀ ਗੁਜਰੀ ਤਜਿ ਮੰਦਰਿ ਕੋ
ਨਿਕਸੀ ਪੁਰਿ ਤੇ ਮਿਲਿਬੇ ਅਗਵਾਰੀ।
ਨਾਨਕੀ ਮਾਤ ਟਿਕਾਇ ਰਖੀ
ਬਲ ਹੀਨ ਬ੍ਰਿਧਾ ਲਹਿਂ ਸੰਕਟ ਭਾਰੀ।
ਔਰ ਸਭਹਿ ਨਿਕਸੇ ਉਤਲਾਵਤਿ
ਭਾ ਹਹਕਾਰ ਅਜੋਗ ਬਿਚਾਰੀ ॥ ੧੧ ॥
ਦੇਖਿ ਬਿਮਾਨ ਮਹਾਨ ਪ੍ਰਭਾ,
ਪਤਿ ਕੇ ਸਿਮਰੰਤਿ ਰਿਦੇ ਗੁਨ ਭਾਰੀ।
'ਰਾਵਰਿ ਨੰਦਨ ਬੈਸ ਬਿਲੰਦਨ[1], [1]ਆਪ ਦੇ ਸੁਪੱਤ੍ਰ ਦੀ ਆਯੂ ਵਡੀ ਨਹੀਂ।
ਮਾਤ ਬ੍ਰਿਧਾ ਬਹੁ ਸੰਕਟ ਧਾਰੀ।'
ਬੰਦਤਿ ਹਾਥਨਿ ਬੰਦਨ ਕੋ ਕਰਿ

ਸੀਸ ਨਿਵਾਵਤਿ ਆਂਸੁਨਿ ਡਾਰੀ।
ਲਜਾਵਤਿ ਭੇ ਤਿਸ ਥਾਨ ਤਬੈ
ਜਹਿਂ ਚੰਦਨ ਭਾਰ ਟਿਕਾਇ ਅਗਾਰੀ
॥ ੧੨ ॥
ਆਨਿ ਮਿਲੀ ਤਹਿਂ ਨਾਨਕੀ ਮਾਤ
ਪੁਕਾਰਤਿ ਊਚੌ ਨਾਮ ਉਚਾਰੀ।
'ਮੋ ਸੁਤ ਸ਼ਾਂਤਿ ਸਰੂਪ ਅਨੂਪ
ਸ਼੍ਰੀ ਮੁਖ ਦੇਖਿ ਲਵੌਂ ਇਸ ਬਾਰੀ।
ਮੈਂ ਮਰਿ ਹੌਂ ਧਰਿ ਸ਼ੋਕ ਅਬੈ
ਕਿਮ ਜੀਵਨ ਹ੍ਵੈ ਇਸ ਰੀਤਿ ਦੁਖਾਰੀ।
ਯੌਂ ਬਿਰਲਾਪ ਸੁਨਜੋਂ ਜਬਿ ਹੀ,
ਗੁਰ ਆਇਸੁ ਪਾਇ, ਬਿਮਾਨ ਉਤਾਰੀ
॥ ੧੩ ॥
ਟਾਰਿ ਸਭੈ ਪਟ ਸ਼੍ਰੀ ਗੁਰ ਕੋ ਮੁਖ
ਦੇਖਤਿ ਭੇ ਗੁਜਰੀ ਸੁਤ[1] ਸਾਥਾ। — [1]ਭਾਵ ਦਸਮੇ ਗੁਰੂ ਜੀ।
ਨਾਨਕੀ ਮਾਤ ਬਿਲੋਕਤਿ ਹੈ
ਬਹੁ ਰੋਦਤਿ ਆਪ ਲਗਾਵਤਿ ਹਾਥਾ।
ਜਯੋਂ ਦੁਤਿ ਜੀਵਤਿ ਥੀਵਹਿ ਹੈ
ਤਿਮ ਹੀ ਸ਼ੁਭ ਸ਼ੋਭਤਿ ਆਨਨ ਮਾਥਾ।
ਮੁੰਦਤਿ ਲੋਚਨ ਦੋਨਹੁੰ ਯਾ ਬਿਧਿ
ਜਯੋਂ ਸੁਕੁਚੇ ਦਲ ਕੰਜ ਅਪਾਥਾ[1] ॥ ੧੪ ॥ — [1]ਜਿਵੇਂ ਕਮਲ ਦੇ ਪਤੇ ਜਲ ਤੋਂ ਬਿਨਾਂ ਸੁੰਗੜੇ ਹੁੰਦੇ ਹਨ।
ਮੇਚਕ ਸੇਤ[1] ਸੁ ਕੇਸ ਮਿਲੇ — [1]ਕਾਲੇ ਤੇ ਚਿੱਟੇ।
ਸ਼ਮਸ਼੍ਰਾਨਨ ਕੇ ਸ਼ੁਭ ਸ਼ੋਭਤਿ ਹੈਂ[1]। — [1]ਚਿਹਰੇ ਦੇ (ਉਪਰ) ਦਾਹੜੇ ਦੇ (ਤੇ) ਸੀਸ ਦੇ ਕਾਲੇ ਚਿੱਟੇ ਕੇਸ ਮਿਲੇ ਸ਼ੋਭ ਰਹੇ ਹਨ।
ਬ੍ਰਿੰਦ ਮਸੰਦ ਬਡੇ ਸਿਖ ਸੇਵਕ
ਹੇਤੁ ਬਿਲੋਕਨਿ ਲੋਭਤਿ ਹੈਂ।
ਭੀਰ ਭਈ, ਸਭਿ ਬੰਦਤਿ ਹੈ,
ਬਡ ਪ੍ਰੇਮ ਧਰੇ ਉਰ ਛੋਭਤਿ ਹੈਂ।
ਛਾਦਨ ਕੀਨਿ ਚਿਖਾ ਰਚਿ ਕੈ,
ਦੁਖ ਸ਼ੋਕ ਜਯੋਂ ਸੰਕਟ ਚੋਭਤਿ ਹੈਂ[1] — [1]ਕੰਡੇ ਵਾਂਗ ਚੁਭਦੇ ਹਨ।
॥ ੧੫ ॥
ਚੰਦਨ ਕੀ ਚਿਖ ਪੈ ਧਰਿ ਦੀਨਿ,

ਭਏ ਮਨ ਦੀਨ, ਸਭੈ ਤਿਸ ਕਾਲਾ।
ਸ਼੍ਰੀ ਗੁਰ ਕੇ ਕਰ ਦੇ ਕਰਿ ਦਾਸਨਿ[1]
ਕੀਨਿ ਪ੍ਰਕਾਸ਼ ਚਹੂੰ ਦਿਸ਼ ਜ੍ਵਾਲਾ।
ਫੇਰ ਪ੍ਰਦੱਛਨ ਕੋ ਕਰਿ ਕੈ
ਅਭਿਬੰਦਨ ਹ੍ਵੈ ਧਰਿ ਪ੍ਰੇਮ ਬਿਸਾਲਾ।
ਕੀਨਿ ਕ੍ਰਿਆ ਸਗਰੀ ਕਲਗ਼ੀਧਰ,
ਨੀਰ ਸ਼ਨਾਨ ਕਰਯੋ ਨਰ ਜਾਲਾ[†] ॥੧੬॥
ਤੀਰ ਸਤੁੱਦ੍ਰਵ ਬੈਠਿ ਗਏ ਸਭਿ
ਗਾਇ ਗਿਰਾ ਗੁਰ ਕੀ ਸੁਖਦਾਈ।
ਏਕ ਮਨੇ ਹੁਇ ਸ਼੍ਰੋਨ ਸੁਨੈਂ ਇਕ,
ਧਯਾਨ ਧਰੈ ਗੁਰ ਮੂਰਤਿ ਭਾਈ[1]।
ਦੀਨਿ ਤਿਲਾਂਜੁਲ[†] ਸ਼੍ਰੀ ਪਤਿ ਕੇ ਹਿਤ[1]
ਜਯੋਂ ਸਭਿ ਰੀਤਿ ਚਲੀ ਜਗ ਆਈ।
ਚੀਰ ਸਨੀਰ ਉਤਾਰਿ[1] ਸਰੀਰ
ਨਿਕਟ ਭੂਪ ਕੇ ਭੂਪਤਿ ਜੋਈ।
ਮਿਲ੍ਯੋ ਦੇਸ਼ ਰਈਯਤ ਜੁਤਿ ਹੋਈ[1] ॥੨੪॥
[1]ਰਯਤ ਸਮੇਤ ਜਿਸ ਦਾ ਦੇਸ਼ ਮਿਲਿਆ ਹੋਵੇ ਭਾਵ ਹੱਦ ਸਾਂਝੀ ਹੋਵੇ।
ਸੋ ਆਪਸ ਮਹਿਂ ਸ਼ੱਤ੍ਰੂ ਬਨੈਂ।
ਕਬਹੂੰ ਲਰਨਿ ਹੋਇ ਰਿਸ ਸਨੈ।
ਤਿਸ ਰਿਪੁ ਤੇ ਜੁ ਪਰੈ ਮਹਿਪਾਲਾ[1]।
[1]ਤੀਜੇ ਥਾਂ ਵਾਲਾ ਰਾਜਾ (ਜਿਸ ਦੀ ਹੱਦ ਨਾ ਲਗਦੀ ਹੋਵੇ)।
ਸੋ ਕਰੀਅਹਿ ਹੈ ਮਿੱਤ੍ਰ ਬਿਸਾਲਾ[1] ॥੨੫॥
[1]ਸੋ ਕਰਨਾ ਚਾਹੀਦਾ ਹੈ ਮਿੱਤ੍ਰ।
ਤਿਸ ਤੇ ਪਰੈ ਤੀਸਰੋ ਜੋਇ।
ਉਦਾਸੀਨ ਰਹਿ, ਭਾਖਹਿਂ ਸੋਇ[1]।
[1]ਇਹ (ਸਿਆਣੇ) ਕਹਿੰਦੇ ਹਨ।
ਚਢਹਿਂ ਆਪ, ਦੁੰਦਭਿ ਜਬਿ ਬਾਜੇ।
ਚਹੁੰ ਦਿਸ਼ਿ ਕੇਰ ਸਮੀਪੀ ਰਾਜੇ ॥੨੬॥
ਖੁਨਸਹਿਂ, ਜਰ੍ਯੋ ਨ ਜਾਇ ਪ੍ਰਤਾਪੂ।
ਬਿਗਰਹਿਂ, ਪਰਹਿਂ ਜੰਗ ਭਟ ਖਾਪੂ[1]।'
[1]ਸੂਰਮੇ ਮਰਨਗੇ।
ਸੁਨਿ ਕ੍ਰਿਪਾਲ ਤੇ ਸੰਗੋ ਕਹੈ।
'ਇਮ ਹਮ ਕਿਮ ਛਪਿ ਕਰਿ ਜਗ ਰਹੈਂ ॥੨੭॥
ਗੁਰ ਪ੍ਰਤਾਪ ਸਾਗਰ ਲਗਿ ਜਾਇ।
ਅਚਲੇਸ਼ਨ ਤੇ ਰੁਕਹਿ† ਨ ਕਾਇ[1]।
[1]ਪਹਾੜੀ ਰਾਜਿਆਂ ਤੋਂ ਕਿਸੀ ਤਰ੍ਹਾਂ ਰੁਕ ਨਹੀਂ ਸਕੇਗਾ (ਗੁਰ ਪ੍ਰਤਾਪ)। †ਪਾ:-ਰੁਚਹਿ।
ਗੁਰ ਘਰ ਸ਼ੰਕਮਾਨ ਨਹਿਂ ਕਿਸ ਤੇ।
ਚਲੇ ਆਇਂ ਸਿਖ ਜਿਸ ਕਿਸ ਦਿਸ਼ਿ ਤੇ' ॥੨੮॥
ਨਿਕਟ ਮਸੰਦਨ[1] ਸੁਨਤਿ ਬਖਾਨਾ।
[1]ਕੋਲ ਦੇ ਮਸੰਦਾਂ ਨੇ।
'ਰਿਦੇ ਬਿਚਾਰ ਲੇਹੁ ਬਿਧਿ ਨਾਨਾ।
ਰਿਪੁ ਕੋ ਅਪਨੋ[1] ਦਲ ਅਰੁ ਬਲ ਕੋ।
[1]ਵੈਰੀ ਦੇ (ਤੇ) ਆਪਣੇ।
ਤੋਲਨ ਕਰਿ ਲੀਜੈ ਲਖਿ ਛਲ ਕੋ[1] ॥੨੯॥
[1]ਆਪਣੇ ਤੇ ਵੈਰੀ ਦੀ ਫੌਜ ਤੇ ਤਾਕਤ ਨੂੰ ਤੋਲ ਲਓ (ਨਾਲੇ) (ਉਸਦੇ) ਛਲ ਦਾ ਅਨੁਮਾਨ ਲਾ ਲਓ।

ਤੁਮ ਜਗ ਪੂਜ ਸ਼ਾਂਤਿ ਮਤਿ ਜਾਨਹੁਂ।
ਦੇਸ਼ਨਿ ਪਤੀ ਨਰੇਸ਼[1] ਪਛਾਨਹੁ। [1]ਦੇਸ਼ਾਂ ਦੇ ਮਾਲਕ ਰਾਜੇ ਹਨ।
ਪੁਨ ਤੁਰਕਨਿ ਕੋ ਜੋਰ ਬਡੇਰਾ।
ਚਹੁਂ ਕੁੰਟਨਿ ਕੋ ਰਾਜ ਘਨੇਰਾ ॥੩੦॥
ਤੋਪ ਜੰਬੂਰਨਿ ਕੋ ਗਿਨਤੀ ਕਹਾਂ।
ਲਖੀਅਤਿ ਜਗਤ ਪ੍ਰਤਾਪੀ ਮਹਾਂ।'
ਪੁਨ ਸੰਗੋ ਕਰਿ ਤਮਕ[1] ਬਖਾਨਾ। [1]ਗੁੱਸਾ।
'ਗੁਰੂ ਪਿਤਾਮਾ ਹਮਰੋ ਨਾਨਾ ॥੩੧॥
ਤੁਰਕਨ ਸਾਥ ਕੀਨਿ ਘਮਸਾਨਾ।
ਬਹੁਤ ਬਾਰਿ ਸੰਘਰ ਕੋ ਠਾਨਾ।
ਜੋ ਤੁਮ ਭਨਿਹੋ ਬਡੋ ਬਡੇਰੋ।
ਹਤਿ ਰਿਪੁ ਕੀਨਿ ਲਥੇਰ ਪਥੇਰੋ[1] ॥੩੨॥ [1]ਲਿਤਾੜ ਕੇ ਮਿੱਟੀ ਵਿਚ ਮੇਲ ਦਿੱਤੇ, ਭਾਵ ਤਬਾਹ ਕਰ ਦਿੱਤੇ।
ਤਿਨਹੂੰ ਕੇ ਪੌਤ੍ਰੇ ਇਹ ਅਹੈਂ।
ਅਪਨਿ ਪ੍ਰਤਾਪ ਬਧਾਵਨਿ ਚਹੈਂ।
ਸਕਲ ਕਲਾ ਸਮਰਥ ਬਲ ਭਾਰੀ।
ਕਿਮ ਤੁਮ ਰੋਕਹੁ ਬਾਕ ਉਚਾਰੀ' ॥੩੩॥
ਸੁਨਿ ਸੰਗੋ ਕੇ ਬਚ ਰਸ ਬੀਰ।
ਭਏ ਪ੍ਰਸੰਨ ਗੁਰੂ ਗੰਭੀਰ।
'ਭੋ ਮਾਤੁਲ ! ਗਿਰਪਤਿ ਨਿਤ ਪਾਸ।
ਕਬਿ ਲੌਂ ਬੈਠਿ ਰਹੈਂ ਕਰਿ ਤ੍ਰਾਸ ॥੩੪॥
ਪੁਰਿ ਅਪਨੇ ਮਹਿਂ ਕੈ ਬਨ ਮਹੀਆ।
ਕਰਹਿਂ ਤਥਾ ਜੈਸੇ ਚਿਤ ਚਹੀਆ।
ਬਿਨ ਕਾਰਨ ਤੇ ਰਿਦੈ ਰਿਸੈ ਹੈਂ।
ਅਪਨੋ ਬਲ ਹਮ ਪਰ ਕੁਛ ਕੈਹੈਂ ॥੩੫॥
ਤੌਂ ਇਤ ਕਹਾਂ ਨਾਰਿ ਤਨ ਧਾਰਾ[1]। [1]ਤਾਂ ਏਥੇ ਕਿਹੜਾ (ਅਸਾਂ) ਤੀਵੀਆਂ ਦਾ ਤਨ ਧਾਰਿਆ ਹੋਇਆ ਹੈ।
ਕਰਹਿਂ ਦਿਖਾਵਨਿ ਖੜਗਨਿ ਧਾਰਾ।
ਆਗਜਾ ਹਮਹਿਂ ਅਕਾਲ ਪੁਰਖ ਕੀ।
ਕਰਹਿਂ ਬਾਰਤਾ ਕਰਤੇ ਰੁਖ ਕੀ[1] ॥੩੬॥ [1]ਅਕਾਲ ਪੁਰਖ ਦੇ ਰੁਖ ਦੀ।
ਬਿਦਤਿ ਹੋਨਿ ਕੇ ਹੇਤੁ ਪਠਾਏ।
ਕਯੋਂ ਨ ਕਰਹਿਂ ਹਮ ਪ੍ਰਭੁ ਰਜ਼ਾਏ।
ਬਿਨ ਦੁੰਦਭਿ ਤੇ ਚਮੂੰ ਹਮਾਰੀ।

ਕਿਮ ਸ਼ੋਭਾ ਪ੍ਰਾਪਤਿ ਬਲ ਭਾਰੀ ॥੩੭॥
ਜੇ ਅਬਿ ਛਪੌਂ ਤ੍ਰਾਸ ਕੋ ਧਰੈਂ।
ਅਪਰ ਕਾਜ ਕੈਸੇ ਹਮ ਕਰੈਂ।
ਬਿਨਾ ਬਿਲੰਬ ਤਯਾਰ ਕਰਿਵਾਵਹੁ।
ਸਿਮਰਿ ਗੁਰੂ ਨਾਨਕ ਬਜਵਾਵਹੁ ॥੩੮॥
ਪਰਲੇ ਅਹੈਂ ਦੂਰ ਜੇ ਸੈਲ[1]। [1]ਪਹਾੜ।
ਚਲਹਿਂ ਤਹਾਂ ਤਿਕ ਕਰਤੇ ਸੈਲ[1]। [1]ਉਥੋਂ ਤੀਕ ਚੱਲਾਂਗੇ ਸੈਰ ਕਰਦੇ।
ਹੇਰਹਿਂ ਬਿਚਰਤਿ ਕਾਨਨ ਨਾਨਾ।
ਖੇਲਤਿ ਕਰਹਿਂ ਅਖੇਰ ਮਹਾਨਾ ॥੩੯॥
ਭੀਮਚੰਦ ਭੂਪਤਿ ਅਹੰਕਾਰੀ।
ਸਭਿ ਗਿਰਪਤਿ ਜਿਸ ਕੇ ਅਨੁਸਾਰੀ।
ਪ੍ਰਥਮ ਦਯੋਸ ਹੀ ਤਾਂਹਿ ਸੁਨਾਵੈਂ।
ਦੁਹਰੀ ਦੁੰਦਭਿ ਚੋਬ ਬਜਾਵੈਂ ॥੪੦॥
ਸੁਨਿ ਕਿਮ ਕਹੈ ਸੁ ਜਾਨਯੋ ਜਾਇ[1]। [1]ਸੁਣ ਕੇ ਕਿਵੇਂ ਕਹਿੰਦਾ ਹੈ (ਉਹ ਭੀਮਚੰਦ) ਸੋ ਪਤਾ ਲਗ ਜਾਏਗਾ।
ਤਬਿ ਸਭਿ ਕੇ ਸੰਸੈ ਮਿਟਵਾਇ।'
ਨੰਦ ਚੰਦ ਕੋ ਹੁਕਮ ਬਖਾਨਾ।
'ਕੀਜਹਿ ਤਯਾਰ ਨਿਸ਼ਾਨ ਮਹਾਨਾ' ॥੪੧॥
ਸੋ ਚਲਿ ਗਯੋ ਤਯਾਰ ਕਰਿਵਾਯੋ।
ਸੁਰਾ ਮਸਾਲੇ ਸਭਿ ਮਸਲਾਯੋ।
ਭਯੋ ਤਯਾਰ ਜਿਸ ਕੀ ਧੁਨਿ ਭਾਰੀ।
ਆਇ ਹਜ਼ੂਰ ਸੁ ਅਰਜ਼ ਉਚਾਰੀ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦੁੰਦਭਿ ਤਯਾਰ ਕਰਾਵਨਿ' ਪ੍ਰਸੰਗ ਬਰਨਨੰ ਨਾਮ ਪੰਚਬਿੰਸਤੀ ਅੰਸੂ ॥੨੫॥

੨੬. [ਰਣਜੀਤ ਨਗਾਰਾ ਵੱਜਣਾ]

੨੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੭

ਦੋਹਰਾ:

ਨੰਦ ਚੰਦ ਕਰ ਬੰਦਿ ਕੈ, ਕਹ੍ਯੋ ਸਮੀਪ ਮੁਕੰਦ।
ਦੁੰਦਭਿ ਭਯੋ ਬਿਲੰਦ ਅਬਿ, ਕੋ ਦੂਜਾ ਨ ਮਨਿੰਦ ॥੧॥

ਚੌਪਈ:

ਸੁਨਿ ਸਤਿਗੁਰ ਨਿਸ ਮਹਿਂ ਤਬਿ ਸੋਏ।
ਉਠੇ ਬਹੁਰ ਪ੍ਰਾਤੀ[1] ਕਹੁ ਜੋਏ। [1]ਸਵੇਰ।
ਅਧਿਕ ਤਿਹਾਵਲ ਕਰਿ ਮੰਗਵਾਯੋ।
ਹਯ ਪਰ ਦੁੰਦਭਿ ਦੀਹ ਕਸਾਯੋ ॥੨॥
ਸ਼੍ਰੀ ਨਾਨਕ ਤੇ ਆਦਿਕ ਨਾਮੂ।
ਲੇ ਅਰਦਾਸ[†] ਕਰੀ ਅਭਿਰਾਮੂ। [†]ਪਾ:-ਕਰਿ ਦਾਸ।
ਪੁਨ ਧੌਂਸਾ ਧੁੰਕਾਰਨਿ ਕੀਨਾ।
ਦੂਰ ਦੂਰ ਲਗਿ ਧੁਨਿ ਸੁਨਿ ਲੀਨਾ ॥੩॥
ਸਭਿ ਕੇ ਮਨੈ ਬਧ੍ਯੋ ਉਤਸਾਹੂ।
ਪੁਰਿ ਨਰ ਅਨਿਕ ਆਇਗੇ ਪਾਹੂ।
ਪੰਚਾਂਮ੍ਰਿਤ ਸਭਿ ਮਹਿਂ ਬਰਤਾਯੋ।
ਗੁਰਨਿ ਸਰਾਹਿ ਸ੍ਵਾਦ ਸਭਿ ਪਾਯੋ ॥੪॥
ਸਭਿ ਸੁਭਟਨਿ ਤਯਾਰੀ ਨਿਜ ਕਰੇ।
ਤਤਛਿਨ ਜ਼ੀਨ ਤੁਰੰਗਨ ਪਰੇ।
ਸ਼ਸਤ੍ਰ ਬਸਤ੍ਰ ਸ਼ੁਭ ਅੰਗ ਲਗਾਇ।
ਉਤਸਾਹਤਿ ਸਤਿਗੁਰ ਢਿਗ ਆਇ ॥੫॥
ਇਤਨੇ ਮਹਿਂ ਮਸੰਦ ਮਿਲ ਦੋਇ।
ਸ਼੍ਰੀ ਗੁਜਰੀ ਕਹਿ ਭੇਜੇ ਸੋਇ।
ਹਾਥ ਜੋਰਿ ਤਿਨ ਅਰਜ਼ ਗੁਜ਼ਾਰੀ।
'ਤੁਮ ਪ੍ਰਤਿ ਮਾਤਾ ਏਵ ਉਚਾਰੀ ॥੬॥
-ਕਹ੍ਯੋਂ ਇਮ ਕਰਹੁ ਜਿ ਵਧਹਿ ਬਖੇਰਾ।
ਨ੍ਰਿਪ ਕਹਿਲੂਰੀ ਬਲੀ ਬਡੇਰਾ।
ਤਾਂਹਿ ਦੇਸ਼ ਦੁੰਦਭਿ ਬਜਵਾਵਹੁ।
ਨਾਹਕ ਬੈਠੇ ਸਦਨ ਖਿਝਾਵਹੁ ॥੭॥
ਜੇ ਸ਼ਿਕਾਰ ਕੋ ਸ਼ੌਕ ਮਹਾਨਾ[†]।

†ਛਾਪੇ ਦੇ ਨੁਸਖੇ ਵਿਚ ਇਨ੍ਹਾਂ ਚਾਰ ਤੁਕਾਂ ਦੀ ਥਾਵੇਂ ਏਥੇ ਚਾਰ ਤੁਕਾਂ ਹੋਰਵੇਂ ਹਨ ਜੋ ਕੁਥਾਂ ਪਈਆਂ ਹਨੁ। ਏਹ ਤੁਕਾਂ ਲਿਖਤੀ ਨੁਸਖਿਆਂ ਵਿਚ ਨਹੀਂ ਮਿਲੀਆਂ। ਤੁਕਾਂ ਏਹ ਹਨ:-'ਸੁਨਿ ਗੁਰ ਹਸ ਅਖੇਰ ਕੋ ਚਢੇ। ਸੰਗੋ ਸੰਗ ਅਨਦ ਮਨ ਬਢੇ। ਐਸੇ ਦਿਨਪ੍ਰਤਿ ਵਹਿਰ ਮਿਧਾਵੈਂ। ਨਿਸਾ ਪਰੈ ਆਨੰਦ ਪੁਰਿ ਆਵੈਂ। ਜਾਪਦਾ ਹੈ ਕਿਸੇ ਨੇ ਅਰਥ ਪ੍ਰਸੰਗਲੀ ਨਾਂ ਸਮਝ ਕੇ ਪਾਈਆਂ ਹਨ।

ਗਮਨਹੁਂ ਬਿਪਨ ਬਿਹੀਨ ਨਿਸ਼ਾਨਾ[1]। — [1]ਨਗਾਰੇ ਤੋਂ ਬਿਨਾਂ।
ਮਨ ਭਾਵਨਿ ਬਿਚਰਹੁ ਹਰਖਾਵਹੁ।
ਨਿਸਾ ਪਰੇ ਆਨੰਦਪੁਰ ਆਵਹੁ-' ॥ ੮ ॥
ਅਪਰ ਮਸੰਦ ਨਿਕਟਿ ਜੇ ਹੁਤੇ।
ਸੁਨਿ ਕੈ ਸਕਲ ਮਾਤ ਕੇ ਮਤੇ[1]। — [1]ਸਲਾਹਵਾਂ।
ਕਹਿ ਕਹਿ ਪੁਸ਼ਟ ਬਨਾਇ ਸੁਨਾਵਹਿਂ।
'ਸੋ ਰਾਜੇ ਗਿਰਰਾਜ ਕਮਾਵੈਂ[1] ॥ ੯ ॥ — [1]ਓਹ ਰਾਜੇ ਤਾਂ ਪਹਾੜਾਂ ਦਾ ਰਾਜ ਕਰਦੇ ਹਨ।
ਮੇਲ ਤਿਨੋ ਸੰਗ ਆਛੋ ਅਹੈ।
ਕਰਹੁ ਨ ਸੋ ਜਿਸ ਤੇ ਰਿਸ ਲਹੈਂ।
ਕਿਮ ਸਮਤਾ ਤਿਨ ਕੀ ਹੁਇ ਆਵੈ।
ਲਰਨ ਮਰਨ ਇਕਠੇ ਹੁਇ ਜਾਵੈਂ ॥ ੧੦ ॥
ਬਾਰਿ ਬਾਰਿ ਮਾਤਾ ਬਰਜੰਤਿ।
ਆਗੇ ਤੁਮ ਜਾਨਹੁਂ ਭਗਵੰਤ !'
ਸੁਨਿ ਕਲਗ਼ੀਧਰ ਕਹਜੋ ਤਿਨਹੁਂ ਕੋ।
ਜਨਨੀ ਸੰਮਤ[1] ਬੈਨ ਜਿਨਹੁਂ ਕੋ ॥ ੧੧ ॥ — [1]ਮਾਤਾ ਦੇ ਅਨੁਸਾਰੀ।
'ਰਾਜ ਸਾਜ ਕੇ ਕਾਰਜ ਜੇਈ।
ਕਰਿਬੇ ਜੰਗ ਆਦਿ ਹੈਂ ਤੇਈ।
ਤਿਨ ਕੋ ਜਾਨਿ ਸਕਹਿ ਨਹਿਂ ਮਾਈ।
ਕਜਾ ਗਿਰਪਤਿ ਜਿਨ ਤੇ ਡਰਪਾਈ ॥ ੧੨ ॥
ਹਮ ਕੋ ਆਗਜਾ ਪੁਰਖ ਅਕਾਲ।
ਬਿਗਰਹਿਂ ਰਿਪੁ ਰਣ ਕਰਹਿਂ ਬਿਸਾਲ।
ਪੂਰਬ ਧਰਹਿਂ ਨ ਕਿਸ ਸੋਂ ਬੈਰ।
ਹੰਕਾਰੀ ਕੋ ਕਬਹੁਂ ਨ ਖੈਰ[1]' ॥ ੧੩ ॥ — [1]ਸੁਖ।
ਇਮ ਭਨਿਤੇ ਘੋਰਾ ਤਬਿ ਆਯੋ।
ਬਲੀ ਚਪਲ ਨਟ ਜਿਮ ਦਰਸਾਯੋ।
ਖੜਗ ਨਿਖੰਗ ਬੰਧਿ ਕਟ ਸੰਗ।
ਕਰ ਧਰਿ ਧਨੁ ਗੇ ਨਿਕਟਿ ਤੁਰੰਗ

॥ ੧੪ ॥
ਪਗ ਰਕਾਬ ਦੇ, ਭੇ ਅਸਵਾਰ।
ਗਹਿ ਕਰਿ ਬਾਗ ਗਮਨ ਇਛ ਧਾਰਿ।
ਲਖਿ ਪ੍ਰਭੁ ਰੁਖ਼ ਤਬਿ ਦੁੰਦਭਿ ਬਾਜਾ।
ਦੁਹਰੀ ਚੋਬ ਮਨਹੁੰ ਘਨ ਗਾਜਾ ॥ ੧੫ ॥
ਚਲੇ ਅਨੰਦਪੁਰਿ ਤੇ ਤਬਿ ਬਾਹਿਰ।
ਕਰਹਿਂ ਬਿਲੋਕਨਿ ਨਰ ਗਨ ਜ਼ਾਹਿਰ।
ਗਮਨੇ ਉੱਤਰ ਦਿੱਸ਼ ਮੁਖ ਕਰਿ ਕੈ।
ਸੁੰਦਰ ਸ਼ਗਨ ਦੇਖਿ ਮੁਦ ਭਰਿ ਕੈ ॥ ੧੬ ॥
ਚਢੀ ਬ੍ਰਿੰਦ ਸੈਨਾ ਚਲਿ ਪਾਛੇ।
ਭਾ ਉਤਸਾਹ ਸੁਭਟ ਮਨ ਆਛੇ।
ਚਪਲ ਚਲਾਕੀ ਚਲਤਿ ਤੁਰੰਗ।
ਗਮਨਹਿਂ ਅੰਗ ਭਰੇ ਬਲ ਸੰਗ ॥ ੧੭ ॥
ਸਨੇ ਸਨੇ ਕਾਨਨ ਮਹਿਂ ਗਏ।
ਜਾਤਿ ਅਨਿਕ ਮ੍ਰਿਗ ਦੇਖਤਿ ਭਏ।
ਤੀਰਨ ਸਾਥ ਕਿਤਿਕ ਤਹਿਂ ਮਾਰੇ।
ਗੁਰ ਕਰ ਤੇ ਮਰਿ ਸੁਰਗ ਸਿਧਾਰੇ
॥ ੧੮ ॥
ਕਿਤਿਕ ਤੁਫੰਗਨਿ ਸੰਗ ਸੰਘਾਰੇ।
ਖੋਜਹਿ ਸੁਭਟ ਧਵਾਇੰ ਅਗਾਰੇ।
ਅਨਿਕ ਝੰਖਾਰ† ਸਸੇ ਤਹਿਂ ਗੇਰੇ।
ਬਾਵਰ ਸਹਿਤ[1] ਬਾਂਧ ਕਰਿ ਘੇਰੇ ॥ ੧੯ ॥
ਇਮ ਬਿਲਾਸ ਬਨ ਮਹਿਂ ਬਡ ਕਰਿਤੇ।
ਜਾਤਿ ਬ੍ਰਿਛਨ ਕੇ ਪੁੰਜ ਨਿਹਰਿਤੇ।
ਸਨੇ ਸਨੇ ਪਹੁੰਚੇ ਤਹਿਂ ਜਾਈ।
ਕਿਤਿਕ ਦੂਰ ਰਹਿਗੋ ਗਿਰਰਾਈ ॥ ੨੦ ॥
ਦੁੰਦਭਿ ਨਾਮ ਗੁਰੂ ਤਬਿ ਰਾਖਾ।
ਸਭਿ ਤੇ ਸੁਨਤਜੋਂ ਊਚੇ ਭਾਖਾ।
'ਗੁਰ ਘਰ ਕੋ ਰਣਜੀਤ ਨਗਾਰਾ।
ਦੁਹਰੀ ਚੋਬ ਦੇਹੁ ਬਲ ਧਾਰਾ ॥ ੨੧ ॥
ਸੁਨਹਿ ਦੂਰ ਲਗਿ ਜ਼ਾਹਿਰ ਹੋਵੈ।
ਦੇਸ਼ ਨਿਕਟਿ ਕੋ ਲਖਿ ਲਖਿ ਜੋਵੈ[1]।'

†ਪਾ:-ਸੰਘਾਰ।
[1]ਜਾਲਾਂ ਯਾ ਫਾਹੀਆਂ ਨਾਲ।
[1]ਨੇੜੇ ਦੇ ਦੇਸ਼ ਜਾਣ ਜਾਣਕੇ ਤੱਕਣ।

ਸੁਨਿ ਨਗਾਰਚੀ ਗੁਰ ਬਚ ਜਬੈ।
ਬਲ ਤੇ ਕਰਜੋ ਬਜਾਵਨਿ ਤਬੈ ॥੨੨॥
ਦੁਹਰੀ ਚੋਬ ਪਰੀ ਧੁਨਿ ਐਸੇ।
ਸਾਗਰ ਸ਼ਬਦ ਦੂਰ ਹ੍ਵੈ ਜੈਸੇ।
ਸਪਤ ਸੈਲ ਧਾਰਾ ਥਰਹਰੀ[1]।
ਔਚਕ ਸਭਿ ਕੇ ਸ਼੍ਰੁਤ ਧੁਨਿ ਪਰੀ ॥੨੩॥

[1]ਕੰਬ ਗਈਆਂ।

ਚਹੁੰ ਦਿਸ਼ਿ ਗਰਜੇ ਤਬਹਿ ਪਹਾਰਾ।
ਨਾਦਤਿ[1] ਬ੍ਰਿੰਦ ਕੰਦਰਾ ਭਾਰਾ[2]।
ਬਨ ਮਹਿਂ ਸ਼ਬਦ ਪਸਰ ਬਡ ਗਯੋ।
ਸੁਨਤਿ ਅਚੰਭਾ ਸਭਿ ਕੇ ਭਯੋ ॥੨੪॥

[1]ਗੂੰਜ ਉਠੀਆਂ। [2]ਭਾਰੀ ਕੰਦਰਾਂ।

ਸਤਿਗੁਰ ਸ਼ਕਤਿ ਭਈ ਤਬਿ ਐਸੇ।
ਧੁਨਿ ਦੁੰਦਭਿ ਤੇ ਅਚਰਜ ਜੈਸੇ।
ਭੀਮਚੰਦ ਨ੍ਰਿਪ ਸਭਾ ਲਗਾਈ।
ਤਿਸ ਕੇ ਕਾਨ ਪਰੀ ਧੁਨਿ ਜਾਈ ॥੨੫॥
ਦਲਕਜੋ[1] ਰਿਦਾ ਬਾਤ ਸਭਿ ਛੋਰੀ।
ਲਗਜੋ ਸੁਨਨਿ ਸ਼੍ਰੁਤ ਕਰਿ ਤਿਸ ਓਰੀ।
ਦੁਰਹੀ ਚੋਬ ਪਰੀ ਜਬ ਗਾਢੇ।
ਸੁਨਿ ਸੁਨਿ ਸਭਿ ਮਨ ਸ਼ੰਕਾ ਬਾਢੇ ॥੨੬॥

[1]ਕੰਬਿਆ।

ਮਹਿਪਾਲਕਿ ਢਿਗ ਸਚਿਵ ਨਿਹਾਰਾ।
ਹਿਤ ਬੂਝਨਿ ਕੇ ਤਬਹਿ ਉਚਾਰਾ।
'ਧੁਨਿ ਗੰਭੀਰ ਦਮਾਮੈਂ ਉਠੈ।
ਕਿਸ ਕੋ ਇਹ ਬਾਜਤਿ ਅਬ ਕਠੈ[1]' ॥੨੭॥

[1]ਸਾਹਮਣੇ ਪਾਸਿਓਂ ਕਿਸਦਾ ਇਹ ਦਮਾਮਾ ਹੁਣ ਵੱਜ ਰਿਹਾ ਹੈ ਜਿਸ ਦੀ ਧੁਨ ਗੰਭੀਰ ਉਠ ਰਹੀ ਹੈ [ਸੰਸ. ਅਵਕਟ = ਸਾਹਮਣਾ ਪਾਸਾ]। (ਅ) ਨਗਾਰਾ। [ਪੁਰਾਣੇ ਸਮੇਂ ਕਾਠ ਦਾ ਦੌਰ ਬਣਾ ਕੇ ਉਸ ਨੂੰ ਚਮੜਾ ਮੜ੍ਹਕੇ ਵਜਾਉਂਦੇ ਸਨ, ਕਠ ਯਾ ਕਾਖੂ ਨਾਮ ਉਸ ਦਾ ਹੁੰਦਾ ਸੀ, ਲੋਹੇ ਦੇ ਦੌਰ ਬਣਾ ਕੇ ਮੜ੍ਹਨੇ ਮਗਰੋਂ ਟੁਰੇ ਹਨ]

ਕਿਸੀ ਗਿਰੇਸ਼ੁਰ ਕੋ ਅਸ ਨਾਂਹੀ।
ਨਾਦਤਿ ਨਵੋਂ ਲਖੋ ਮਨ ਮਾਂਹੀ।
ਇਮ ਧੁਨਿ ਸੁਨਿ ਨ ਆਨਿ ਨਗਾਰੇ।
ਬਜਤਿ ਦੂਰ ਜਨੁ ਨਿਕਟ ਬਿਚਾਰੇ[1]' ॥੨੮॥

[1]ਵਜਦਾ ਦੂਰ ਹੈ ਜਾਣੋ ਨੇੜੇ (ਹੀ) ਵਜਦਾ ਵਿਚਾਰੀਦਾ ਹੈ।

ਸੁਨਿ ਅਮਾਤ[1] ਤਬਿ ਸਰਬ ਬ੍ਰਿਤਾਂਤ। [1]ਮੰਤ੍ਰੀ।
ਭਨਤਿ ਭਯੋ ਸਭਿ ਮਹਿਂ ਬੱਖਜਾਤ।
'ਮਹਾਂਰਾਜ ! ਮੈਂ ਸੁਨੀ ਸੁ ਗਾਥਾ।
ਕਰੌਂ ਉਚਾਰਨਿ ਰਾਵਰਿ ਸਾਥਾ ॥੨੯॥
ਸ਼੍ਰੀ ਨਾਨਕ ਜਗ ਗੁਰ ਜਬਿ ਬਿਦਤੇ।
ਜਿਨ ਕੋ ਜਸੁ ਸੁਨਯਿਤਿ ਜਿਤ ਕਿਤ ਤੇ।
ਸੋ ਗਾਦੀ ਥਿਰ ਭੀ ਬਿਧਿ ਨੀਕਾ।
ਬੈਠਜੋ ਸ਼੍ਰੀ ਸੋਢੀ ਕੁਲਟੀਕਾ ॥੩੦॥
ਸ਼੍ਰੀ ਹਰਿਗੋਬਿੰਦ ਜੋਧਾ ਬਲੀ।
ਲਰਜੋ ਸ਼ਾਹੁ ਸੋਂ ਜੈ ਕਰਿ ਭਲੀ।
ਕੇਤਿਕ ਸੂਬੇ ਸੈਨ ਸਮੇਤ।
ਸ਼ਸਤ੍ਰ ਸਾਥ ਰਾਖੇ ਰਣਖੇਤ ॥੩੧॥
ਬੀਰ ਬਹਾਦੁਰ ਬਿਦਤਜੋ ਘਨੋ।
ਕਦ ਦੀਰਘ ਦ੍ਵਾਪੁਰ ਤਨ ਮਨੋ[1]। [1]ਦੁਆਪੁਰ ਯੁਗ ਦੇ ਸਰੀਰਾਂ ਵਾਂਙ।
ਅਬਿ ਗਾਦੀ ਪਰ ਤਿਨ ਕੋ ਪੋਤਾ।
ਆਦਿ ਬੀਰਤਾ ਗੁਨ ਗਨ ਪੋਤਾ[1] ॥੩੨॥ [1]ਗੁਣਾਂ ਦਾ ਭੰਡਾਰ।
ਗੁਰੂ ਗੁਵਿੰਦ ਰਾਇ ਤਿਨ ਨਾਮੂ।
ਕਹਜੋ ਨ ਜਾਇ, ਜਥਾ ਸ਼ੁਭ ਰਾਮੂ[1]। [1]ਰਾਮਚੰਦਰ।
ਅਲਪ ਬੈਸ ਬਰ ਸੰਗ ਕਿਸ਼ੋਰ।
ਸੁਨੀ ਸ਼ਾਹਦੀ ਤਨ ਬਹੁ ਜ਼ੋਰ ॥੩੪॥
ਅਤਿ ਉਤਸਾਹ ਸ਼ਸਤ੍ਰ ਅੱਭਜਾਸੀ।
ਸੰਗਤਿ ਆਇ ਹਜ਼ਾਰਹੁਂ ਪਾਸੀ।
ਕਰਤਿ ਬਾਤ ਨਰ ਸੁਨੇ ਘਨੇਰੇ।
ਤੀਰਨਿ ਬਿੱਦਜਾ ਨਿਪੁਨ ਬਡੇਰੇ ॥੩੫॥
ਧਨੁਖ ਕਠੋਰ ਹਾਥ ਅਸ ਰਾਖਹਿਂ।
ਨਹਿਂ ਦੁਤੀਓ ਕਰਖਣ ਅਭਿਲਾਖਹਿ[1]। [1]ਕੋਈ) ਦੂਸਰਾ ਖਿੱਚਣਾ ਦੀ ਚਾਹ ਨਹੀਂ ਰੱਖ ਸਕਦਾ।
ਸੰਗ ਸੁਭਟ ਆਰੂਢਤਿ ਬ੍ਰਿੰਦ।
ਕਰਹਿਂ ਬਾਸ ਕੋ ਪੁਰੀ ਅਨੰਦ ॥੩੫॥
ਇਨ ਕੋ ਪਿਤ ਸ਼੍ਰੀ ਤੇਗ਼ ਬਹਾਦਰ।
ਜ਼ਰ ਖਰੀਦ ਲੇ ਅਵਨੀ ਖਾਦਰ[1]। [1]ਤਰਾਈ ਦੀ ਭੋਂ (ਭਾਵ ਦੂਨ ਵਿਚ ਤੋਂ ਹੈ) [ਸੰਸ. ਖਾਦਰ = ਪਹਾੜਾਂ ਤੋਂ ਹੇਠਾਂ ਨੀਵੀਂ ਥਾਂ ਯਾ ਨਦੀਆਂ ਦੇ ਕਿਨਾਰੇ ਦੀ ਭੋਂ]।
ਨਰਨਿ ਬਟੋਰਤਿ ਨਗਰ ਬਸਾਯੋ।

ਨੇਤ੍ਰ ਤੁੰਗ ਕੇ ਤਰ ਦਰਸਾਯੋ ॥੩੬॥
ਤਿਸ ਮਹਿਂ ਬਸਹਿਂ ਤਿਨਹੁ ਕੌ ਨੰਦਨ।
ਲਾਖਹੁ ਨਰ ਕਰਤੇ ਪਗ ਬੰਦਨ।
ਸੋ ਅਖੇਰ ਕਰਿਬੇ ਇਤ ਆਵੈ।
ਹਤਨਿ ਮ੍ਰਿਗਨ ਗਨ ਪੁਨਿ ਪੁਰਿ ਜਾਵੈ ॥੩੭॥
ਆਜ ਮਨੁਜ ਇਕ ਉਤ ਤੇ ਆਯੋ।
ਤਿਨ ਪ੍ਰਸੰਗ ਕਹਿ ਸਕਲ ਸੁਨਾਯੋ।
-ਦੁੰਦਭਿ ਦੀਰਘ ਤਯਾਰ ਕਰਾਇਵ।
ਜਾਨੀ ਪਰੈ ਸੁ ਚਢਿ ਕਰਿਆਇਵ ॥੩੮॥
ਇਤ ਦਿਸ਼ਿ ਦੁੰਦਭਿ ਅਪਰ ਨ ਕੋਈ।
ਜੋ ਬਜਾਇ ਬਿਚਰਹਿ ਢਿਗ ਹੋਈ।
ਕਰਾਮਾਤ ਸਾਹਿਬ ਗੁਰਗਾਦੀ।
ਪਤਿਸ਼ਾਹਨ ਕੇ ਸਾਥ ਬਿਬਾਦੀ[1] ॥੩੯॥
ਜਨਮ ਭਯੋ ਪੂਰਬ ਕੇ ਦੇਸ਼।
ਪ੍ਰਤਿਪਾਰਨ ਜਬਿ ਭਏ ਵਿਸ਼ੇਸ਼।
ਪਿਤ ਕੇ ਪੁਰਿ ਮੈਂ ਆਇ ਬਿਰਾਜੇ।
ਦਰਸ਼ਨ ਕਰਿਬੇ ਪਹੁਚਹਿਂ ਰਾਜੇ ॥੪੦॥
ਸੁਨਜੋ ਅਸਾਮ ਦੇਸ਼ ਤੇ ਆਯੋ।
ਮਹਿਪਤਿ ਅਜਬ ਅਕੋਰਨ ਲ੍ਯਾਯੋ।
ਸ਼ਸਤ੍ਰ ਪੰਚਕਲ, ਚਾਰੁ ਮਤੰਗ।
ਦਰਬ ਬ੍ਰਿੰਦ ਜੁਤਿ ਪੰਚ ਤੁਰੰਗ ॥੪੧॥
ਇਤੀ ਦੂਰ ਤੇ ਦਰਸ਼ਨ ਹੇਤੁ।
ਰਾਵ ਰੰਕ ਤਜਿ ਆਇਂ ਨਿਕੇਤ।
ਰਾਵਰ ਕੇ ਸਮੀਪ ਇਹ ਰਹੈਂ।
ਜਿਨਹੁ ਮਹਾਤਮ ਦੁਰਲਭ ਅਹੈ ॥੪੨॥
ਕਯੋਂ ਨ ਮਿਲਾਪ ਆਪ ਚਿਤ ਚਹੀਅਹਿ।
ਦੀਰਘ ਦੁਲਭ ਵਸਤੁ ਢਿਗ ਲਹੀਅਹਿ।
ਅਧਿਕ ਤਰੀਫ ਕਰਤਿ ਨਰ ਸੁਨੇ।
ਤਨ ਧਰਿ ਰਾਮ ਕ੍ਰਿਸ਼ਨ ਇਹ ਬਨੇ ॥੪੩॥

[1]ਝਗੜਾ ਹੈ।

ਅਤਿ ਸੁੰਦਰ, ਦੁਤਿ ਸਦਨ ਬਦਨ ਬਰ[1]। [1]ਸ੍ਰੇਸ਼ਟ ਮੁਖੜਾ ਸੁੰਦਰਤਾ ਦਾ ਘਰ ਹੈ।
ਦਲ ਅਰਬਿੰਦਨ ਦ੍ਰਿਗ ਦ੍ਵੈ ਮੁਦ ਕਰਿ[1]। [1]ਦੋਵੇਂ ਨੈਣ ਕਮਲ ਪਤੀਆਂ (ਵਾਂਙ) ਪ੍ਰਸੰਨਤਾ ਦੇਣ ਵਾਲੇ ਹਨ।
ਇਕ ਤੌਂ ਗੁਰੂ ਪੂਜਿਬੇ ਥਾਨ।
ਦੁਤੀਏ ਦਲ ਜੁਤਿ ਬਲੀ ਮਹਾਨ ॥੪੪॥
ਕਰਹੁ ਸੰਧਿ[1] ਬਨਿ ਹੈ ਸੁਖਦਾਏ। [1]ਮੇਲਾ।
ਸਰਹਿ ਕਾਜ ਜਬਹੂੰ ਬਨਿ ਜਾਏ।'
ਸੁਨਿ ਮੰਤ੍ਰੀ ਤੇ ਮਸਲਤ ਨੀਕੀ।
ਭੀਮਚੰਦ ਉਪਜੀ ਰੁਚਿ ਜੀ ਕੀ[†] ॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦੁੰਦਭਿ ਬਜਾਵਨਿ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

[†]ਅਸਲ ਗਲ ਇਹ ਜਾਪਦੀ ਹੈ ਕਿ ਔਰੰਗਜ਼ੇਬ ਨੇ ਗੁਰੂ ਜੀ ਦੀ ਜੰਗੀ ਜੀਵਨ ਦੀ ਗਾਥਾ ਸੁਣਕੇ ਸੰਸਾ ਖਾਧਾ ਤੇ ਸ਼੍ਰੀ ਗੁਰੂ ਹਰਿਗੋਬਿੰਦ ਜੀ ਦੇ ਜੰਗ ਚੇਤੇ ਕਰਕੇ ਤੇ ਆਪਣੀ ਕਰਤੂਤ -ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਬਨਾਉਣ- ਦਾ ਤੌਖਲਾ ਖਾ ਕੇ ਇਸ ਉੱਗਦੀ ਤਾਕਤ ਨੂੰ ਨਪਿੱਤ ਦੇਣ ਦੀ ਸੋਚ ਕੇ ਭੀਮਚੰਦ ਨੂੰ, ਜੋ ਉਸ ਦਾ ਟਕੇ ਭਰਨ ਵਾਲਾ ਸੀ, ਇਸ਼ਾਰਾ ਕੀਤਾ ਹੈ ਕਿ ਇਸ ਉੱਗਮਦੀ ਤਾਕਤ ਨੂੰ ਦਬਾ ਦੇਵੇ ਜੋ ਉਸ ਨੂੰ ਆਪਣੇ ਉਤੇ ਹੋਰ ਮੁਕਾਲਕ ਲੈਣੀ ਨਾ ਪਵੇ। ਸੰਸੇ ਚਿਤ ਵਾਲੇ ਔਰੰਗੇ ਨੂੰ ਖਤਰਾ ਰਹਿੰਦਾ ਸੀ ਹਰਿਕ ਤੋਂ, ਸੋ ਸੋਚਦਾ ਸੀ ਕਿ ਗੁਰੂ ਜੀ ਦੀ ਤਾਕਤ ਜੇ ਵਧ ਗਈ ਤਾਂ ਕਠਨਾਈ ਪੈਸੀ। ਰਾਜੇ ਦਾ ਵਜ਼ੀਰ ਦਾਨਾ ਸੀ ਉਹ ਚਾਹੁੰਦਾ ਸੀ ਕਿ ਸੰਧਿ ਹੋ ਜਾਏ ਤੇ ਗੁਰੂ ਨਾਲ ਜੰਗ ਨਾ ਹੋਵੇ ਤੇ ਔਰੰਗੇ ਨੂੰ ਸੁਲਹ ਹੋਈ ਤੇ ਗੁਰੂ ਜੀ ਨੂੰ ਆਪਣੇ ਵੱਸ ਕਰ ਲੈਣ ਦੇ ਬਹਾਨੇ ਥਥਾ ਮੰਮਾ ਕਰ ਛੱਡਾਂਗੇ। ਇਹ ਗਲ ਕਵਿ ਜੀ ਨੂੰ ਬੀ ਪਤਾ ਲੱਗੀ ਜਾਪਦੀ ਹੈ ਕਿਉਂਕਿ ਇਹ ਗਲ ਉਹਨਾਂ ਦੀ ਕਵਿਤਾ ਵਿਚ ਕਿਤੇ ਕਿਤੇ ਝਲਕ ਮਾਰਦੀ ਹੈ, ਯਥਾ ਦੇਖੋ ਏਸੇ ਰੁਤ ਦਾ ੩੪ ਅੰਸੂ ਤੇ ਅੰਕ ੧੭, ੧੮, ੧੯। ਪੁਨਾ:-ਹਮ ਸੌਂ ਬੈਰ ਥੋਰ ਹੀ ਅਹੈ ॥ ਸੋ ਬਿਰੋਧ ਦਿੱਲੀ ਸਨ ਕਹੈ ॥ [ਰੁਤ ੬ ਅੰਸੂ ੬ ਅੰਕ ੪੪]

੨੭. [ਭੀਮਚੰਦ ਦਾ ਵਜ਼ੀਰ ਆਯਾ]

੨੬<<ਪਿਛਲਾ ਅੰਸੁ ਸੰਖੇਪ ਲਿੰਕ - ਤਤਕਰਾ ਅਗਲਾ ਅੰਸੁ>>੨੮

ਦੋਹਰਾ:

ਭੀਮਚੰਦ ਕਹਿਲੂਰੀਆ, ਸੈਲ ਨਰਿੰਦ ਬਿਲੰਦ[1]। [1]ਪਹਾੜੀ ਰਾਜਿਆਂ ਵਿਚੋਂ ਵੱਡਾ (ਰਾਜਾ)।
ਸੁਨਿ ਸਤਿਗੁਰ ਕੇ ਸੁਜਸੁ ਕੋ, ਰਿਦੇ ਬਿਸਾਲ ਅਨੰਦ[†] ॥੧॥ [†]ਪਾ:-ਅਨੰਦ ਅਮੰਦ।

ਚੌਪਈ:

ਸਚਿਵਨ ਸੰਗ ਮੰਤ੍ਰ ਪੁਨ ਕਰਜੋ।
ਸੰਧਿ ਬਿਖੇ ਗੁਨ ਬ੍ਰਿੰਦ ਬਿਚਰਜੋ।
'ਸੁਨਹੁ ਵਜ਼ੀਰ! ਪ੍ਰਥਮ ਤਹਿਂ ਜਈਐ।
ਭੇਤ ਸਕਲ ਬਾਤਨਿ ਤੇ ਪਈਐ ॥੨॥
ਹਮ ਕੰਨੈ[1] ਕਹੁ ਟੇਕਨ ਮਾਥਾ। [1]ਸਾਡੀ ਤਰਫੋਂ।
ਪੁਨ ਗੁਰ ਸਾਥ ਮੇਲ ਕੀ ਗਾਥਾ।
-ਅਪਰ ਨਰੇਸ਼ਨ ਸਮ[1] ਹਮ ਨਾਂਹੀ। [1]ਤੇ ਹੋਰ ਇਹ ਗਲਾਂ ਜਣਾਓ ਕਿ) ਅਸੀਂ ਹੋਰ ਰਾਜਿਆਂ ਵਾਂਙੂ ਨਹੀਂ।
ਸਦਾ ਬਾਸ ਬਾਸਹਿਂ ਪੁਰਿ ਪਾਹੀ[1] ॥੩॥ [1]ਅਸੀਂ) (ਆਪਦੇ) ਨਗਰ ਦੇ ਪਾਸ ਹੀ ਸਦਾ ਵੱਸਣ ਵਾਲੇ ਹਾਂ।
ਅਨਿਕ ਬਿਧਿਨਿ ਕੇ ਰਾਜਨਿ ਕਾਜ।
ਪਰਹਿਂ ਆਨ ਜੁਤਿ ਚਮੂੰ ਸਮਾਜ।
ਸੰਧਿ ਕਰੇ ਸੁਧਰਹਿਂ[1] ਦੁਹੂੰ ਓਰ। [1]ਸੁਧਰਨਗੇ।
ਘਾਲ ਸਕਹਿ ਨਹਿਂ ਸ਼ੱਤ੍ਰੂ ਜ਼ੋਰ ॥੪॥
ਸਭਿ ਹੀ ਰੀਤਿ ਹੋਇ ਹਮ ਆਛੇ।
ਬਨਹਿਂ ਸਹਾਇਕ ਜਬਹੂੰ ਬਾਛੇ-।
ਜੇ ਸਨਮਾਨਹਿਂ ਮੋਹਿ ਮਿਲਾਪ।
ਪਹੁੰਚ ਆਪ ਕੀ ਲੀਜੈ ਥਾਪਿ[1] ॥੫॥

[1]ਮੇਰੇ ਮਿਲਾਪ ਦਾ ਸਤਿਕਾਰ ਕਰਨ ਤਾਂ ਸਾਡੀ ਪੁਹੰਚ ਥਾਪ ਲਵੀਂ (ਕਿ ਆਪਾਂ ਕਿਸ ਦਿਨ ਪਹੁੰਚਣਾ ਹੈ) (ਅ) ਪਹੁੰਚ ਕੇ ਆਪ ਦੀ ਥਾਪੀ ਲਵਾਂਗੇ।

ਅਪਨੋ ਓਜ ਪ੍ਰਤਾਪ ਦਿਖਾਵਹੁ।
ਨ੍ਰਿਪ ਸਭਿ ਤੇ ਬਡਿਆਇ ਬਤਾਵਹੁ।'
ਇੱਤਜਾਦਿਕ ਕਹਿ ਅਨਿਕ ਪ੍ਰਕਾਰੀ।
ਪਠਜੋ ਵਜ਼ੀਰ ਗਿਰੇਸ਼ ਹੰਕਾਰੀ ॥੬॥
ਮਾਨਵ ਬ੍ਰਿੰਦ ਸੰਗ ਕਰਿ ਦੀਨੇ।
ਰਜਤ ਲਸ਼ਟਕਾ ਕਰ ਗਹਿ ਲੀਨੇ।
ਗਮਨਜੋਂ ਚਢਿ ਸੁੰਦਰ ਝੰਪਾਨ[1]। [1]ਪਹਾੜੀ ਪਾਲਕੀ।
ਚਲੇ ਢਲੈਤ ਸ਼ਸਤ੍ਰ ਧਰਿ ਪਾਨ ॥੭॥

ਉਤ ਪ੍ਰਸੰਗ ਨ੍ਰਿਪ ਕੋ ਤਿਸ ਬੇਰਾ।
ਇਤ ਸਤਿਗੁਰ ਬਹੁ ਖੇਲ ਅਖੇਰਾ।
ਹਟੇ ਬਜਤ ਰਣਜੀਤ ਨਗਾਰਾ।
ਦੁਗਨ ਬੀਰ ਰਸ ਸੁਭਟਨਿ ਧਾਰਾ ॥੮॥
ਦਿਨ ਪ੍ਰਤਿ ਅਧਿਕ ਪ੍ਰਤਾਪ ਸਮਾਜਾ।
ਜਿਸ ਪ੍ਰਕਾਰ ਹੁਇ ਕੋ ਬਡ ਰਾਜਾ।
ਸ਼ਸਤ੍ਰ ਪ੍ਰਹਾਰਨਿ ਬਾਤਨ ਕਰਤੇ।
ਚਲਤਿ ਸਮੁਖ ਪੁਰਿ ਅਨੰਦ ਨਿਹਰਿਤੇ ॥੯॥
ਸ਼ਿਕਰੇ, ਬਾਜ਼, ਸ੍ਵਾਨ ਸਮੁਦਾਇ।
ਮੀਰ ਸ਼ਿਕਾਰ[1] ਧਾਇ ਅਗਵਾਇ।
ਉਡਤਿ ਧੂਰ ਛਾਦਯੋ ਅਸਮਾਨ।
ਆਨਿ ਪਹੂਚੇ ਕ੍ਰਿਪਾ ਨਿਧਾਨ ॥੧੦॥
ਸੁਨਿ ਦੁੰਦਭਿ ਧੁਨਿ ਨਰ ਗਨ ਨਾਰੀ।
ਹਿਤ ਦੇਖਨਿ ਕੇ ਨਿਕਸਿ ਅਗਾਰੀ।
ਬੀਚ ਦਰੀਚੀ[1] ਕੋ ਥਿਰ ਦ੍ਵਾਰੇ[2]।
ਉਦਤਿ ਮੁਦਤਿ ਜਨੁ ਬਧਤਿ ਨਿਹਾਰੇ[1] ॥੧੧॥
ਸੰਧਜਾ ਸਮੈਂ ਪ੍ਰਵੇਸ਼ੇ ਆਇ।
ਉਤਰੇ ਸਤਿਗੁਰ ਹਰਖ ਉਪਾਇ।
ਖਾਨ ਪਾਨ ਕਰਿ ਸੁਖ ਸੋਂ ਸੋਏ।
ਨਿਜ ਨਿਜ ਸਦਨ ਥਿਰੇ ਸਭਿ ਕੋਏ ॥੧੨॥
ਜਾਮ ਜਾਮਨੀ ਜਬਹੁਂ ਨਿਹਾਰੇ।
ਨੌਬਤ ਬਜਨ ਲਗੀ ਗੁਰਦ੍ਵਾਰੇ।
ਸੁਨਤਿ ਰਬਾਬੀ ਚਲਿ ਕਰਿ ਆਏ।
ਆਸਾਵਾਰ ਰਾਗ ਜੁਤਿ ਗਾਏ ॥੧੩॥
ਸਿਖ ਸੰਗਤਿ ਜਹਿਂ ਕਹਿਂ ਗਨ ਜਾਗੇ।
ਗੁਰਬਾਣੀ ਕੋ ਪਢਿਬੇ ਲਾਗੇ।
ਜਿਤ ਕਿਤ ਭਜਨ ਹੋਤਿ ਜੈਕਾਰ।
ਮਨਹੁਂ ਬਿਸ਼ਨੁ ਗਨ ਸੁਰਨਿ ਮਝਾਰ[1] ॥੧੪॥

[1]ਸ਼ਿਕਾਰ ਦੇ ਪ੍ਰਬੰਧ ਦਾ ਸਰਦਾਰ।

[1]ਬਾਰੀਆਂ ਵਿਚ। [2]ਬੂਹਿਆਂ ਅਗੇ।

[1]ਭਾਵ ਲੋਕੀਂ ਖੁਸ਼ੀ ਨਾਲ ਉੱਚੇ ਹੋ ਹੋਕੇ (ਇਕ ਦੂਜੇ ਤੋਂ ਅੱਗੇ) ਵਧ ਵਧ ਕੇ ਤਕਦੇ ਹਨ।

[1]ਸਮੂਹ ਦੇਵਤਿਆਂ ਵਿਚ।

ਸੌਚ ਸ਼ਨਾਨ ਠਾਨਿ ਗੋਸਾਈਂ।
ਆਸਨ ਥਿਰੇ ਸਮਾਧਿ ਲਗਾਈ।
ਅਰਣੋਦੈ ਲਖਿ ਕਰਿ ਭੁਨਸਾਰੇ[1]।
ਭਾਟ ਪੌਰ ਕੇ ਥਿਰੇ ਅਗਾਰੇ ॥੧੫॥
ਗੁਰ ਕੋ ਸੁਜਸੁ ਕਬਿੱਤ ਬਨਾਏ।
ਊਚੇ ਅਧਿਕ ਉਚਾਰਿ ਸੁਨਾਏ।
ਖਰੋ ਨਕੀਬ ਪੁਕਾਰਿ ਅਵਾਜੇ।
'ਮਹਾਰਾਜ ਰਾਜਨ ਪਤਿ ਰਾਜੇ! ॥੧੬॥
ਪੂਰਨ ਗੁਰ ਸਾਹਿਬ ਅਵਤਾਰੀ!
ਜਿਨ ਕੋ ਨਿਵਹਿ ਤ੍ਰਿਲੋਕੀ ਸਾਰੀ।'
ਘਰਿਆਵਲ ਬਾਜਤਿ ਠਨਕਾਰਾ[1]।
ਗਰਜ ਉਠਯੋ ਰਣਜੀਤ ਨਗਾਰਾ ॥੧੭॥
ਇਮ ਬਹੁ ਥਾਨ ਕੁਲਾਹਲ ਹੋਵਾ।
ਸੂਰਜ ਉਦੈ ਭਯੋ ਸਭਿ ਜੋਵਾ।
ਸਤਿਗੁਰ ਬਸਤ੍ਰ ਸ਼ਸਤ੍ਰ ਤਨ ਧਾਰੇ।
ਸਾਵਧਾਨ ਬਨਿ ਨਿਕਸੇ ਦ੍ਵਾਰੇ ॥੧੮॥
ਸਭਾ ਸਦਨ ਮਹਿਂ ਪਹੁੰਚੇ ਜਾਇ।
ਝੂਲਤਿ ਕਲਗ਼ੀ ਅਨੰਦ ਵਧਾਇ।
ਫਲਸ਼ ਮਖ਼ਮਲੀ ਪਰ ਸਿੰਘਾਸਨ।
ਬੈਠੇ ਗੁਰੂ ਸ਼ੋਭਤਿ ਸ਼ੁਭ ਆਸਨ ॥੧੯॥
ਪਾਂਚਹੁੰ ਭ੍ਰਾਤਾ ਬੀਰ ਬਿਲੰਦ।
ਬ੍ਰਿੰਦ ਮਸੰਦ ਬੰਦ ਕਰ ਬੰਦਿ[1]।
ਮਾਤੁਲ ਪੁਨ ਕ੍ਰਿਪਾਲ ਕਰਿ ਬੰਦਨ।
ਸੂਰਜਮਲ ਕੇ ਨੰਦਨ ਨੰਦਨ[1] ॥੨੦॥
ਇੱਤਜਾਦਿਕ ਸਭਿ ਸਭਾ ਪ੍ਰਵਾਰਤਿ।
ਮਨਹੁੰ ਚੰਦ ਉਡਗਨਿ ਦੁਤਿ ਧਾਰਤਿ।
ਚਮਕਤਿ ਚਾਮਰ ਚਾਰੁ ਢੁਰੰਤਿ।
ਜਨੁ ਰਵਿ ਕਿਰਨ ਨਿਕਰ ਨਿਯਰੰਤਿ[1] ॥੨੧॥
ਕੰਚਨ ਰਜਤ ਛਰੀ ਕਰ ਧਰੇ।
ਇਕ ਦਿਸ਼ਿ ਗੁਰ ਢਿਗ ਦੇਖਹਿਂ ਖਰੇ।
ਦਰਸ਼ਨ ਕਾਂਖੀ ਦਿਨ ਪ੍ਰਤਿ ਆਵਹਿਂ।

[1]ਸਵੇਰੇ ਸੂਰਜ ਉਦੈ ਹੋਇਆ ਜਾਣਕੇ।

[1]ਘੜਿਆਲਾਂ ਦੀ ਠਨਕਾਰ ਵਜਦੀ ਹੈ।

[1]ਬੰਦਨਾਂ ਕਰਦੇ ਹਨ ਹੱਥ ਜੋੜਕੇ।

[1]ਪੁੱਤ੍ਰ ਦੇ ਪੁੱਤ੍ਰ ਭਾਵ ਪੋਤ੍ਰੇ।

[1]ਮਾਨੋ ਸੂਰਜ ਦੀਆਂ ਸਾਰੀਆਂ ਕਿਰਨਾਂ ਨੇੜੇ ਆ ਰਹੀਆਂ ਹਨ [ਸੰਸ. ਨਿਕਰ = ਸਮੂਹ]।

ਲਗਹਿ ਸਭਾ ਤਬਿ ਦੇਖਨਿ ਪਾਵਹਿ ॥੨੨॥
ਗੁਰ ਦਰਬਾਰ ਭਯੋ ਜਬਿ ਭਾਰੀ।
ਅਨਿਕ ਅਕੋਰਹਿਂ ਅਰਪਿ ਅਗਾਰੀ।
ਡੇਢ ਜਾਮ ਜਬਿ ਬੈਠਿ ਬਿਤਾਯੋ।
ਦ੍ਵਾਰਪਾਲ ਤਬਿ ਅੰਤਰ ਆਯੋ ॥੨੩॥
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਚੋਬਦਾਰ ਇਕ ਪੌਰ ਅਗਾਰੀ[1]। [1]ਬੂਹੇ ਅੱਗੇ (ਖੜਾ ਹੈ ਤੇ ਦਿੱਸਦਾ ਹੈ ਕਿ...)।
-ਭੀਮਚੰਦ ਕੌ ਆਇ ਵਜ਼ੀਰ।
ਮਿਲ੍ਯੋ ਚਹੈ ਰਾਵਰ ਕੇ ਤੀਰ- ॥੨੪॥
ਤਿਹ ਸੁਧ ਕੋ ਸੋ ਚਲਿ ਕਰਿ ਆਯੋ[1]।' [1]ਉਸ ਵਜ਼ੀਰ ਦੀ ਸੁਧ (ਦੇਣ) ਉਹ (ਚੋਬਦਾਰ) ਚਲ ਕੇ ਆਇਆ ਹੈ।
ਸੁਨਿ ਕਲਗ਼ੀਧਰ ਬਚ ਫੁਰਮਾਯੋ।
'ਅਬਿ ਤਿਸ ਖਾਨ ਪਾਨ ਸੁਧਿ ਲੀਜੈ।
ਆਛੇ ਥਾਨ ਸਿਵਰ ਕੋ ਦੀਜੈ ॥੨੫॥
ਪਿਛਲੇ ਪਹਿਰ ਸਮੀਪ ਬੁਲਾਵੈਂ।
ਤਿਸ ਕੀ ਮਸਲਤ[†] ਸੁਨਹਿ ਸੁਨਾਵੈਂ।' [†]ਪਾ:-ਮਿਸਲੈ।
ਇਮ ਕਰਿ ਹੁਕਮ ਉਠੇ ਗੋਸਾਈਂ।
ਸੁੰਦਰ ਸਦਨ ਪ੍ਰਵੇਸ਼ੇ ਜਾਈ ॥੨੬॥
ਖਾਨ ਪਾਨ ਕਰਿ ਦਿਵਸ ਢਰਾਯਹੁ[1]। [1]ਦਿਨ ਢਲਿਆਂ।
ਸੌਚ ਸ਼ਨਾਨ ਕਰਨਿ ਮਨੁ ਭਾਯਹੁ।
ਜਾਮ ਦਿਵਸ ਬਾਕੀ ਜਬਿ ਰਹ੍ਯੋ।
ਸੋ ਵਜ਼ੀਰ ਬੁਲਵਾਵਨਿ ਚਹ੍ਯੋ ॥੨੭॥
ਸਭਾ ਥਾਨ ਮਹਿਂ ਬੈਠਿ ਕ੍ਰਿਪਾਲਾ।
ਥਿਰੇ ਆਇ ਸਭਿ ਆਦਿ ਕ੍ਰਿਪਾਲਾ।
ਨੰਦ ਚੰਦ ਤੇ ਆਦਿ ਮਸੰਦ।
ਲਾਗ੍ਯੋ ਗੁਰ ਦਰਬਾਰ ਬਿਲੰਦ ॥੨੮॥
ਨਰ ਪਠਿ ਲਿਯੋ ਬੁਲਾਇ ਵਜ਼ੀਰ।
ਕਰਿ ਬੰਦਨ ਬੈਠ੍ਯੋ ਪ੍ਰਭੁ ਤੀਰ।
ਕਰ ਤੇ ਅਰਪਿ ਅਕੋਰ ਅਗਾਰੀ।
ਨਮੋ ਨ੍ਰਿਪਤਿ[1] ਕਰ ਜੋਰਿ ਉਚਾਰੀ ॥੨੯॥ [1]ਰਾਜੇ ਦੀ ਨਮਸਕਾਰ।

ਸਤਿਗੁਰ ਕੁਸ਼ਲ ਬੂਝਨਾ ਕੀਨੀ।
ਨਿੰਮ੍ਰਿ ਹੋਇ ਤਿਨ ਸਭਿ ਕਹਿ ਦੀਨੀ।
'ਪ੍ਰਭੁ ਜੀ ! ਤੁਮਰੋ ਸੁਨਜੋ ਨਗਾਰਾ।
ਮਹਿਪਾਲਕ ਸੰਸੈ ਮਨ ਧਾਰਾ ॥ ੩੦ ॥
ਮੋ ਕਉ ਸੁਧਿ ਰਾਵਰ ਕੀ ਹੁਤੀ।
ਕਹਿ ਕਰਿ ਸਮੁਝਾਯੋ ਗਿਰ ਪਤੀ।
ਸੁਨਤਿ ਸੁਜਸੁ ਕੋ ਬਹੁਤ ਅਨੰਦਾ।
ਮਧੁਰ ਸ਼ਬਦ ਘਨ ਮੋਰ ਮਨਿੰਦਾ ॥ ੩੧ ॥
ਅਭਿਲਾਖਤਿ ਚਿਤ ਦਰਸ ਤੁਮਾਰਾ।
ਮੋਹਿ ਪਠਾਯੋ ਏਵ ਉਚਾਰਾ।
-ਉਤ ਗੁਰ ਕੋ ਘਰ, ਇਤ ਹਮ ਰਾਜੇ।
ਨਿਕਟਿ ਬਸਨਿ ਤੇ ਪੁਰਵਹਿਂ ਕਾਜੇ ॥ ੩੨ ॥
ਹਮਰੋ, ਕਿਧੌਂ ਗੁਰੂ ਕੋ ਹੋਇ।
ਕਰਹਿਂ ਸੁਧਾਰਹਿਂ ਮਿਲਿ ਦਿਸ਼ਿ ਦੋਇ-।
ਇੱਤਜਾਦਿਕ ਲਖਿ ਲਾਭ ਬਿਸਾਲਾ।
ਚਹਤਿ ਮੇਲ ਨਿਤ ਕੋ ਮਹਿਪਾਲਾ ॥ ੩੩ ॥
ਆਵਤਿ ਕਉ ਸਨਮਾਨ ਬਖਾਨਹੁ।
ਬਧਹਿ ਪ੍ਰੇਮ ਜਿਮ ਕਰੁਨਾ ਠਾਨਹੁ।'
ਸ਼੍ਰੀ ਕਲਗ਼ੀਧਰ ਕੋ ਰੁਖ਼ ਪਾਇ।
ਮਾਤੁਲ ਉੱਤਰ ਦਿਯਸਿ ਬਨਾਇ ॥ ੩੪ ॥
'ਜੇ ਪ੍ਰੇਮੀ ਗੁਰ ਘਰ ਕੋ ਹੋਇ।
ਆਦਰ ਕਸੋਂ ਨ ਪਾਇ ਢਿਗ ਸੋਇ।
ਜਥਾ ਭਾਵਨਾ ਰਿਦੈ ਉਠਾਵੈ।
ਸ਼੍ਰੀ ਸਤਿਗੁਰੂ ਤੇ ਤਤਛਿਨ ਪਾਵੈ ॥ ੩੫ ॥
ਇਹ ਤੌ ਕ੍ਰਿਪਾ ਸਕਲ ਪਰ ਧਰੈਂ।
ਰੰਕ ਰਾਵ ਕੀ ਕਾਮਨ ਪੁਰੈਂ।
ਭੀਮਚੰਦ ਕਹਿਲੂਰੀ ਰਾਜਾ।
ਦੁਤਿਯੋ ਗੁਰੂ ਪ੍ਰੇਮ ਉਪਰਾਜਾ[1] ॥ ੩੬ ॥
ਤ੍ਰਿਤੀਏ ਬਾਸ ਸਮੀਪ ਸਦੀਵਾ।
ਮਿਲਿਨਿ ਸਹਿਤ ਪੁਨ ਕਰਿ ਮਨ ਨੀਵਾ[1]।

[1](ਉਸ ਨੂੰ) ਗੁਰੂ ਪ੍ਰੇਮ ਉਤਪੰਨ ਹੋਇਆ ਹੈ।

[1]ਹਿਤ ਨਾਲ ਮਿਲਨਾ ਤੇ ਫੇਰ ਮਨ ਨੀਵਾਂ ਕਰਕੇ।

ਇੱਤਜਾਦਿਕ ਗੁਨ ਘਨੇ ਬਿਚਾਰਹੁ।
ਆਵਹੁ ਭਲੀ ਬਾਤ ਨਿਰਧਾਰਹੁ[†]' ॥੩੭॥
ਮੁਸਕਾਵਤਿ ਕਲ਼ਗੀਧਰ ਕਹਜੋ।
'ਗਿਰਪਤਿ ਸ਼ੌਕ ਕਾਹਿ ਬਹੁ ਲਹਜੋ[1]?
ਕਰਨਿ ਅਖੇਰ ਕਿਤਿਕ ਮਨ ਭਾਵੈ?
ਕੈਸੋ ਅਸੁ ਪਰ ਚਢਨਿ ਸੁਹਾਵੈ? ॥੩੮॥
ਕਿਸ ਆਯੁਧ ਕੋ ਹੈ ਅੱਭਜਾਸਾ?
ਰਾਖਹਿ ਤੁਫੰਗ, ਕਿ ਚਾਂਪ ਸੁ ਪਾਸਾ?
ਕੌਨ ਸੁਥਲ ਮਹਿਂ ਸੁਨਜੋਂ ਨਗਾਰਾ?
ਜਿਸ ਤੇ ਆਵਨਿ ਕੋ ਮਨ ਧਾਰਾ' ॥੩੯॥
ਹਾਥ ਜੋਰਿ ਕਹਿ ਅਰਜ਼ ਵਜ਼ੀਰ।
'ਗਿਰਪਤਿ ਭੀਮਚੰਦ ਬਰ ਬੀਰ।
ਸੈਲਪਤੀ ਸਭਿ ਆਇਸੁ ਮਾਨਹਿਂ।
ਸੁਮਤਿਵੰਤ ਅਤਿ ਮਸਲਤ ਠਾਨਹਿਂ[1] ॥੪੦॥
ਰਾਜਨੀਤਿ ਮਹਿਂ ਨਿਪੁਨ ਬਿਸਾਲਾ।
ਸਭਿ ਤੇ ਅਧਿਕ ਚਮੂੰ ਤਿਸ ਨਾਲਾ।
ਕਬਿ ਕਬਿ ਚਢਹਿ ਅਖੇਰ ਕਰਨਿ ਕੋ।
ਬਹੁ ਅੱਭਜਾਸਤਿ ਸ਼ਸਤ੍ਰ ਧਰਨਿ ਕੋ ॥੪੧॥
ਤੁਮ ਸ਼ਿਕਾਰਿ ਕੋ ਕਰਨਿ ਗਏ ਜਬਿ।
ਨਿਜ ਗ੍ਰਾਮਨਿ ਮਹਿਂ ਨਿਕਟ ਹੁਤੋ ਤਬਿ।
ਦਿਹੁ ਆਗਜਾ ਅਬਿ ਲੈ ਕਰਿ ਆਊਂ।
ਸੁਧ ਰਾਵਰ ਕੀ ਸਕਲ ਸੁਨਾਊਂ' ॥੪੨॥
ਬਹੁ ਮੋਲਾ ਸਿਰੁਪਾਉ ਮੰਗਾਯੋ।
ਕਰਿ ਗੁਰ ਹੁਕਮ ਵਜ਼ੀਰ ਦਿਵਾਯੋ।
ਕਰਿ ਬੰਦਨ ਕੋ ਰੁਖ਼ਸਦ ਹੋਯੋ।
ਹਰਖਤਿ ਬਹੁ ਸੁਸ਼ੀਲ ਜੁਤਿ ਜੋਯੋ ॥੪੩॥

[†]ਪਾ:-ਅਵਾਹੁ ਮਿਲਹੁ ਭਲੀ ਨਿਰਧਾਰਹੁ।
[1]ਰਾਜੇ ਨੂੰ ਕਿਸ ਗਲ ਦਾ ਬਹੁਤ ਸ਼ੌਕ ਹੈ।
[1]ਅਤਿ ਸਿਆਣੇ (ਰਾਜੇ) ਵੀ ਉਸ ਦੀ ਸਲਾਹ ਵਰਤਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਵਜ਼ੀਰ' ਪ੍ਰਸੰਗ ਬਰਨਨੰ ਨਾਮ ਸਪਤ ਬਿੱਸਤੀ ਅੰਸੂ ॥੨੭॥

੨੮. [ਰਾਜੇ ਭੀਮ ਚੰਦ ਦਾ ਗੁਰੂ ਜੀ ਨਾਲ ਮੇਲ]

੨੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੨੯

ਦੋਹਰਾ:

ਬਿਦਾ ਹੋਇ ਸਤਿਗੁਰੂ ਤੇ, ਹਰਖਤਿ ਲੇ ਸਿਰੁਪਾਇ।
ਭੀਮ ਚੰਦ ਗਿਰ ਇੰਦ† ਢਿਗ, ਗਾ[1] ਵਜ਼ੀਰ ਉਤਲਾਇ ॥੧॥

[1]ਗਿਆ। †ਪਾ:-ਪਹੁੰਚਯੋ ਜਾਇ ਗਿਰਿੰਦ।

ਚੌਪਈ:

ਨਮੋ ਠਾਨਿ ਬੈਠਯੋ ਨ੍ਰਿਪ ਪਾਸੀ।
ਗੁਰਨਿ ਬਾਰਤਾ ਸਕਲ ਪ੍ਰਕਾਸ਼ੀ।
'ਬਡ ਉਤਸਾਹਵੰਤਿ ਬਲਿ ਭਾਰੀ।
ਅਜ਼ਮਤਿ ਜਾਗਤਿ ਜੋਤਿ ਉਦਾਰੀ[1] ॥੨॥ [1]ਸ੍ਰੇਸ਼ਟ।
ਤੁਮਰੋ ਕਹਯੋ ਸ਼੍ਰਵਨਿ ਸੁਨਿ ਆਛੇ।
ਜਥਾ ਜੋਗ ਉੱਤਰ ਦੇ ਪਾਛੇ।
ਸਾਦਰ ਮੁਲਾਕਾਤ ਠਹਿਰਾਈ।
ਮਿਲਹੁ ਆਪ ਲਿਹੁ ਕਾਜ ਬਨਾਈ ॥੩॥
ਭੀਰ ਬਿਲੰਦ ਅਨੰਦ ਪੁਰਿ ਮਹੀਆ।
ਉਤਰੀ ਚਮੂੰ ਸੁਭਟ ਜਹਿਂ ਕਹੀਆ।
ਸਿਖ ਸੰਗਤਿ ਸਭਿ ਦਿਸ਼ਿ ਤੇ ਆਵੈਂ।
ਵਸਤੁ ਅਜਾਇਬ ਭੇਟ ਚਢਾਵੈਂ ॥੪॥
ਪੁਰਵਹਿਂ ਮਨਹੁਂ ਕਾਮਨਾ ਸਭਿ ਕੀ।
ਹਰਖਯੋ ਪਿਖੀ ਜੋਤਿ ਮੈਂ ਜਬਿ ਕੀ।
ਉਚਿਤ ਆਪ ਕੋ ਤੂਰਨ ਚਲੀਅਹਿ।
ਰਿਦੇ ਭਾਉ ਧਰਿ ਗੁਰ ਸੰਗ ਮਿਲੀਅਹਿ'
॥੫॥
ਗਿਰਪਤਿ ਸੁਨਿ ਅਨੰਦ ਕੋ ਪਾਯੋ।
ਮਿਲਨਿ ਹੇਤੁ ਸਭਿ ਸਾਜ ਬਨਾਯੋ।
ਸੈਨਾ ਸਕਲ ਬਟੋਰਨਿ ਕੀਨਿ।
ਬ੍ਰਿੰਦ ਮੁਸਾਹਿਬ ਕਰਿ ਸੰਗ ਲੀਨ[1] ॥੬॥ [1]ਨਾਲ ਕਰ ਲੀਤੇ।
ਬਸਨ ਬਿਭੂਖਨਿ ਤਨ ਧਰਿ ਘਨੇ।
ਤੀਰ ਤੁਫੰਗਨਿ ਆਯੁਧ ਸਨੇ।
ਇਮ ਲੇ ਕਰਿ ਭਟ ਭੀਰ ਬਿਸਾਲਾ।
ਦੁਰਦ ਅਰੂਢਿ ਪੰਥ ਕੋ ਚਾਲਾ ॥੭॥
ਬਾਦਿਤ ਦੁੰਦਭਿ ਆਦਿ ਅਗਾਰੀ[1]। [1]ਅੱਗੇ ਦੁੰਦਭ ਆਦਿ (ਵਾਜੇ) ਵਜਦੇ ਹਨ।

ਬਜਹਿਂ, ਕੁਲਾਹਲ ਘਾਲਤਿ ਭਾਰੀ[1]। [1]ਭਾਵ, ਭਾਰੀ ਸ਼ੋਰ ਹੋ ਰਿਹਾ ਹੈ।
ਭੀਮਚੰਦ ਉਤਸਾਹਿਤਿ ਆਯੋ।
ਚਲਤਿ ਅਨੰਦਪੁਰਾ ਨਿਯਰਾਯੋ[1] ॥ ੮ ॥ [1]ਨੇੜੇ ਆ ਗਿਆ।
ਪਹੁੰਚਿ ਗੁਰੂ ਢਿਗ ਨਰ ਸੁਧਿ ਦੀਨ।
ਨੰਦ ਚੰਦ ਤਬਿ ਭੇਜਨ ਕੀਨਿ।
'ਜਾਹੁ ਅੱਗ੍ਰ ਸਨਮਾਨਤਿ ਆਨਹੁ।
ਆਛੇ ਥਾਨ ਉਤਾਰਨ ਠਾਨਹੁ ॥ ੯ ॥
ਗੁਰ ਘਰ ਤੇ ਬਹੁ ਰਸਤ ਪੁਚਵਾਹੁ।
ਘ੍ਰਿਤ ਮਿਸ਼ਟਾਨ ਅਧਿਕ ਲੇ ਜਾਵਹੁ।
ਵਾਹਿਨ ਗਨ ਕੋ ਦਿਹੁ ਤ੍ਰਿਣ ਦਾਨਾ।
ਬਿਨ ਜਾਚੇ ਪਹੁੰਚਾਇ ਮਹਾਨਾ ॥ ੧੦ ॥
ਲਿਹੁ ਮਾਤੁਲ ਕੋ ਸੰਗ ਰਲਾਇ।
ਅਹੈ ਸਦਨ[1], ਨਰ ਪਠਹੁ ਬੁਲਾਇ।' [1]ਭਾਵ ਮਾਮਾ ਜੀ ਘਰੇ ਹਨ।
ਨੰਦ ਚੰਦ ਸੁਨਿ ਹੁਕਮ ਸਿਧਾਰਾ।
ਤਬਿ ਕ੍ਰਿਪਾਲ ਤਤਕਾਲ ਹਕਾਰਾ ॥ ੧੧ ॥
ਚਢੇ ਤੁਰੰਗਨਿ ਪਰ ਜੁਗ ਚਾਲੇ।
ਕਿਤਿਕ ਸਊਰਨਿ ਲੈ ਸੰਗ ਨਾਲੇ।
ਮਿਲੇ ਨ੍ਰਿਪਤ ਕੇ ਹੁਇ ਅਗੁਵਾਈ।
ਖੁਸ਼ੀ ਗੁਰੂ ਕੀ ਜਾਇ ਸੁਨਾਈ ॥ ੧੨ ॥
ਪਿਖਿ ਕਰਿ ਭੀਮਚੰਦ ਹਰਖਾਯੋ।
ਕਰਤੇ ਬਾਤ ਅਨੰਦਪੁਰਿ ਆਯੋ।
ਕਰਜੋ ਨਿਵੇਸ ਬੇਸ਼ ਇਸਥਾਨਾ[1]। [1]ਡੇਰਾ ਚੰਗੇ ਅਸਥਾਨ ਤੇ ਕੀਤਾ [ਫਾ. ਬੇਸ਼ = ਵਧੀਆ]।
ਖਾਨ ਪਾਨ ਕਰਿਵਾਇ ਸ਼ਨਾਨਾ ॥ ੧੩ ॥
ਬਾਹਨਿ ਕੋ ਸਭਿ ਦੀਨਿ ਅਹਾਰਾ।
ਸਰਬ ਸੰਗ ਨ੍ਰਿਪ ਮੁਦਤਿ ਉਦਾਰਾ[1]। [1]ਬਹੁਤ ਪ੍ਰਸੰਨ ਹੋਇਆ।
ਸੁਖ ਸੋਂ ਸੁਪਤੇ ਰਾਤਿ ਬਿਤਾਈ।
ਪੁਨ ਭੁਨਸਾਰ ਪਿਖੀ ਹੁਇ ਆਈ ॥ ੧੪ ॥
ਸੌਚ ਸ਼ਨਾਨ ਦੁਹਿਨ ਦਿਸ਼ਿ ਹੋਏ।
ਬਸਨ ਬਿਭੂਖਨ ਧਰਿ ਸਭਿ ਕੋਏ।
ਸੁਨਿ ਸ਼੍ਰੀ ਗੁਜਰੀ ਅਧਿਕ ਅਨੰਦਤਿ।
ਸੁਤ ਮਹਿੰਮਾ ਲਖਿ ਨਵ ਗੁਰ[1] ਬੰਦਤਿ [1]ਨਵਾਂ ਗੁਰੂ ਸਾਹਿਬਾਂ ਨੂੰ।

॥੧੫॥
ਸਭਾ ਥਾਨ ਕੋ ਗੁਰ ਚਲਿ ਆਏ।
ਅਨਿਕ ਬਰਨ ਕੇ ਫਰਸ਼ ਬਿਛਾਏ।
ਚਾਰੁ ਸਿੰਘਾਸਨ ਪਰ ਚਢਿ ਥਿਰੇ।
ਸੁਨਿ ਸਭਿ ਲੋਕ ਆਇਬੋ ਕਰੇ ॥੧੬॥
ਸ਼ੁਭਤਿ ਸਭਾ ਸਭਿ ਪੂਰਨ ਹੋਈ।
ਰਾਜ ਸਮਾਜ ਪ੍ਰਦੀਪਤਿ[1] ਸੋਈ।
ਕੰਚਨ ਛਰੀਦਾਰ ਗਨ ਖਰੇ।
ਸੂਰਜਮੁਖੀ ਉਭਾਰਨਿ ਕਰੇ ॥੧੭॥
ਚਾਮਰ ਚਾਰੁ ਬਾਰਿ ਬਹੁ ਢੋਰਤਿ।
ਬਿਸਦ ਮਰਾਲਨ ਕੀ ਦੁਤਿ ਚੋਰਤਿ[1]।
ਪਠਜੋ ਮਸੰਦ ਹਕਾਰਨਿ ਰਾਜਾ।
ਕਰੀ ਆਨਿ ਸੁਧਿ ਦਰਸ਼ਨ ਕਾਜਾ
॥੧੮॥
'ਯਾਦ ਕਰਤਿ ਚਲੀਅਹਿ ਅਬਿ ਪਾਸਾ।
ਪੁਰਹਿਂ ਸਤਿਗੁਰੂ ਜਨ ਕੀ ਆਸਾ।'
ਭੀਮਚੰਦ ਹੁਇ ਰਹਜੋ ਤਯਾਰੀ।
ਬੈਠਜੋ ਹੁਤੋ ਪ੍ਰਤੀਖਨ ਧਾਰੀ ॥੧੯॥
-ਆਇ ਹਕਾਰਨਿ, ਗਮਨਹਿਂ ਤਹਾਂ।
ਬੈਠੈਂ ਦਰਸ਼ਨ ਦੈਹੈਂ ਜਹਾਂ-।
ਪੁੰਜ ਮੁਸਾਹਿਬ ਲੈ ਕਰਿ ਸਾਥੇ।
ਅਪਰ ਸੁਭਟ ਜਿਨ ਆਯੁਧ ਹਾਥੇ
॥੨੦॥
ਗਮਨਜੋ ਬੋਲਤਿ ਸੰਗ ਵਜ਼ੀਰ।
ਸ਼ਸਤ੍ਰ ਬਿਭੂਖਨ ਚੀਰ ਸ਼ਰੀਰ।
ਬਹੁ ਮੋਲੇ, ਧਾਰਤਿ ਚਲਿ ਆਏ।
ਗੁਰੁ ਸਨ[1] ਸਿੱਖਜਨਿ ਭਨਜੋ ਸੁਨਾਏ
॥੨੧॥
'ਪ੍ਰਭੁ ਜੀ ! ਗਿਰਪਤਿ ਮਤਿ ਕੇ ਕਾਚੇ।
ਕਪਟ ਅਨੇਕ ਬਿਧਿਨਿ ਮਹਿਂ ਰਾਚੇ।
ਇਨ ਪਰ ਬਹੁ ਵਿਸ਼ਵਾਸ਼ ਨ ਕੀਜੈ।
ਅੰਤਰ ਚਮੂੰ ਨ ਆਵਨਿ ਦੀਜੈ ॥੨੨॥

[1]ਪ੍ਰਕਾਸ਼ਿਆ।

[1]ਉੱਜਲ ਹੰਸਾਂ ਦੀ ਸੁੰਦਰਤਾ ਨੂੰ ਚੁਰਾਉਂਦਾ ਹੈ।

[1]ਗੁਰੂ ਜੀ ਨੂੰ।

ਜਿਤਿਕ ਮੁਸਾਹਿਬ ਆਨਹਿਂ ਸਾਥ[1]।

> [1]ਭਾਵ ਕੇਵਲ ਮੁਸਾਹਿਬ ਹੀ ਨਾਲ ਆਉਣ।

ਦਰਸਹਿਂ ਨਾਥ[1] ਧਰੇ ਪਦ ਮਾਥ।'

> [1]ਨਾਥ (ਭਾਵ ਆਪ ਜੀ ਦਾ) ਦਰਸ਼ਨ ਕਰਨ।

ਲਖਿ ਆਸ਼ੈ ਬਹੁ ਦਾਸਨਿ ਕੇਰਾ।
ਕਲਗ਼ੀਧਰ ਬੋਲੇ ਤਿਸ ਬੇਰਾ ॥੨੩॥
'ਸੈਨ ਸਮੇਤ ਜਿ ਅੰਤਰ ਆਵਹਿ।
ਕਹਾਂ ਬਿਗਾਰ ਸਕਹਿ, ਕਜਾ ਪਾਵਹਿ?
ਕਜਾ ਬਿਸਵਾਸ ਤਿਨਹੁ ਤੇ ਕਰੈਂ[1]।

> [1]ਉਨ੍ਹਾਂ ਤੋਂ ਸੰਸਾ ਸ਼ੰਕਾ ਕੀ ਕਰਨੀ ਹੈ। [ਪੰ:, ਬਿਸਵਾਸ ਪਦ 'ਵਿਸਵਿਸੇ' ਦਾ ਇਕ ਰੂਪ ਹੈ, ਵਿਸਵਿਸਾ = ਸ਼ੰਕਾ ਭਰੀ ਸੋਚ]।

ਗਨ ਮ੍ਰਿਗ ਤੇ ਕਜਾ ਕੇਹਰਿ ਡਰੈ ॥੨੪॥
ਆਵਨ ਦਿਹੁ ਸਭਿ ਸਭਾ ਮਝਾਰੀ।
ਕਹਾਂ ਦੁਰਨ ਕਰਿ ਹੈਂ ਬਲ ਭਾਰੀ[1]।'

> [1]ਕਿਉਂ ਲੁਕੀਏ (ਅਸਾਂ ਪਾਸ) ਭਾਰੀ ਬਲ ਹੈ।

ਸਿੰਘ ਪੌਰ ਇਤਨੇ ਮਹਿਂ ਆਯੋ।
ਭਟਨਿ ਸਹਿਤ ਅੰਤਰ ਪ੍ਰਵਿਸ਼ਾਯੋ ॥੨੫॥
ਪਹੁੰਚੇ ਚਰਨ ਬੰਦਨਾ ਕੀਨੀ।
ਥਾਤੀ ਧਨ ਆਗੇ ਧਰਿ ਦੀਨੀ।
ਗੁਰ ਆਇਸੁ ਕੋ ਲੇ ਕਰਿ ਬੈਸਾ।
ਪਿਖਿ ਸਰੂਪ ਪੂਰਨ ਸਸਿ ਜੈਸਾ ॥੨੬॥
ਚਮੂੰ ਸਰਬ ਅਰੁ ਪੁੰਜ ਮੁਸਾਹਿਬ।
ਧਨ ਧਰਿ ਨਮੋ ਕਰਹਿਂ ਗੁਰ ਸਾਹਿਬ।
ਜਥਾ ਜੋਗ ਥਿਰ ਹ੍ਵੈ ਕਰਿ ਸਾਰੇ।
ਕੇਤਿਕ ਠਾਂਢੇ ਦਰਸ ਨਿਹਾਰੇ ॥੨੭॥
ਕੁਸ਼ਲ ਪ੍ਰਸ਼ਨ ਕਲਗ਼ੀਧਰ ਕੀਨਾ।
ਹਾਥ ਜੋਰਿ ਭੂਪਤਿ ਕਹਿ ਦੀਨਾ।
ਗਿਰਰਾਜਨ ਕੇ ਅਨਿਕ ਪ੍ਰਸੰਗ।
ਪੁਨ ਪ੍ਰਭੁ ਪੂਛੇ ਜਿਸ ਜਿਸ ਢੰਗ ॥੨੯॥
'ਕਿਤਿਕ ਰਾਜ ਦੂਣ ਜੁ ਕਹਿਲੂਰੰ।
ਭੂਪ ਕਟੋਚਨ ਕੋ ਕਿਤ ਭੂਰੰ[1]।

> [1]ਕਟੋਚੀਏ ਰਾਜੇ ਦਾ ਕਿਤਨਾਕੁ ਭਾਰੀ ਰਾਜ ਹੈ।

ਜਸੋਵਾਰੀਆਂ ਔਰ ਗੁਲੇਰੂ।
ਬਿੱਝੜ ਵਾਲੀਆ ਬਹੁਰ ਚੰਦੇਰੂ' ॥੨੮॥
ਇਸ ਤੇ ਆਦਿਕ ਰਾਜ ਪਹਾਰੀ।
ਗੁਰੂ ਬੂਝਨਿ ਨ੍ਰਿਪ ਸਕਲ ਉਚਾਰੀ।

ਪੁਨ ਬੋਲਯੋ 'ਜੇ ਵਸਤੁ ਅਜਾਇਬ।
ਸੁਨੀ ਅਨੇਕ ਅਹੈਂ ਢਿਗ ਸਾਹਿਬ[1] ॥੩੦॥ [1]ਆਪ ਜੀ ਦੇ ਪਾਸ ਹਨ।
ਕ੍ਰਿਪਾ ਕਰਹੁ ਸੋ ਹਮਹਿਂ ਦਿਖਾਵਹੁ।
ਬਾਂਛਤਿ ਹੁਤੇ ਸੁ ਅਬਹਿ ਅਨਾਵਹੁ।'
ਸ਼੍ਰੀ ਕਲਗ਼ੀਧਰ ਹੁਕਮ ਬਖਾਨਾ।
'ਆਨਹੁ ਚੌਂਕੀ ਅਜਬ ਮਹਾਨਾ ॥੩੧॥
ਪੰਚਕਲਾ ਸ਼ਸਤਰ ਅਬਿ ਲਜਾਵਹੁ।
ਪੁਰਹੁ ਆਸ ਇਨ ਸਕਲ ਦਿਖਾਵਹੁ।'
ਕੋਸ਼ਪਤੀ ਸੁਨਿ ਕੈ ਤਤਕਾਲਾ।
ਆਨਿ ਧਰੇ ਗੁਰ ਅੱਗ੍ਰ ਸੰਭਾਲਾ ॥੩੨॥
ਚੌਂਕੀ ਕਲ ਦਾਬੀ ਜਬਿ ਪੂਰਬ।
ਨਿਕਸੀ ਪੁਤਲੀ ਪਿਖੀ ਅਪੂਰਬ[1]। [1]ਅਸਚਰਜ।
ਗਹਿ ਕਰ ਮਹਿਂ ਡਲ ਦੇਤਿ ਰੁੜ੍ਹਾਈ[1]। [1]ਹੱਥ ਵਿਚ ਲੈਕੇ (ਚੌਪੜ ਦੇ) ਡਲ ਪਾ ਦੇਂਦੀਆਂ ਹਨ।
ਚਲਹਿਂ ਚਾਲ ਸੇਵਕ ਦਿਖਰਾਈ ॥੩੩॥
ਭੀਮਚੰਦ ਆਨੰਦ ਬਿਲੰਦਾ।
ਅਦਭੁਤ ਦੇਖਤਿ ਮਤਿ ਬਿਸਮੰਦਾ।
ਪੁਨ ਕਲ ਦਾਬਿ ਸ਼ਸਤ੍ਰ ਦਿਖਰਾਯੋ।
ਸ਼ਕਤਿ[1], ਤਮਾਂਚਾ ਖੜਗ, ਬਨਾਯੋ ॥੩੪॥ [1]ਬਰਛੀ।
ਆਯੁਧ ਪੰਚ ਬਨਾਇ ਦਿਖਾਏ।
ਗੁਲਕਾਂ ਡਾਲਿ ਬਰੂਦ ਚਲਾਏ।
ਜਿਤਿਕ ਸੰਗ ਮੈਂ ਚਮੂੰ ਪਹਾਰੀ।
ਹੇਰਿ ਹੇਰਿ ਹੈਰਾਨੇ ਭਾਰੀ ॥੩੫॥
ਚਾਰ ਘਟੀ ਲਗਿ ਬੈਠਿ ਦਿਖਾਏ।
ਬੂਝਤਿ ਭੂਪ 'ਕਿਤਹੁਂ ਤੇ ਆਏ।'
ਸਤਿਗੁਰ ਸਗਰੀ ਕਥਾ ਸੁਨਾਈ।
'ਹੁਤੋ ਅਸਾਮ ਦੇਸ਼ ਕੋ ਰਾਈ ॥੩੬॥
ਦੂਰ ਇਹਾਂ ਤੇ ਦੇਸ਼ ਬਡੇਰਾ।
ਨਵਮ ਗੁਰੂ ਕੋ ਸੋ ਹੈ ਚੇਰਾ।
ਸ਼ਰਧਾ ਧਰਿ ਕਰਿ ਇਹ ਦਿਸ਼ਿ ਆਨੇ।
ਰਹਯੋ ਕਿਤਿਕ ਦਿਨ ਪੁਨਹਿਂ ਪਯਾਨੇ'

॥ ੩੭ ॥
ਭੀਮਚੰਦ ਭੂਪਤਿ ਸੁਨਿ ਬੋਲਾ।
'ਇਕ ਮੈਂ ਸੁਨਜੋਂ ਮਤੰਗ ਅਮੋਲਾ।
ਬਹੁਤ ਦਰਬ ਲਾਗਜੋ ਜਿਸ ਡੇਰੇ[1]। [1]ਜਿਸਦੇ ਤੰਬੂ ਨੂੰ।
ਇਹ ਦੋਨਹੁਂ ਹਮ ਚਾਹਤਿ ਹੇਰੇ' ॥ ੩੮ ॥
ਤਬਿ ਕਲਗ਼ੀਧਰ ਗਿਰਾ ਰਸਾਲੀ।
ਕਹੀ 'ਦਿਖਾਵਨਿ ਕਰਿਹੈਂ ਕਾਲੀ[1]। [1]ਕਲ ਨੂੰ।
ਆਜ ਦਿਖਨਿ ਕੋ ਸਮੋ ਨ ਰਹਜੋ।
ਕਰਹੁ ਬਿਲੋਕਨਿ ਜਿਮ ਚਿਤ ਚਹਜੋ'
॥ ੩੯ ॥
ਇਮ ਸਤਿਗੁਰ ਕੇ ਰੁਖ਼ ਕੋ ਜਾਨਾ।
ਉਠਨ ਹੇਤ ਜੋਰੇ ਜੁਗ ਪਾਨਾ।
ਕਰੀ ਖੁਸ਼ੀ ਗਿਰਪਤਿ ਸੁਨਿ ਗਯੋ।
ਰਿਦੇ ਅਧਿਕ ਹੀ ਹਰਖਤਿ ਭਯੋ ॥ ੪੦ ॥
ਨਿਜ ਲੋਗਨ ਸੰਗ ਜਾਤਿ ਸਰਾਹਤਿ।
'ਜਿਮ ਜਸੁ ਸੁਨਜੋ ਪਿਖਜੋ ਦੁਖ ਦਾਹਤਿ।
ਅਤਿ ਸੁੰਦਰ ਮੂਰਤਿ ਮਨ ਮੋਹਤਿ।
ਬਿਧ ਕੀ ਸਕਲ ਨਿਪੁਨਤਾ ਸੋਹਤਿ[1] [1]ਬਿਧਾਤਾ ਦੀ ਸਾਰੀ ਪ੍ਰਬੀਨਤਾ ਫਬ ਰਹੀ ਹੈ।
॥ ੪੧ ॥
ਤਿਮ ਹੀ ਮਹਾਂ ਸੁਸ਼ੀਲ ਛਬੀਲਾ।
ਸ਼ੁਭ ਲੀਲਾ ਯੁਤ, ਗਿਰਾ ਰਸੀਲਾ।
ਮੁਝ ਮਨ ਮਹਿਂ ਐਸੀ ਅਬਿ ਆਵੈ।
ਇਨ ਸਮੀਪਤਾ ਤਜੀ ਨ ਜਾਵੈ ॥ ੪੨ ॥
ਕ੍ਰਿਸ਼ਨਚੰਦ ਸੁੰਦਰ ਬਹੁ ਸੁਨਜੋਂ।
ਇਮ ਸਮ ਹ੍ਵੈ ਅਨਮਾਨਤਿ ਭਨਜੋ।'
ਸੁਨਿ ਵਜ਼ੀਰ ਭਾਖਤਿ ਵਡਿਆਈ।
'ਕੀਰਤਿ ਗੁਰ ਨਾਨਕ ਬਿਦਤਾਈ ॥ ੪੩ ॥
ਜਗ ਗੁਰ ਨਾਮ ਜਿਨਹੁ ਕੋ ਕਹੈਂ।
ਤਿਨ ਕੀ ਗਾਦੀ ਪਰ ਥਿਰ ਅਹੈਂ।
ਕਰਾਮਾਤ ਸਾਹਿਬ ਜਗ ਜਾਨੇ।
ਨਿਜ ਦਾਸਨ ਦੈਂ ਅਨੰਦ ਮਹਾਨੇ' ॥ ੪੪ ॥
ਇੱਤਜਾਦਿਕ ਬਹੁ ਕਰਹਿਂ ਸਰਾਹਨਿ।

ਜਿਨ ਕੇ ਮਨ ਬਿਕਾਰ ਕੁਛ ਨਾਹਿਨ।
ਸ੍ਰੀ ਕਲਗ਼ੀਧਰ ਸਦਨ ਪਹੂੰਚੇ।
ਚਲਤਿ ਚਪਲ ਗਤਿ ਜਿਨ ਜਸੁ ਊਚੇ
॥੪੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਭੀਮਚੰਦ ਮਿਲਨ' ਪ੍ਰਸੰਗ ਬਰਨਨੰ ਨਾਮ ਅਸ਼ਟ ਬਿੰਸਤੀ ਅੰਸੂ ॥੨੮॥

੨੯. [ਭੀਮਚੰਦ ਨੂੰ ਪ੍ਰਸਾਦੀ ਹਾਥੀ ਤੇ ਤੰਬੂ ਦਿਖਾਯਾ]

੨੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੦

ਦੋਹਰਾ:

ਖਾਨ ਪਾਨ ਸਭਿ ਬਿਧਿਨਿ ਕੇ, ਭੀਮਚੰਦ ਕੋ ਦੀਨਿ।
'ਰਸਤ ਦੇਗ ਤੇ ਅਧਿਕ ਹੀ, ਪਹੁੰਚਹਿ' ਆਇਸੁ ਕੀਨਿ ॥੧॥

ਚੌਪਈ:

'ਤ੍ਰਿਣ ਦਾਨਾ ਘ੍ਰਿਤ ਸਿਤਾ ਨਿਹਾਰੀ।
ਦੇਹੁ ਦਿਵਸ ਪ੍ਰਤਿ ਹਯਨਿ ਸੰਭਾਰੀ।
ਸੂਖਮ ਚਾਵਰ ਗੋਧੂਮ ਚੂਨ।
ਜਾਚਹਿਂ ਜਿਤਿਕ ਨ ਦੇਤੇ ਊਨ ॥੨॥
ਗੁਰੁ ਘਰ ਕਮੀ ਨ ਕਿਸ ਕੀ ਅਹੈ।
ਪ੍ਰਾਪਤਿ ਹੋਤਿ ਜਥਾ ਜੋ ਚਹੈ।'
ਪੁਰਿ ਅਨੰਦ ਅਤਿ ਖੁਸ਼ੀ ਬਿਹਾਰੈਂ।
ਨਿਤ ਪ੍ਰਤਿ ਕੌਤਕ ਨਵੇਂ ਨਿਹਾਰੈਂ ॥੩॥
ਸੋ ਦਿਨ ਰਜਨੀ ਬੀਤੀ ਜਬੈ।
ਭਈ ਪ੍ਰਭਾਤਿ ਉਠੇ ਨਰ ਸਬੈ।
ਹੁਕਮ ਫਰਾਸ਼ਨਿ ਸਾਥ ਬਖਾਨਾ।
'ਡੇਰਾ[1] ਲਗਹਿ ਥਾਨ ਮੈਦਾਨਾ ॥੪॥
ਦੁਰਦ ਪ੍ਰਸਾਦੀ ਕਰਹੁ ਸ਼ਿੰਗਾਰਨਿ।
ਕੰਚਨ ਚਾਂਦੀ ਸ਼੍ਰਿੰਖਲ ਡਾਰਨਿ।
ਮਖ਼ਮਲ ਜ਼ਰੀਦਾਰ ਬਡ ਝੂਲ।
ਗਜਗਾਹਨ ਬਾਂਧਹੁ ਰਹਿ ਝੂਲ' ॥੫॥
ਸੁਨਿ ਉਮਾਹ ਸਭਿ ਕੇ ਹੁਇ ਆਯੋ।
-ਭੀਮਚੰਦ ਕੋ ਗੁਰ ਅਪਨਾਯੋ।
ਚਿਤ ਚੌਂਪਤਿ ਸਭਿ ਕਾਰ ਕਰੰਤੇ।
ਡੇਰਾ ਸਭਿ ਲਗਾਇ ਦੁਤਿਵੰਤੇ ॥੬॥
ਖਾਨ ਪਾਨ ਸਭਿਹਿਨਿ ਕਰਿ ਲੀਨਿ।
ਜਾਨਿ ਸਮੋਂ ਗੁਰ ਉਠਿਬੋ ਕੀਨਿ।
ਸੁੰਦਰ ਸਦਨ ਦ੍ਵਾਰ ਤੇ ਨਿਕਸੇ।
ਜਿਮ ਅਰਬਿੰਦ ਬਿਲੋਚਨ ਬਿਕਸੇ ॥੭॥
ਖੜਗ ਨਿਖੰਗ ਅੰਗ ਕੇ ਸੰਗ।
ਝੂਲਤਿ ਕਲ਼ਗੀ ਚਲਤਿ ਉਤੰਗ।
ਚਪਲ ਚਾਲ ਸ਼ੋਭਤਿ ਇਸ ਭਾਂਤਿ।

[1]ਤੰਬੂ।

ਗਜ ਕੋ ਬਤਸ਼ ਪੁਸ਼ਟ ਉਤਲਾਤਿ[1] ॥੮॥
ਤੰਬੂ ਦ੍ਵਾਰ ਚਾਨਣੀ ਚਾਰੂ।
ਸ਼ੋਭਤਿ ਫਰਸ਼ ਅਨੇਕ ਪ੍ਰਕਾਰੂ।
ਸਿੰਘਾਸਨਿ ਸੁੰਦਰ ਤਹਿਂ ਡਸਜੋਂ।
ਰੇਸ਼ਮ ਜ਼ਰੀ ਡੋਰ ਸੰਗ ਕਸਜੋ ॥੯॥
ਤਿਸ ਪਰ ਬੈਠੇ ਜਾਇ ਗੁਸਾਈਂ।
ਜਗਮਗ ਚਮਤਕਾਰ ਜਿਸ ਥਾਈਂ।
ਮਾਤੁਲ ਤਬਿ ਕ੍ਰਿਪਾਲ ਚਲਿ ਆਯੋ।
ਸਤਿਗੁਰ ਨਿਕਟਿ ਬੈਠਿ ਹਰਖਾਯੋ ॥੧੦॥
ਪਾਚਹੁੰ ਬੀਰ ਸ਼ਸਤ੍ਰ ਤਨ ਧਾਰੀ।
ਥਿਰੇ ਆਨਿ ਕਰਿ ਢਿਗ ਦਰਬਾਰੀ।
ਸ਼ਜਾਮ ਸਿੰਘ ਅਰੁ ਰਾਇ ਗੁਲਾਬ।
ਸੁਨਿ ਆਏ ਚਲਿ ਤਹਾਂ ਸ਼ਿਤਾਬ ॥੧੧॥
ਨੰਦਚੰਦ ਧਰਿ ਸ਼ਸਤ੍ਰ ਬਿਲੰਦੰ।
ਅਏ ਸੰਗ ਲੇ ਬ੍ਰਿੰਦ ਮਸੰਦੰ।
ਬੈਠਿ ਭਲੀ ਬਿਧਿ ਸਭਾ ਲਗਾਈ।
ਸੁਭਟ ਸਿੱਖ ਮਿਲਿਗੇ ਸਮੁਦਾਈ ॥੧੨॥
ਚਾਮਰਚਾਰੁ ਢੁਰਤਿ ਬਹੁ ਬਾਰੀ।
ਕਹੌਂ ਕਹਾਂ ਸ਼ੋਭਾ ਮਨੁਹਾਰੀ[1]।'
ਭੀਮਚੰਦ ਕੋ ਪਠਜੋ ਬੁਲਾਈ।
ਗਯੋ ਮੇਵੜਾ ਦੀਨਿ ਸੁਨਾਈ ॥੧੩॥
ਸੁਨਤਿ ਅਨੰਦ ਨਰਿੰਦ ਬਿਲੰਦੰ।
ਭਯੋ ਤਜਾਰ ਸੰਗ ਲੇ ਨਰ ਬ੍ਰਿੰਦੰ।
ਬਸਤ੍ਰ ਸ਼ਸਤ੍ਰ ਕੋ ਅੰਗ ਸਜਾਏ।
ਸੁਭ ਮਤਿ ਸਚਿਵਨਿ ਸਾਥ ਮਿਲਾਏ ॥੧੪॥
ਗੁਰ ਦਰਬਾਰ ਗਯੋ ਤਤਕਾਲਾ।
ਦੇਖਿ ਦੂਰ ਤੇ ਦਿਪਤਿ ਬਿਸਾਲਾ।
ਸ਼ੋਭਤਿ ਕੰਚਨ ਕਲਸ ਉਤੰਗੇ।
ਤੰਬੂ ਰੁਚਿਰ ਮਹਾਂ ਦੁਤਿ ਸੰਗੇ ॥੧੫॥
ਜਜੋਂ ਜਜੋਂ ਨਿਕਟ ਆਵਤੋ ਜਾਤਿ।

[1]ਹਾਥੀ ਦਾ ਪੁਸ਼ਟ ਬੱਚਾ ਜਿਵੇਂ ਕਾਹਲੀ ਕਰਦਾ ਹੈ।

[1]ਮਨ ਨੂੰ ਹਰਨ ਵਾਲੀ।

ਤਜੋਂ ਤਜੋਂ ਦੇਖਤਿ ਦੁਤਿ ਬਹੁ ਭਾਂਤਿ।
ਜਬਿ ਹੀ ਪਹੁੰਚਜੋ ਜਾਇ ਸਮੀਪ।
ਸਭਿ ਦਿਸ਼ ਤੇ ਦਿਖਿ ਕੈ ਅਵਨੀਪ ॥੧੬॥
ਜਹਾਂ ਪੌਰ ਪਰ ਥਿਰੇ ਸਿਪਾਹੀ।
ਆਨਿ ਪ੍ਰਵੇਸ਼ਜੋ ਤਿਸ ਕੇ ਮਾਂਹੀ।
ਸ਼ੁਭਤਿ ਸਭਾ ਇਮ ਜਾਇ ਨਿਹਾਰੀ।
ਉਡਗ ਪ੍ਰਵਾਰਜੋ ਚੰਦ ਮਝਾਰੀ ॥੧੭॥
ਕੈਧੋਂ ਤਜਾਗਿ ਸੁਰਗ ਕੋ ਊਪਰ।
ਇੰਦ੍ਰ ਸੁਰਨ ਜੁਤਿ ਬਾਸਜੋ ਭੂ ਪਰ।
ਆਨੇ ਸੰਗ ਅਰਸ਼ ਕੇ ਐਸ਼[1]।
ਭੀਮਚੰਦ ਜਾਨੇ ਮਨ ਤੈਸੈ ॥੧੮॥

[1]ਸੂਰਗ ਦੇ ਸੁਖ [ਅ:, ਐਸ਼ = ਖੁਸ਼ੀ, ਅਰਾਮ, ਸੁਖ]।

ਹਾਥ ਬੰਦਿ ਬੰਦਨ ਕੋ ਠਾਨਿ।
ਬੈਠਜੋ ਗੁਰ ਕੇ ਨਿਕਟ ਸੁਜਾਨ।
ਸਚਿਵ ਮੁਸਾਹਿਬ ਸਭਿ ਕਰਿ ਨਮੋ।
ਦਰਸ਼ਨ ਕਰਿ ਬੈਠੇ ਤਿਹ ਸਮੋਂ ॥੧੯॥
ਊਪਰ ਸਭਿਨਿ ਬਿਲੋਚਨ ਲਾਏ।
ਕਾਰ ਅਜਾਇਬ ਤੇ ਬਿਸਮਾਏ।
ਝਾਲਕ ਝਮਕਤਿ ਜਗਮਗ ਜ਼ਰੀ।
ਕਿਤ ਕਿਤ ਲਰਕਤਿ ਮੁਕਤਨਿ ਲਰੀ ॥੨੦॥
ਗੁੱਛੇ, ਚੋਬ ਫਰਸ਼ ਕੋ ਦੇਖੇ।
ਦੇਸ਼ ਕਾਲ ਗੇ ਬਿਸਰਿ ਅਸ਼ੇਖੇ[†]।

[†]ਭਾਵ ਇਹ ਹੈ ਕਿ ਐਸੀ ਸੁੰਦਰਤਾ ਤੱਕੀ ਕਿ ਦੇਸ਼ ਕਾਲ ਮੂਲੋਂ ਭੁੱਲ ਗਏ। ਇੱਥੇ ਕਵੀ ਜੀ ਦੀ ਵਿਸਮਾਦ ਰਸਾਂ ਵਿਚ ਗੰਮਤਾ ਦਾ ਪਤਾ ਲਗਦਾ ਹੈ। ਆਪ ਨੂੰ ਤਜਰਬਾ ਹੈ ਕਿ ਜਦੋਂ ਅਕਹਿ ਸੁੰਦਰਤਾ ਦਾ ਝਲਕਾ ਬੁੱਧੀ ਤੇ ਪੈਂਦਾ ਹੈ ਤਾਂ ਬੁੱਧੀ ਜੋ ਦੇਸ਼ਕਾਲ ਵਿਚ ਵਿਚਰਦੀ ਹੈ ਉਹ ਮਾਨੋਂ ਖੜੋ ਜਾਂਦੀ ਹੈ, ਇਸ ਨੂੰ ਦੇਸ਼ ਕਾਲ ਦਾ ਗਿਆਨ ਭੁੱਲ ਜਾਂਦਾ ਹੈ ਤੇ ਆਪਾ (ਅਨੰਤ) ਨਾਲ ਛੁਹ ਪਾ ਲੈਂਦਾ ਹੈ। ਜਦੋਂ ਫਿਰ ਬੁੱਧੀ ਸਫੁਰਨ ਹੁੰਦੀ ਹੈ ਤਾਂ 'ਵਾਹ ਵਾਹ' ਮੂੰਹੋਂ ਨਿਕਲਦਾ ਹੈ ਪਰ ਉਸ ਛੁਹ ਲੈਨ ਦੇ ਕਾਲ ਦਾ ਪਤਾ ਨਹੀਂ ਲੱਗਦਾ ਕਿਉਂਕਿ ਬੁੱਧੀ ਤਾਂ ਤਦੋਂ ਖੜੋ ਗਈ ਸੀ ਤੇ ਦੇਸ਼ਕਾਲ ਦਾ ਗਿਆਨ ਰਹਿ ਚੁਕਾ ਸੀ ਤਾਂ ਉਹ ਅਦੇਸ਼ ਤੇ ਅਕਾਲ ਅਵਸਥਾ ਦਾ ਪਤਾ ਕੀਕੂੰ ਦੇਵੇ। ਕਵਿ ਜੀ ਦੀ ਇਹ ਇਕ ਤੁਕ ਉਹਨਾਂ ਦੇ ਅੰਤ੍ਰੀਵ ਗਤੀਆਂ ਦੇ ਜਾਣੂ ਹੋਣ ਦੇ ਕਮਾਲ ਦੀ ਸਾਖ ਭਰਦੀ ਹੈ। ਅੰਕ ੨੩ ਵਿਚ ਫਿਰ ਇਸ ਵਿਸਮਾਦੀ ਡੋਬੇ ਦਾ ਇਸ਼ਾਰਾ ਕਰਦੇ ਹਨ:-'ਚਿਤ ਥਿਰ ਭੇ ਇਨ' = ਇਹਨਾਂ ਦੇ ਮਨ ਏਕਾਗ੍ਰ ਹੋ ਗਏ ਹਨ।

ਕਰਹਿ ਬਿਚਾਰਨਿ -ਅਰਸ਼ ਜਿ ਐਸ।
ਸੁਰਪਤਿ ਸੁਰ ਜੁਤਿ ਪ੍ਰਾਪਤਿ ਹੈਸ[1]- ॥੨੧॥

[1]ਜੇ ਸੂਰਗ ਐਸਾ ਹੀ ਹੈ ਤਾਂ ਇਸ ਵੇਲੇ ਇੰਦਰ ਤੇ ਦੇਵਤਿਆਂ ਸਮੇਤ (ਸਾਨੂੰ) ਪ੍ਰਾਪਤ ਹੈ ਭਾਵ ਦਿੱਸ ਰਿਹਾ ਹੈ।

ਇਤ ਉਤ ਦ੍ਰਿਗਨਿ ਚਲਾਵਤਿ ਰਹੇ।
ਲਖਹਿਂ ਕਿ ਜਨਮ ਲਾਭ ਹਮ ਲਹੇ।
ਤੰਬੂ ਸਹਿਤ ਕਨਾਤ ਨਿਹਾਰਿ।
ਤਨੀ ਚਾਨਣੀ ਕੋਰਨ ਚਾਰ[1] ॥੨੨॥
ਕਿਤਿਕ ਸਮੈ ਲਗਿ ਧਰਿ ਕਰਿ ਮੋਨ।
ਮੁਦਤਿ ਹੋਤਿ ਦੇਖ੍ਯੋ ਚਹੁਂ ਕੋਨ।
ਨਹਿਂ ਸਤਿਗੁਰ ਭੀ ਕੁਛ ਫੁਰਮਾਯੋ।
-ਚਿਤ ਥਿਰ ਭੇ ਇਨ- ਇਮ ਲਖਿ ਪਾਯੋ ॥੨੩॥
ਭੀਮਚੰਦ ਪਿਖਿ ਚੰਦ ਨੰਦ ਕੋ।
ਬੂਝੀ ਲਾਗਤਿ ਦਰਬ ਬ੍ਰਿੰਦਕੋ।
'ਕੌਨ ਦੇਸ਼ ਮਹਿਂ ਹ੍ਯੋਸਿ ਤਯਾਰੋ?
ਇਸ ਸਮ ਦੂਸਰ ਨਹੀਂ ਨਿਹਾਰੋਂ' ॥੨੪॥
ਸੁਨਿ ਕੈ 'ਪਸ਼ਚਮ ਦੇਸ਼' ਬਤਾਯੋ।
'ਤਹਾਂ ਮਸੰਦ ਤਯਾਰ ਕਰਿ ਲ੍ਯਾਯੋ।
ਲਗ੍ਯੋ ਦਰਬ ਇਸ ਲਾਖ ਅਢਾਈ।
ਤਿਤ ਹੀ ਕਾਰੀਗਰਨਿ ਬਨਾਈ[1] ॥੨੫॥
ਨਹਿਂ ਇਸ ਦੇਸ਼ ਬਨਾਵੈ ਕੋਈ।
ਇਕ ਨੌਰੰਗ ਢਿਗ, ਸਮ ਨਹਿਂ ਸੋਈ।'
ਨ੍ਰਿਪ ਕਹਿ 'ਇਤੋ ਦਰਬ ਭੀ ਥੋਰਾ।
ਬਨ੍ਯੋ ਅਜਾਇਬ ਬਰ ਚਹੁ ਕੋਰਾ' ॥੨੬॥
'ਸੁਨਹੁ ਗਿਰੇਸ਼੍ਵਰ! ਗੁਰ ਘਰ ਜੋਈ।
ਕਮਤੀ ਕਿਸੂ ਬਾਤ ਨਹਿਂ ਕੋਈ।
ਚਹੁਂਦਿਸ਼ਿ ਤੇ ਸਾਗਰ ਲਗਿ ਅਵਨੀ।
ਚਲਿ ਆਇਂ ਵਸਤੂ ਗਨ ਰਵਨੀ ॥੨੭॥
ਆਦਿ ਸਿੰਗਲਾਦੀਪ ਜਲਧ ਮਹਿਂ[1]।
ਗੁਰ ਸਿੱਖ ਆਨਤਿ ਸੁਧਿ[†] ਲਹਿ ਜਹਿਂ ਕਹਿਂ।'
ਏਵ ਬਿਲੋਕਤਿ ਬੋਲਤਿ ਜੌ ਲੌਂ।
ਆਯੋ ਝੂਲਤਿ ਕੁੰਚਰ ਤੌ ਲੌ ॥੨੮॥
ਸਭਿ ਬਿਧਿ ਸੁੰਦਰ ਸਜਤਿ ਸ਼ਿੰਗਾਰਾ।
ਖਰੇ ਹੋਇ ਕਰਿ ਬੰਦਨ ਧਾਰਾ।

[1]ਚਾਰ ਕੋਨਿਆਂ ਵਾਲੀ।

[1]ਉਧਰ ਦੇ ਹੀ ਕਾਰੀਗਰਾਂ ਨੇ ਬਨਾਈ ਹੈ (ਚਾਂਦਨੀ)।

[1]ਜੋ ਸਮੁੰਦਰ ਵਿਚ ਹੈ।

[†]ਪਾ:-ਸੁਖਿ।

ਜਿਤਿਕ ਰੋਟਕਾ ਕੇਰਿ ਅਕਾਰਾ।
ਸ਼ੋਭਤਿ ਤਿਤਿਕ ਸੁਪੈਦ ਲਿਲਾਰਾ[1] ॥੨੯॥

[1]ਮੱਥਾ।

ਤਹਿਂ ਤੇ ਧਾਰ ਤਰੇ ਕੋ ਚੀਨੀ।
ਸਿਤ ਹੀ ਚਲੀ ਜਹਾਂ ਲਗਿ ਬੀਨੀ[1]।

[1]ਚਿੱਟੀ ਹੀ ਚਲੀ ਗਈ ਜਿਥੋਂ ਤਕ ਸੁੰਡ ਦੀ ਨੋਕ ਹੈ [ਫਾ. ਬੀਨੀ = ਨੱਕ, ਭਾਵ ਸੁੰਡ]।

ਅਪਰ ਸ਼ਿੰਗਾਰ ਹਜ਼ਾਰਨਿ ਕੇਰਾ।
ਗਜਗਾਹਨ ਜੁਤਿ ਦਿਪਤਿ ਬਡੇਰਾ ॥੩੦॥
ਭੀਮਚੰਦ ਅਵਿਲੋਕ ਗਯੰਦ।
ਭਯੋ ਰਿਦੇ ਮਹਿਂ ਹਰਖ ਬਿਲੰਦ।
ਬਿਕਸਜੋ ਬਦਨ ਅਜਾਇਬ ਨਾਨਾ[1]।

[1]ਨਾਨਾ ਅਜੀਬ ਵਸਤੂਆਂ ਨੂੰ ਦੇਖ (ਭੀਮ ਚੰਦ ਦਾ) ਮੂੰਹ ਖਿੜਿਆ।

-ਅਧਿਕ ਦੂਰ ਤੇ ਕਿਨਹੂੰ ਆਨਾ- ॥੩੧॥
ਸ੍ਰੀ ਕਲਗ਼ੀਧਰ ਤਬਹਿ ਉਚਾਰਾ।
'ਇਕ ਤੌ ਗਜ ਕੌ ਅਜਬ ਅਕਾਰਾ।
ਪੁਨ ਗੁਨ ਗਨ ਕੋ ਇਸ ਮਹਿਂ ਲਹੀਯਤਿ।
ਕਰਹਿ ਕਾਰ ਜੋ ਮੁਖ ਤੇ ਕਹੀਅਤਿ ॥੩੨॥
ਸਭਿ ਮਤਿ ਯੁਤਿ ਚਤੁਰਈ ਵਿਸ਼ੇਖ।
ਜਿਮ ਮਾਨੁਖ ਕੀ ਲਖਿਯ ਅਸ਼ੇਖ।'
ਸੁਨਿ ਗੁਰ ਬਾਨੀ ਗਿਰਪਤਿ ਬੋਲਾ।
'ਇਹ ਕੁੰਚਰ ਪ੍ਰਭੁ ਅਹੈ ਅਮੋਲਾ ॥੩੩॥
ਜਿਸ ਕੇ ਸਮ ਦੂਸਰ ਨਹਿਂ ਔਰ।
ਦੇਸ਼ ਬਿਦੇਸ਼ ਅਨੇਕੈਂ ਠੌਰ।
ਅਦਭੁਤ ਗੁਨ ਹੈਂ ਜਥਾ ਬਤਾਵਹੁ।
ਕ੍ਰਿਪਾ ਧਾਰਿ ਕਰਿ ਸਭਿ ਦਿਖਰਾਵਹੁ' ॥੩੪॥
ਚੌਰ ਕਰੀ ਕਰ ਮੈਂ ਪਕਰਾਯੋ[1]।

[1]ਚੌਰ ਹਾਥੀ ਦੀ ਸੁੰਡ ਵਿਚ ਫੜਾਇਆ।

ਗੁਰ ਢਿਗ ਪਾਛੇ ਖਰੇ ਝੁਲਾਯੋ।
ਪੁਨ ਜਲ ਝਾਰੀ[1] ਕਰ ਗਹਿਵਾਈ।

[1]ਪਾਣੀ ਦੀ ਸੁਰਾਹੀ।

ਸਮ ਸੇਵਕ ਕੇ ਚਰਨ ਧੁਵਾਈ ॥੩੫॥

ਪਟ ਕੋ ਪਕਰਿ ਪੌਂਛਨਾ ਕਰੇ।
ਪਨਹੀ ਝਾਰਿ ਅਗਾਰੀ ਧਰੇ।
ਪੁਨ ਸਤਿਗੁਰ ਗਹਿ ਕਰਿ ਧਨੁ ਹਾਥ।
ਸਰ ਬਗਰਾਇ ਐਂਚਿ ਬਲ ਸਾਥ[1] ॥੩੬॥

[1]ਬਲ ਨਾਲ ਖਿੱਚ ਕੇ ਤੀਰ ਚਲਾਏ।

ਕੁੰਚਰ ਕੋ ਦਿਖਰਾਇ ਚਲਾਏ।
ਬੀਚ ਲੱਛ ਕੇ ਤਾਕਿ ਲਗਾਏ।
ਸ਼ੂੰਕਤ ਜਾਤਿ ਸਰਪ ਸਮ ਖਪਰੇ।
ਕੇਹਰਿ ਹਤਹਿਂ ਕਹਾਂ ਨਰ ਬਪੁਰੇ[1] ॥੩੭॥

[1]ਸ਼ੇਰ ਨੂੰ ਮਾਰਨ ਵਾਲੇ (ਤੀਰ) ਹੈਨ, ਮਨੁਖ (ਉਨ੍ਹਾਂ ਅੱਗੇ) ਕੀ ਵਿਚਾਰੇ ਹਨ।

ਪੁਨ ਕੁੰਚਰ ਕੋ ਸ਼ਾਰਤ[1] ਕੀਨਿ।

[1]ਸੈਨਤ।

'ਗਮਨਹੁ', ਆਨਿ ਬਾਨ ਕੌ ਬੀਨਿ[1]।'

[1]ਜਾਹ ਲਿਆ ਬਾਣਾਂ ਨੂੰ ਚੁਣਕੇ।

ਚਪਲ ਚਾਲ ਤੇ ਚਲ੍ਯੋ ਸੁਹਾਵਤਿ।
ਗਰ ਕੀ ਕਿੰਕਨਿ ਅਲਪ ਬਜਾਵਤਿ ॥੩੮॥
ਕੰਚਨ ਚੂੜ ਦਸਨ ਮਹਿਂ ਪਾਏ।
ਰਜਤ ਸ਼੍ਰਿੰਖਲਾ ਪਾਇ[1] ਸੁਹਾਏ।

[1]ਪੈਰੀਂ ਚਾਂਦੀ ਦੇ ਸੰਗਲ।

ਉਤਲਾਵਤਿ ਪਹੁੰਚ੍ਯੋ ਤਹਿਂ ਜਾਈ।
ਗਡੇ ਖਰੇ ਜਹਿਂ ਸਰ ਸਮੁਦਾਈ ॥੩੯॥
ਬੀਨ ਬੀਨ ਬੀਨੀ ਸੰਗ[1] ਬਾਨਾ।

[1]ਸੁੰਡ ਨਾਲ।

ਕਰੇ ਬਟੋਰਨਿ ਜਿਸ ਬਰ ਬਾਨਾ[1]।

[1]ਜਿਸ (ਹਾਥੀ ਦਾ) ਸ੍ਰੇਸ਼ਟ ਲਿਬਾਸ ਹੈ।

ਆਨਿ ਪ੍ਰਭੂ ਕੇ ਆਗੇ ਧਰੇ।
ਲੇ ਕਰਿ ਬਸਤ੍ਰ ਪੌਂਛਿਬੇ ਕਰੇਂ[†] ॥੪੦॥

[†]ਹਾਥੀ ਦੇ ਇਨ੍ਹਾਂ ਕਰਤਬਾਂ ਨੂੰ ਪੜ੍ਹਕੇ ਅਸੰਭਵ ਨਹੀਂ ਮੰਨਣਾ ਚਾਹੀਏ, ਹਾਥੀ ਬਹੁਤ ਸਿਆਣਾ ਪਸੂ ਹੈ ਤੇ ਸਿਖਾਏ ਬਹੁਤ ਕੁਛ ਸਿੱਖਦਾ ਹੈ। ਜਿਨ੍ਹਾਂ ਸਰਕਸ ਦੇ ਤਮਾਸ਼ੇ ਡਿੱਠੇ ਹਨ ਉਨ੍ਹਾਂ ਨੇ ਅਜ ਕਲ ਦੇ ਸਮੇਂ ਵਿਚ ਹਾਥੀਆਂ ਦੇ ਅਨੇਕ ਅਸਚਰਜ ਕਰਨ ਵਾਲੇ ਕਰਤਬ ਡਿੱਠੇ ਹੋਣਗੇ।

ਨਿਜ ਨਿਖੰਗ ਮਹਿਂ ਪੁਨ ਸਭਿ ਪਾਏ।
ਹੇਰਿ ਗਿਰੇਸ਼੍ਵਰ ਸਭਿ ਬਿਸਮਾਏ।
ਇਮ ਸਰੂਪ ਐਸ਼ਵਰਜ ਨਿਹਾਰਾ।
-ਬਨੌਂ ਸਿੱਖ ਮੈਂ- ਰਿਦੇ ਬਿਚਾਰਾ ॥੪੧॥
-ਜਿਨ ਕੋ ਅਸ ਪ੍ਰਤਾਪ ਜਗ ਸਾਰੇ।

ਕਰਾਮਾਤ ਸਾਹਿਬ ਗੁਨ ਭਾਰੇ।
ਲੋਕ ਪ੍ਰਲੋਕ ਸਹਾਇਕ ਹੋਇਂ।
ਦਰਸ਼ਨ ਤੇ ਅਘ ਰਹੈ ਨ ਕੋਇ- ॥੪੨॥
ਇਮ ਚਿਤਵਤਿ ਬਹੁ ਬਾਤਨਿ ਕਰੀ।
ਬੈਠੇ ਰਹੇ ਗੁਰੂ ਖਟ ਘਰੀ।
ਰੁਖ਼ ਲਖਿ ਭੀਮਚੰਦ ਕਰਿ ਨਮੋਂ।
ਉਠਯੋ ਸਭਾ ਤੇ ਚਲਿ ਤਿਹ ਸਮੋਂ ॥੪੩॥
ਅੰਤਰਜਾਮੀ ਗੁਰੂ ਬਿਚਾਰਾ।
-ਗਿਰਪਤਿ ਬਨੈ ਜਿ ਸਿੱਖ ਹਮਾਰਾ।
ਤਬਿ ਨਹਿਂ ਹੋਵਹਿਂ ਜੰਗ ਅਖਾਰੇ।
ਪੂਰਬ ਇਹ ਹਮ ਸੰਗ ਬਿਗਾਰੇ[1]- ॥੪੪॥
ਜਬਿ ਡੇਰੇ ਮਹਿਂ ਪਹੁੰਚਯੋ ਜਾਈ।
ਚਿਤਵਤਿ ਗਿਰਪਤਿ ਮਤਿ ਬਿਚਲਾਈ।
-ਜੇ ਗਿਰਪਤਿ ਹੈਂ ਭ੍ਰਾਤ ਹਮਾਰੇ।
ਬਨੌਂ ਸਿੱਖ ਸੋ ਕਹਾਂ ਉਚਾਰੇਂ ॥੪੫॥
ਕਰਹਿਂ ਹਾਸ ਮੋ ਕੋ ਮਿਲਿ ਕਰਿ ਕੈ।
ਲਿਯੋ ਕਹਾਂ ਮਤਿ ਗੁਰ ਕੋ ਧਰਿ ਕੈ।
ਰੀਤਿ ਅਜੋਗ ਜਾਨਿ ਕਰਿ ਮੇਰੀ।
ਕਹੈਂ ਅਲਪ ਮਤਿ ਹੈ ਇਸ ਕੇਰੀ- ॥੪੬॥
ਇੱਤਯਾਦਿਕ ਬਹੁ ਤਰਕ ਉਠਾਇ।
ਸਭਿ ਨ੍ਰਿਪ ਦਿਸ਼ਿ ਸੰਸੈ ਉਪਜਾਇ।
ਗਈ ਸੁਮਤਿ ਫਿਰਿ ਬਡ ਹੰਕਾਰੀ।
ਯਾਂ ਤੇ ਕਾਚੇ ਅਹੈਂ ਪਹਾਰੀ ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਭੀਮਚੰਦ' ਪ੍ਰਸੰਗ ਬਰਨਨੰ ਨਾਮ ਏਕ ਊਨ ਤ੍ਰਿੰਸਤੀ ਅੰਸੂ ॥੨੯॥

[1]ਭਾਵ ਗੁਰੂ ਜੀ ਨੇ ਅਗੰਮ ਵਾਚ ਲਿਆ ਕਿ ਸਭ ਤੋਂ ਪਹਿਲਾਂ ਇਹ ਸਾਡੇ ਨਾਲ ਵਿਗਾੜ ਕਰੇਗਾ।

੩੦. [ਭੀਮਚੰਦ ਵਿਦਾ। ਸ਼ਸਤ੍ਰ ਵਿੱਦਯਾ ਅੱਭਯਾਸ]

੨੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੧

ਦੋਹਰਾ:

ਮੰਦ ਭਾਗ ਕੀ ਮਤਿ ਫਿਰੀ, ਗੁਰ ਸਿੱਖੀ ਨਹਿਂ ਭਾਇ।
ਜਿਮ ਚਾਹੈਂ ਪ੍ਰਭੁ ਤਿਮ ਕਰੈਂ, ਤਜੈਂ ਕਿਧੌਂ ਅਪਨਾਇਂ[1] ॥੧॥ [1]ਆਪਣਾ ਕਰ ਲੈਣ।

ਚੌਪਈ:

ਫਟਕ ਮਨਿੰਦ[1] ਹੁਤੀ ਮਤਿ ਕਾਚੀ। [1]ਬਲੌਰ ਵਾਂਗ।
ਢਿਗ ਸਤਿਸੰਗ ਰੰਗ ਸ਼ੁਭ ਰਾਚੀ[1]। [1]ਸਤਿਸੰਗ ਦੇ ਨੇੜੇ ਹੋਣ ਤੇ ਸ਼ੁਭ ਮਤ ਵਿਚ ਰਚ ਗਈ ਸੀ।
ਬਿਛਰਯੋ ਜਬਹਿ ਤਥਾ ਰਹਿ ਗਇਊ।
ਜਥਾ ਪ੍ਰਥਮ ਮੂਰਖ ਮਤਿ ਭਇਊ ॥੨॥
ਜਿਮ ਰਵਿ ਕਿਰਨ ਮੁਕਰ ਪਰ ਭਾਸਨਿ[1]। [1]ਆਤਸ਼ੀ) ਸ਼ੀਸ਼ੇ ਪਰ ਪ੍ਰਕਾਸ਼ਦੀਆਂ ਹਨ।
ਕਰਤਿ ਹੁਤਾਸਨ ਤੁਰਤ ਪ੍ਰਕਾਸ਼ਨਿ[1]। [1]ਭਾਵ ਅੱਗ ਪ੍ਰਕਾਸ਼ ਕਰ ਦਿੰਦੀਆਂ ਹਨ।
ਤੇਜ ਸਹਿਤ ਹੁਇ ਜਾਤਿ ਪ੍ਰਤਾਪੀ[1]। [1]ਉਹ ਸ਼ੀਸ਼ਾ) ਤੇਜ ਸੰਯੁਕਤ ਹੋ ਕੇ (ਅੱਗੋਂ) ਤਪਾਵਨ ਹਾਰ ਹੋ ਜਾਂਦਾ ਹੈ।
ਮੋਹ ਦਾਰ ਕੇ ਦੋਵਤਿ ਖਾਪੀ[1] ॥੩॥ [1]ਮੋਹ ਰੂਪੀ (ਦਾਰ =) ਲਕੜੀ ਨੂੰ ਸਾੜ ਦੇਂਦਾ ਹੈ ਭਾਵ ਆਤਸ਼ੀ ਸ਼ੀਸ਼ਾ ਹੇਠਾਂ ਪਈ ਲਕੜੀ ਨੂੰ ਸਾੜਦਾ ਹੈ ਤਿਵੇਂ ਗੁਰੂ ਤੇਜ ਦੀ ਸਮੀਪਤਾ ਬੁੱਧੀ ਨੂੰ ਆਤਮ ਤੇਜ ਨਾਲ ਭਰਕੇ ਅੰਦਰਲੇ ਮੋਹ ਨੂੰ ਸਾੜਦੀ ਹੈ।
ਜੇ ਰਵਿ ਕਿਰਨ ਛੁਅਹਿ ਨਹਿਂ ਤਾਂਹੂੰ[1†]। [1]ਭਾਵ ਛੁਹਣੋ ਹਟ ਜਾਵੇ ਸ਼ੀਸ਼ੇ ਨੂੰ ਤਾਂ...। [†]ਪਾ:-ਕਾਹੂੰ।
ਰਹੈ ਤਥਾ ਹੁਇ ਕਾਜ ਨ ਕਾਹੂੰ।
ਤਿਮ ਸ਼ਰਧਾ ਉਰ ਤੇ ਗੁਰ ਹਰੀ।
ਰਹਯੋ ਪ੍ਰਥਮ ਸਮ ਕਯੋਂਹੁੰ ਨ ਸਰੀ ॥੪॥
ਦਿਵਸ ਆਗਲੇ ਰੁਖਸਦ ਜਾਚੀ।
ਹੰਕਾਰੀ ਮੂਰਖ ਮਤਿ ਕਾਚੀ।
ਗਿਰਪਤਿ ਕੋ ਆਸ਼ੈ ਪ੍ਰਭੁ ਜਾਨਾ।
ਕਰਨਿ ਬਿਸਰਜਨ ਕੋ ਹਿਤ ਠਾਨਾ ॥੫॥
ਬਾਸੁਰ ਜਾਮ ਰਹਯੋ ਜਬਿ ਆਈ।
ਪੁਨ ਸਤਿਗੁਰ ਨਿਜ ਸਭਾ ਲਗਾਈ।
ਪਠਿ ਮਾਨਵ ਕੋ ਮਹਿਪ ਹਕਾਰਾ।
ਆਯੋ ਲੇ ਸਮਾਜ ਭਟ ਭਾਰਾ ॥੬॥
ਨਿਜ ਦਲ ਬਲ ਕੋ ਕਰਹਿ ਦਿਖਾਵਨ।
ਜਿਸ ਤੇ ਬਡੇ ਲਖਹਿਂ ਗੁਰ ਪਾਵਨ[1]। [1]ਪਵਿੱਤ੍ਰ ਗੁਰੂ ਜੀ (ਮੈਨੂੰ) ਵੱਡਾ ਲਖ ਲੈਣ।
ਜੇਤਿਕ ਪ੍ਰਭੁਤਾ ਘਰ ਕੀ ਸਾਰੀ।

ਆਨੀ ਸੰਗ ਗਿਰੇਸ਼ ਹਕਾਰੀ ॥੭॥
ਨਮੋ ਕਰਤਿ ਪ੍ਰਭੁ ਕੇ ਢਿਗ ਥਿਰਯੋ।
ਬਿਨੈ ਸਹਿਤ ਮੁਖ ਬੋਲਨਿ ਕਰਯੋ।
ਰਾਜ ਸਾਜ ਕੀ ਅਨਿਕ ਪ੍ਰਕਾਰਾ।
ਕਹਤਿ ਬਾਤ ਬਨ ਖਿਲਿਨਿ ਸ਼ਿਕਾਰਾ ॥੮॥
ਦ੍ਵੈ ਘਟਿਕਾ ਜਬਿ ਬੈਠਿ ਬਿਤਾਈ।
ਨੰਦ ਚੰਦ ਦਿਸ਼ਿ ਦ੍ਰਿਸ਼ਟਿ ਚਲਾਈ।
ਕਹਯੋ ਪ੍ਰਭੁ 'ਉਠਿ ਆਨਹੁ ਜਾਈ।
ਸਿਰੇਪਾਉ, ਦੀਜੈ ਗਿਰਰਾਈ' ॥੯॥
ਸੁਨਤਿ ਹੁਕਮ ਕੋ ਤਤਛਿਨ ਆਨਾ।
ਪਸ਼ਮੰਬਰ ਜਿਸ ਮੋਲ ਮਹਾਨਾ।
ਜ਼ਰੀ ਛੋਰ ਜੁਗ ਜਾਂਹਿ[1] ਬਡੇਰੀ।
ਦੀਰਘ ਪਗੀਆ ਸੂਖਮ ਹੇਰੀ ॥੧੦॥
ਗੁਰ ਕੇ ਪਦ ਅਰਬਿੰਦ ਲਗਾਇ।
ਦੀਨੀ ਨੰਦ ਚੰਦ ਗਿਰਰਾਇ।
ਲੇ ਨਿਜ ਕਰ ਮਹਿਂ ਸੀਸ ਲਗਾਈ।
ਪੁਨ ਕੋਸ਼ਪ ਕੇ ਕਰ ਪਕਰਾਈ ॥੧੧॥
ਪੁਨ ਵਜ਼ੀਰ ਕੋ ਦੇ ਸਿਰੁਪਾਇ।
ਅਪਰ ਮੁਸਾਹਿਬ ਢਿਗ ਸਮੁਦਾਇ।
ਗੁਰ ਘਰ ਤੇ ਸਭਿਹਿਨਿ ਕੋ ਮਿਲਯੋ।
ਨਮੋ ਠਾਨਿ ਚਾਹਤਿ ਚਿਤ ਚਲਯੋ ॥੧੨॥
ਭੀਮਚੰਦ ਆਨੰਦ ਬਿਲੰਦਾ।
ਨਿਕਸਯੋ ਵਹਿਰ ਸੰਗ ਨਰ ਬ੍ਰਿੰਦਾ।
ਨਿਜ ਡੇਰੇ ਮਹਿਂ ਪਹੁੰਚਯੋ ਜਾਈ।
ਨਿਸਾ ਬਿਤਾਇਸਿ ਕੀਨਿ ਚਢਾਈ ॥੧੩॥
ਦੁੰਦਭਿ ਕੋ ਬਜਾਇ ਮਗ ਪਰਯੋ।
ਐਸ੍ਵਰਜ ਗੁਰੁ ਕੋ ਰਿਦੈ ਬਿਚਰਯੋ।
ਜਰ ਨਹਿਂ ਸਕਯੋ ਜਰਹਿ[1] ਉਰ ਮਾਂਹੀ।
ਸ਼ੰਕਤਿ ਚਿਤ ਸਿਖ ਹੋਯਸਿ ਨਾਂਹੀ ॥੧੪॥

[1]ਦੋਵੇਂ ਜ਼ਰੀਦਾਰ ਪੱਲੇ ਵੱਡੇ ਹਨ ਜਿਸ ਦੇ।

[1]ਸੜਦਾ ਹੈ।

ਗਟੀ ਅਟਪਟੀ[1] ਗਿਨਤਿ ਘਨੇਰੀ। — [1]ਬਿਬਵੀਆਂ ਗਿਣਤੀਆਂ।
-ਗੁਰ ਢਿਗ ਵਸਤੁ ਅਜਾਇਬ ਹੇਰੀ।
ਮੋ ਕਹੁ ਕਿਮ ਇਹ ਪ੍ਰਾਪਤਿ ਹੋਇੰ।
ਜਿਸ ਤੇ ਜਸ ਜਗ ਮਹਿਂ ਬਡ ਜੋਇ ॥੧੫॥
ਗਿਰਪਤਿ ਹੇਰਹਿਂ ਨਿਕਟਿ ਜਿ ਮੇਰੇ।
ਬਿਸਮਹਿਂ ਕਹਿਂ ਬਡਿਆਇ ਬਡੇਰੇ[1]। — [1]ਵਡੀ ਵਡਿਆਈ।
ਰਿਦੇ ਸਰਾਹਿਂ ਨ ਹੁਇੰ ਤਿਨ ਪਾਹੀ[1]। — [1]ਭਾਵ ਦਿਲ ਵਿਚ ਮੈਨੂੰ ਸਲਾਹੁਣਗੇ ਕਿਉਂਕਿ ਉਹਨਾਂ ਪਾਸ ਐਸੀਆਂ ਵਸਤੂਆਂ ਹਨ ਨਹੀਂ।
ਆਵਹਿਂ ਜਿਤਿਕ ਬਿਲੋਕਨਿ ਜਾਂਹੀ ॥੧੬॥
ਜੇ ਕਰਿ ਸਭਿ ਵਸਤੂ ਨਹਿਂ ਪਾਵੌਂ।
ਜਯੋਂ ਕਯੋਂ ਕਰਿ ਕੁੰਚਰ ਅਨਵਾਵੌਂ।
ਪ੍ਰਥਮ ਕਰੌਂ ਛਲ ਬੁਧਿ ਬਲ ਪਾਇ।
ਬਿਨਾ ਬਖੇਰੇ ਪਹੁੰਚਹਿ ਆਇ ॥੧੭॥
ਕਿਸੀ ਬਹਾਨੇ ਕਰਿਹਹੁ ਜਾਚੇ।
ਭਲੇ ਪੁਰਖ ਆਨਹਿਂ ਢਿਗ ਤਾਚੇ[1]। — [1]ਭਲੇ ਪੁਰਸ਼ ਤਿਨ੍ਹਾਂ (ਵਸਤੂਆਂ) ਨੂੰ ਮੇਰੇ ਪਾਸ ਲਿਆਉਣਗੇ।
ਜਯੋਂ ਕਯੋਂ ਕਰਿ ਇਕ ਬਾਰ ਜਿ ਪਾਵੌਂ।
ਫੇਰ ਨ ਦੈਹੌਂ ਗਜ ਅਪਨਾਵੌਂ ॥੧੮॥
ਰਾਜਨੀਤਿ ਜਾਨਹਿਂ ਜੇ ਸਜਾਨੇ।
ਜਤਨ ਕਰਨਿ ਸਭਿ ਬਿਧਿਨਿ ਬਖਾਨੇ।
ਕਯੋਂਹੂੰ[1] ਬਾਂਛਾ ਪੁਰਵਹਿ ਨਾਂਹੀ। — [1]ਜੇਕਰ) ਕਿਸੀ ਤਰ੍ਹਾਂ ਨਾਲ।
ਸ਼ਾਮ ਰੁ ਦਾਮ, ਭੇਦ ਕੇ ਮਾਂਹੀ ॥੧੯॥
ਕਰਨੋ ਬਨੈ ਦੰਡ ਪੁਨ ਆਛੋ।
ਬਲ ਦਲ ਨਿਜ ਪਰ ਲਖਿ ਕਰਿ ਆਛੋ[1]। — [1]ਪ੍ਰੰਤੂ) ਆਪਣਾ ਤੇ ਦੂਜੇ ਦਾ ਦੇਖਕੇ ਬਲ ਦਲ ਚੰਗੀ ਤਰ੍ਹਾਂ।
ਜਥਾਕਰਮ[1] ਇਨ ਕਰਹਿ ਬਨਾਈ। — [1]ਕ੍ਰਮਵਾਰ; ਇਕ ਦੇ ਮਗਰੋਂ ਦੂਸਰਾ।
ਪ੍ਰਥਮ ਸਾਮ ਮਿਲਿਬੋ ਬਨਿ ਆਈ[1] ॥੨੦॥ — [1]ਪਹਿਲਾਂ ਹੈ, ਸਾਮ ਅਰਥਾਤ ਮਿਲਾਪ ਦਾ ਕਰਨਾ।
ਇਸ ਤੇ ਕਾਜ ਸੁਧਾਰਹਿ ਨਾਨਾ।
ਸੋ ਕਹੀਯਤਿ ਅਤਿਸ਼ੈ ਮਤਿਵਾਨਾ।
ਜੇ ਇਸ ਤੇ ਨਹਿਂ ਬਾਂਛਾ ਪੂਰੇ।
ਦਾਮ[1] ਦੇਨਿ ਕੋ ਸ਼ੁਭ ਮਤਿ ਧਰੈ ॥੨੧॥ — [1]ਰੁਪੱਯਾ।

ਪਰ ਕੇ ਉਰ ਲਾਲਚ ਉਪਜਾਇ।
ਅਪਨੋ ਕਾਰਜ ਲਏ ਬਨਾਇ।
ਸੋ ਪੂਰਬ ਤੇ ਲਘੁ ਮਤਿ ਅਹਿਈ।
ਰਾਜਨੀਤਿ ਗਜਾਤਾ ਇਮ ਕਹਿਈਂ ॥੨੨॥
ਇਨ ਦੋਇਨ ਤੇ ਕਾਜ ਨ ਬਨੈ।
ਤ੍ਰਿਤਿਯ ਭੇਦ ਕਰਿਬੋ ਪੁਨ ਭਨੈਂ[1]।

[1]ਫਿਰ ਤੀਸਰਾ ਭੇਦ (ਕਰਨ ਨੂੰ) ਕਹਿੰਦੇ ਹਨ, (ਅਰਥਾਤ) ਭੇਦ (ਦੁਸ਼ਮਨ ਦੇ ਘਰ ਵਿਚ ਪਾਟਕ) ਪਾਉਣਾ।

[1]ਪਰ ਕੇ[†] ਭਟ ਕੈ ਸਚਿਵ ਸਯਾਨੇ।

[1]ਪਰਾਏ (ਭਾਵ ਸ਼ੱਤ੍ਰੂ ਦੇ) ਕਵੀ (ਯਾ ਯੋਧੇ) ਯਾ ਵਜ਼ੀਰ ਦਾਨੇ ਯਾ ਮੁਸਾਹਿਬ ਯਾ ਜੋ ਉਸ ਦੇ ਮਿੱਤ੍ਰ ਪਛਾਣ ਵਿੱਚ ਆਉਣ, ਇਸ ਤਰ੍ਹਾਂ ਦੇ (ਆਦਮੀ) ਪਰਾਏ ਦੇ ਅਪਣਾ ਲਵੇ, ਚਾਹੇ ਉਨ੍ਹਾਂ ਨੂੰ ਧਨ ਚਾਹੇ ਆਦਰ ਦੇਕੇ, ਇਸ ਤਰ੍ਹਾਂ ਆਪਣਾ ਕੰਮ ਕਰ ਲਵੇ। [†]ਪਾ:-ਪਠ ਕੇ।

ਕਿਧੌਂ ਮੁਸਾਹਿਬ ਸਖਾ ਪਛਾਨੇ ॥੨੩॥
ਇੱਤਯਾਦਿਕ ਪਰ ਕੇ[*] ਅਪਨਾਇ।
ਦਰਬ ਕਿ ਆਦਰ ਆਦਿਕ ਗਾਇ।
ਇਸ ਤੇ ਅਪਨੋ ਕਾਰਜ ਕਰੈ[2]।
ਜੋ ਮਹਿਪਾਲਕ ਸ਼ੁਭ ਮਤਿ ਧਰੈ ॥੨੪॥
ਜੇ ਤੀਨਹੁਂ ਤੇ ਪੁਰਹਿ ਨ ਲਾਲਸ।
ਬਹੁਰ ਨ ਕਰੈ ਲਰਨਿ ਕੋ ਆਲਸ।
ਚਾਰਹੁਂ ਮਹਿਂ ਜੇ ਪੁਰਖ ਸਯਾਨੇ।
ਕੂਰ ਕਪਟ ਕੋ ਨਿਪਟ[1] ਸੁ ਠਾਨੇਂ ॥੨੫॥

[1]ਅਤਿਸ਼ੈ ਕਰ।

ਇਨ ਤੇ ਹੀ ਕਾਰਜ ਸ਼ੁਭ ਬਨਿਹੀ।
ਪਰ ਕੇ ਸਾਥ ਰਹੈ ਛਲ ਸਨ ਹੀ[1]-।

[1]ਛਲ ਸਹਿਤ।

ਇੱਤਯਾਦਿਕ ਮਤਿ ਕੁਟਿਲ ਕਠੋਰਾ।
ਗਿਨਤਿ ਗਟੀ ਗਮਨਜੋਂ ਘਰ ਓਰਾ ॥੨੬॥
ਇਤ ਸਤਿਗੁਰ ਸੁਖ ਪਾਇਂ ਘਨੇਰੇ।
ਬਚਨ ਬਿਲਾਸ ਕਰਹਿਂ ਜੁਧ ਕੇਰੇ।
ਬੋਇ ਬੀਜ ਸੰਗ੍ਰਾਮ ਕਰਨਿ ਕੋ।
ਜਥਾ ਪਿਤਾਮਾ ਚਹੇ ਲਰਨਿ ਕੋ ॥੨੭॥
ਧਨੁ ਬਿੱਦਯਾ ਕੋ ਨਿਤ ਅੱਭਯਾਸਹਿਂ।
ਅਪਰ ਸਰਬ ਭਟ ਕਰਹਿਂ ਜਿ ਪਾਸਹਿਂ।

ਭੁਜਦੰਡਨ ਮਹਿਂ ਓਜ ਵਧਾਵਹਿਂ।
ਐਚਿ ਕਵਾਦਾ ਕਰਨਿ ਟਿਕਾਵਹਿਂ[1] ॥੨੮॥

[1]ਨਰਮ ਕਮਾਨਾਂ ਨੂੰ ਖਿੱਚ ਕੇ ਹੱਥਾਂ ਨੂੰ ਟਿਕਾਉਂਦੇ ਹਨ।

ਦੀਹ ਖਾਕ ਤੋਦਾ[1] ਬਨਵਾਵਹਿਂ।

[1]ਮਿੱਟੀ ਦਾ ਇਕ ਖਾਸ ਤਰ੍ਹਾਂ ਦਾ ਢੇਰ, ਜੋ ਤੀਰ ਚਲਾਉਣ ਦੀ ਮਸ਼ਕ ਵਾਸਤੇ ਬਣਾਉਂਦੇ ਹਨ। [ਫ਼ਾ. ਖਾਕ ਤੋਦਹ]।

ਬਲ ਤੇ ਲੈਸਾਂ[1] ਸਕਲ ਧਸਾਵਹਿਂ।

[1]ਤੀਰੰਦਾਜ਼ੀ ਸਿੱਖਣ ਲਈ ਅੱਭਯਾਸ ਕਰਨ ਦਾ ਤੀਰ ਜੋ ਮਾਮੂਲੀ ਤੀਰਾਂ ਤੋਂ ਲੰਮੇਰਾ ਤੇ ਮੋਟੀ ਨੋਕ ਦਾ ਹੁੰਦਾ ਹੈ। ਹੋਰ ਹਿੰਦੀ ਕਵੀਆਂ ਨੇ ਬੀ ਇਹ ਪਦ ਵਰਤਿਆ ਹੈ।

ਰਾਖਹਿਂ ਦੀਰਘ ਦੂਰ ਨਿਸ਼ਾਨਾ।
ਹਤਹਿਂ ਬੀਚ ਤੇ ਛੂਟਹਿ ਬਾਨਾ ॥੨੯॥
ਦੂਰ ਦਰਾਜ਼ੀ ਕਿਤਿਕ ਪ੍ਰਹਾਰਹਿਂ।
ਕੋਸਨਿ ਲਗਿ ਪਹੁੰਚਹਿਂ ਨ ਨਿਹਾਰਹਿਂ।
ਜਿਤਿਕ ਸਰਾਸਨ ਵਿੱਦਯਾ ਹੋਤਿ[1]।

[1]ਤੀਰੰਦਾਜ਼ੀ ਦੀ ਵਿਦਿਆ ਹੁੰਦੀ ਹੈ।

ਭਟਨ ਦਿਖਾਵਹਿਂ ਕਰਨਿ ਉਦੋਤ[1] ॥੩੦॥

[1]ਉਨ੍ਹਾਂ ਵਿਚ ਚਾਉਂ) ਉਦਯ ਕਰਨ ਲਈ।

ਹੇਰਿ ਹੇਰਿ ਨਰ ਗਨ ਬਿਸਮਾਵਹਿਂ।
'ਗੁਰ ਕਰਿ ਸਕਹਿਂ ਅਪਰ ਕਿਮ ਪਾਵਹਿਂ।'
ਜਹਿਂ ਕਹਿ ਤੀਰਨ ਕੇਰ ਪ੍ਰਸੰਗ।
ਪ੍ਰਗਟ ਭਯੋ ਜਗ ਮਹਿਂ ਰਿਪੁ ਭੰਗ[1] ॥੩੧॥

[1]ਸ਼ੱਤ੍ਰੂ ਦੇ ਨਾਸ਼ ਕਰਨਹਾਰੇ ਦਾ, ਭਾਵ ਗੁਰੂ ਜੀ ਦਾ। (ਅ) ਰਿਪੁ ਭੰਗ ਤੀਰਾਂ ਦਾ ਪ੍ਰਸੰਗ ਜਗ ਵਿਚ ਪ੍ਰਗਟ ਭਇਆ।

'ਗੁਰੂ ਬਾਨ ਕੇ ਆਨ ਸਮਾਨਾ।
ਨਹਿਂ ਦਿਖੀਯਤਿ ਬਿਚ ਸਰਬ ਜਹਾਨਾ।'
ਜਹਿਂ ਕਹਿਂ ਸੁਨਹਿ ਸੁਨਾਵਹਿ ਕੋਈ।
ਬਿੱਦਯਾ ਸਰਨਿ ਸਲਾਹਹਿ ਸੋਈ ॥੩੨॥
ਚਢਹਿਂ ਪ੍ਰਸਾਦੀ ਗਜ ਪਰ ਕਬੈ।
ਬਿਚਰਹਿਂ ਕਾਨਨ ਮਹਿਂ ਗੁਰ ਤਬੈ।
ਕਬਿਹੁਂ ਬਲੀ ਤੁਰੰਗ ਅਰੋਹੈਂ।
ਮੋਰ ਮਨਿੰਦ ਮੋਰ ਗਨ ਜੋਹੈਂ[1] ॥੩੩॥

[1]ਜਦ (ਘੋੜਾ) ਮੋੜਦੇ ਹਨ ਤਾਂ ਮੋਰ ਵਾਂਙ ਸਾਰੇ (ਲੋਕੀਂ) ਦੇਖਦੇ ਹਨ।

ਕਬਿਹੁਂ ਮਤੰਗ ਔਰ ਜੋ ਪਾਸ।
ਤਿਸ ਪਰ ਚਢਹਿਂ ਅਨੇਕ ਬਿਲਾਸ।
ਰਾਜ ਨੀਤਿ ਬਰਤਹਿਂ ਜਿਮ ਰਾਜਾ।
ਨਿਤ ਬਿਰਧਾਵਹਿਂ ਰਾਜ ਸਮਾਜਾ ॥੩੪॥
ਸਨੇ ਸਨੇ ਸਿਖ ਸੈਨ ਸਕੇਲੈਂ।

ਬਸਤ੍ਰ ਸ਼ਸਤ੍ਰ ਤੇ ਜੇ ਬਨਿ ਛੈਲੈਂ[1]। [1]ਬਾਂਕੇ ਭਾਵ ਤਜਾਰ ਬਰ-ਤਜਾਰ।
ਦੇਸ਼ ਬਿਦੇਸ਼ਨਿ ਤੇ ਨਰ ਆਵੈਂ।
ਆਯੁਧ ਹਯਨਿ ਉਪਾਇਨ ਲਜਾਵੈਂ ॥੩੫॥
ਵਧਹਿ ਤਬੇਲਾ ਦਿਨਪ੍ਰਤਿ ਘਨੋ।
ਦੇਤਿ ਅਹਾਰ ਸਿਤਾ ਘ੍ਰਿਤ ਸਨੋ।
ਖੁਲਹਿ ਦਿਹਾਰੀ ਲੇਂ ਸਮੁਦਾਇ†। †ਪਾ:-ਦੇਵਹਿਂ ਦਰਬ ਲੇਹਿਂ ਸਮੁਦਾਇ।
ਲੋਕ ਹਜ਼ਾਰਹੁ ਲੰਗਰ ਖਾਇਂ ॥੩੬॥
ਦੇਹਿਂ ਭਟਨ ਕੌ ਗਿਨਿ ਦਰਮਾਹਾਂ।
ਕਰਹਿਂ ਨੌਕਰੀ ਜੇ ਗੁਰ ਪਾਹਾ।
ਨਰ ਗਨ ਲੇ ਕੁਟੰਬ ਕੋ ਆਏ।
ਬਸਹਿਂ ਅਨੰਦਪੁਰਿ ਮੈਂ ਸੁਖ ਪਾਏ ॥੩੭॥
ਰਹੈ ਪੌਰ ਪਰ ਭੀਰ ਘਨੇਰੀ।
-ਦਰਸ਼ਨ ਦੇ[1] ਨਿਕਸਹਿਂ ਕਿਸ ਬੇਰੀ-। [1]ਦੇਣ ਲਈ।
ਸੰਗਤਿ ਬਹੁ ਇਕਠੀ ਹੁਇ ਜਾਇ।
ਦੇਸ਼ ਬਿਦੇਸ਼ਨ ਤੇ ਚਲਿ ਆਇ ॥੩੮॥
ਕਰ ਕੋ ਜੋਰਿ[1] ਮੇਵਰਾ ਕਹੈ। [1]ਹੱਥ ਜੋੜ ਕੇ।
'ਸਿੱਖ ਗਨ ਮਿਲੇ ਦਰਸ ਕੋ ਚਹੈਂ।'
ਦੁਇ ਤ੍ਰੈ ਬਾਰਿ ਕਰਹਿ ਸੁਧ ਆਛੇ[1]। [1]ਸ਼੍ਰੀ ਗੁਰੂ ਜੀ ਨੂੰ ਖਬਰ ਕਰਦਾ ਹੈ।
'ਜਗਤ ਆਪ ਕੇ ਦਰਸ਼ਨ ਬਾਂਛੇ' ॥੩੯॥
ਬਸਤ੍ਰ ਸ਼ਸਤ੍ਰ ਕੋ ਭਲੇ ਸਜਾਵੈਂ।
ਸ਼੍ਰੀ ਸਤਿਗੁਰ ਫਿਰ ਬਾਹਿਰ ਆਵੈਂ।
ਸੁੰਦਰ ਸਦਨ ਸਭਾ ਕੋ ਜਹਾਂ।
ਬੈਠਿ ਸਿੰਘਾਸਨ ਸ਼ੋਭਹਿ ਤਹਾਂ ॥੪੦॥
ਉਮਡਹਿ ਸੰਗਤਿ ਕਈ ਹਜ਼ਾਰਾਂ।
ਅਨਿਕ ਅਕੋਰਨ ਜੁਤਿ ਹੱਥਜਾਰਾਂ।
ਦਰਬ ਤੁਰੰਗ ਬਿਭੂਖਨ ਚੀਰ।
ਅਰਪਹਿਂ ਆਨਿ ਗੁਰੂ ਕੇ ਤੀਰ ॥੪੧॥
ਜਸ ਜਸ ਧਰੈਂ ਕਾਮਨਾ ਆਵੈਂ।
ਦਰਸ਼ਨ ਕਰਹਿਂ ਸਕਲ ਸੋ ਪਾਵੈਂ।
ਧਨ ਦਸੌਂਧ ਕੋ ਆਨਹਿ ਕੋਇ।

ਕਿਤਿਕ ਚਹਤਿ ਗੁਰ ਦਰਸ਼ਨ ਹੋਇ
॥੪੨॥
ਦੇਤਿ ਖੁਸ਼ੀ ਕੋ ਕਰਹਿਂ ਨਿਹਾਲ।
ਜਿਤ ਕਿਤ ਫੈਲਜੋ ਸੁਜਸੁ ਬਿਸਾਲ।
ਰਾਜ ਸਾਜ ਸਤਿਗੁਰ ਘਰ ਆਯੋ।
ਸਕਲ ਸਮਾਜ ਭਲੇ ਬਿਰਧਾਯੋ ॥੪੩॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਭੀਮਚੰਦ ਬਿਸਰਜਨ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

੩੧. [ਭੀਮਚੰਦ ਦਾ ਦੂਤ ਹਾਥੀ ਮੰਗਣ ਆਯਾ]

੩੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੨

ਦੋਹਰਾ:

ਇਸ ਪ੍ਰਕਾਰ ਸ਼੍ਰੀ ਸਤਿਗੁਰੂ ਕਰਤਿ ਅਨੇਕ ਬਿਲਾਸ।
ਕਰੀ ਪ੍ਰਸਾਦੀ ਪਰ ਚੜ੍ਹੈਂ ਮਹਿਦ ਸ਼ਿੰਗਾਰੈਂ ਤਾਸ ॥੧॥

ਚੌਪਈ:

ਬਨ ਮਹਿਂ ਬਿਚਰਹਿਂ ਪੁਨ ਪੁਰਿ ਆਵਹਿਂ।
ਅਨਿਕ ਅਖੇਰ ਘਾਤ ਕਰਿ ਲਯਾਵਹਿਂ।
ਜਿਨ ਜੀਵਨ ਕੇ ਪੁੰਨ ਪ੍ਰਕਾਸ਼ੇ।
ਸਤਿਗੁਰ ਹਾਥ ਬਨਹਿ ਤਿਨ ਨਾਸ਼ੇ ॥੨॥
ਤੇਜ ਤੁਰੰਗਮ ਪਰ ਆਰੋਹੈਂ।
ਚਲਤਿ ਫੰਦਾਵਤਿ ਮ੍ਰਿਗ ਜਿਮ ਸੋਹੈ।
ਬਹੁ ਸ਼ਸਤ੍ਰਨਿ ਅੱਭਯਾਸ ਕਮਾਵਹਿਂ।
ਨਰ ਢਿਗਵਰਤੀ ਕੋ ਸਿਖਰਾਵਹਿਂ ॥੩॥
ਤੋਮਰ, ਤੀਰ, ਤੁਪਕ, ਤਰਵਾਰ।
ਤਬਰ, ਤਮਾਂਚੇ, ਤੇਗ਼ੇ ਚਾਰੁ।
ਬਖਸ਼ਹਿਂ ਸੁਭਟਨਿ ਕੋ ਹਰਖਾਵਹਿਂ।
ਆਪ ਚਲਾਇ ਤਿਨਹੁੰ ਦਿਖਰਾਵਹਿਂ ॥੪॥
ਅਧਿਕ ਸੂਰਤਾ ਕਰਹਿਂ ਸਰਾਹਿਨਿ।
'ਲਰਕਤਿ ਹੋਇਂ ਲੋਕ ਭਟ ਬਾਹਨ[1]†।

[1]'ਸੂਰਮੇ ਦੀਆਂ ਬਾਹਾਂ ਨਾਲ ਲੋਕ ਲਟਕਦੇ ਹੁੰਦੇ ਹਨ। ਪਰ ਜਾਪਦਾ ਹੈ ਕਿ ਅਸਲ ਪਾਠ ਹੋਣਾ ਹੈ 'ਲਰਕਤ ਦੋਇ ਲੋਕ ਭਟ ਬਾਹਨ' = ਸੂਰਮੇ ਦੀਆਂ ਬਾਹਾਂ ਨਾਲ ਦੋਏ ਲੋਕ ਲਟਕਦੇ ਹਨ, ਲਿਖਾਰੀ ਦੀ ਕਲਮ ਉਕਾਈ ਨੇ, 'ਦੋਇ' ਦਾ 'ਹੋਇ' ਕਰ ਦਿੱਤਾ ਹੈ। ਕਿਉਂਕਿ ਅਗੇ ਕਵਿ ਜੀ ਦੋਹੁੰ ਲੋਕਾਂ ਦਾ ਵੇਰਵਾ ਬੀ ਗਿਣਦੇ ਹਨ। ਅਤੇ ਅੱਗੇ ਕਈ ਥਾਈਂ ਇਹੋ ਖ਼ਯਾਲ ਕਵੀ ਜੀ ਦਾ ਆਉਣਾ ਬੀ ਹੈ।
†ਪਾ:-ਲਰਤਿਹੁ ਹੋਇ ਲੋਕ ਭਟ ਬਾਹਨ।

ਬਿਜੈ ਕਰਹਿਂ ਭੂਤਲ ਸੁਖ ਭੋਗਹਿਂ।
ਰਨ ਕਰਿ ਮਰਹਿਂ ਜਾਤਿ ਸੁਰ ਲੋਗਹਿਂ ॥੫॥
ਤਹਾਂ ਅਨੇਕ ਅਨੰਦ ਮਿਲੈ ਹੈਂ।
ਸੁਜਸੁ ਬਿਲੰਦ ਸਭਿਨਿ ਮਹਿਂ ਪੈ ਹੈ।'
ਦੇਸ਼ ਬਿਦੇਸ਼ਨ ਸੰਗਤਿ ਆਵਹਿ।

ਦਰਸਹਿ, ਮਨੋ ਕਾਮਨਾ ਪਾਵਹਿ ॥੬॥
ਸਿੱਖਨਿ ਕੋ ਸ਼ੁਭ ਮਤਿ ਨਿਤ ਦੇਤਿ।
ਭਗਤਿ ਗਜਾਨ ਵੈਰਾਗ ਸਮੇਤ।
ਇਸ ਪ੍ਰਕਾਰ ਨਿਤ ਸਮਾ ਬਿਤਾਵੈਂ।
ਭਏ ਤਰੁਨ ਗੁਰ ਰੂਪ ਸੁਹਾਵੈ ॥੭॥
ਕੇਤਿਕ ਸਮਾ ਬਿਤੀਤਨਿ ਭਯੋ।
ਜਬਿ ਕੋ ਭੀਮਚੰਦ ਮਿਲਿ ਗਯੋ।
ਮਨ ਮੂਰਖ ਕੇ ਚਿਤਵਨਿ ਸੋਈ।
ਲੈਬੇ ਦੁਰਦ ਪ੍ਰਸਾਦੀ ਜੋਈ ॥੮॥
ਅਨਿਕ ਜਤਨ ਕੋ ਚਿਤਵਤਿ ਰਹੈ।
-ਕਿਸ ਪ੍ਰਕਾਰ ਕਰਿ ਗੁਰ ਤੇ ਲਹੈਂ।
ਪ੍ਰਥਮ ਲਰਨਿ ਕੀ ਬਾਤ ਨ ਆਛੇ।
ਲੇਉਂ ਕਪਟ ਕਰਿ -ਨਿਤ ਮਨ ਬਾਂਛੇ ॥੯॥
ਇਕ ਦਿਨ ਬੈਠਿ ਸਭਾ ਕੇ ਮਾਂਹੀ।
ਸ਼ੁਭ ਮਤਿ[1] ਕਰੇ ਹਕਾਰਨਿ ਪਾਹੀ। [1]ਬੁਧੀਮਾਨ।
ਜਿਤਿਕ ਮੁਸਾਹਿਬ ਅਪਰ ਵਜ਼ੀਰ।
ਆਇ ਥਿਰੇ ਭੂਪਤਿ ਕੇ ਤੀਰ ॥੧੦॥
ਸਭਿ ਢਿਗ ਭਨਜੋ ਮਨੋਰਥ ਆਪਨ।
ਜਿਸ ਪ੍ਰਕਾਰ ਚਿਤਵਤਿ ਚਿਤ ਆਪਨ।
'ਮੈਂ ਚਾਹਿਤਿ ਗੁਰ ਤੇ ਗਜ ਲੀਨੋ।
ਅਚਰਜ ਮਹਾਂ ਬਿਲੋਕਨਿ ਕੀਨੋ ॥੧੧॥
ਕਿਸ ਤੇ ਆਗੇ ਸੁਨਜੋ ਨ ਐਸੇ।
ਪਿਖਿਨਿ ਬਿਲੋਚਨ ਤੌ ਹੁਇ ਕੈਸੇ।
ਲਾਇਕ ਪਤਿਸ਼ਾਹਨ ਕੇ ਪਾਸੀ।
ਪਰਚਤਿ ਚਿਤ ਜਿਸ ਪਿਖਤਿ ਹੁਲਾਸੀ[1] ॥੧੨॥ [1]ਜਿਸ ਦੇ ਹੁਲਾਸ ਨੂੰ ਦੇਖਦਿਆਂ (ਅ) ··ਚਿਤ ਪਰਚਦਾ ਹੈ ਤੇ ਖੁਸ਼ ਹੁੰਦਾ ਹੈ।
ਕੈ ਹਮ ਤੇ ਮਹਿਪਾਲਕ ਭਾਰੇ।
ਸ਼ੋਭਤ ਦੀਰਘ, ਥਿਰ ਹ੍ਵੈ ਦ੍ਵਾਰੇ[1]। [1]ਯਾ ਮੇਰੇ ਤੋਂ ਵਡੇ ਰਾਜਿਆਂ ਦੇ ਦ੍ਵਾਰੇ (ਇਹੋ ਜਿਹੀਆਂ ਵਸਤੂਆਂ) ਖਲੋਤੀਆਂ ਸ਼ੋਭਦੀਆਂ ਹਨ।
ਜਜੋਂ ਕਜੋਂ ਕਰਿ ਲੇਨੋ ਬਨਿ ਆਵੈ।
ਕਰਹਿਂ ਕਪਟ ਕਾਰਜ ਸਰ ਜਾਵੈ ॥੧੩॥
ਹੋਇ ਸਰਲ ਜੇ ਜਾਚਹਿਂ ਗੁਰ ਤੇ।

ਨਹਿਂ ਦੇ ਸਕਹਿਂ ਪ੍ਰੇਮ ਬਹੁ ਉਰਤੇ[1]।
ਰਚਹੁ ਘਾਤ ਐਸੀ ਜਿਮ ਦੇਹਿਂ।
ਏਕਬਾਰ ਕਜੋਂਹੂੰ ਕਰ ਲੇਹਿਂ' ॥੧੪॥
ਭੀਮਚੰਦ ਕੋ ਸੁਨਿ ਕਰਿ ਆਸ਼ੈ।
ਕਰਿ ਬਿਚਾਰ ਪੁਨ ਬਚਨ ਪ੍ਰਕਾਸ਼ੈ।
'ਇਹ ਤੋ ਨਹੀਂ ਕਠਨ ਕੁਛ ਬਾਤ।
ਗਜ ਲੈਬੇ ਕੀ ਪ੍ਰਾਪਤਿ ਘਾਤ[1] ॥੧੫॥
ਜੋ ਰਾਵਰ ਕੋ ਨੰਦਨ ਟੀਕਾ[1]।
ਤਿਸ ਉਮੈਦ ਹੈ ਆਵਨ ਟੀਕਾ[1]†।
ਫਤੇਸ਼ਾਹ ਭੇਜਜੋ ਅਬਿ ਚਾਹਤਿ।
ਸੁਤਾ ਬਜਾਹ ਕੋ ਕਰਨਿ ਉਮਾਹਤਿ ॥੧੬॥
ਹਿਤ ਬਰਾਤ ਮੈਂ ਲੇ ਕਰਿ ਜਾਨੇ[1]।
ਇਮ ਜਾਚੇ ਤੇ ਨਹਿਂ ਗੁਰ ਮਾਨੇ[1]।
ਜਾਨੈ ਬਹੁਤ ਦਿਵਸ ਮੈਂ ਐਹੈ[1]।
ਕਰਹਿਂ ਫਰੇਬ ਨ ਕੁੰਚਰ ਦੈਹੈਂ ॥੧੭॥
ਯਾਂ ਤੇ ਇਸ ਪ੍ਰਕਾਰ ਨਰ ਜਾਇ।
ਸਹਿਤ ਬੇਨਤੀ ਬਾਕ ਅਲਾਇ।
-ਸਿਰੀ ਨਗਰ ਤੇ ਸਾਕ ਹਮਾਰੇ।
ਲਾਗੀ ਪਠੇ ਆਇ ਇਸ ਬਾਰੇ ॥੧੮॥
ਤਿਨਹੁੰ ਦਿਖਾਵਨਿ ਕੇ ਹਿਤ ਚਹੀਅਹਿ।
ਵਸਤੁ ਅਜਾਇਬ ਤੁਮ ਢਿਗ ਲਹੀਅਹਿ।
ਕਰਹੁ ਕ੍ਰਿਪਾ ਜਾਚਜੋ ਗਜ ਦੀਜੈ।
ਰਾਜਨ ਕੋ[1] ਘਰ ਅਪਨਿ ਜਨੀਜੈ ॥੧੯॥
ਨਰ ਸਾਕਨਿ† ਕੇ ਤਿਨਹੁੰ ਦਿਖਾਇ।
ਪੁਨ ਹਾਥੀ ਇਹ ਦੇਹਿਂ ਪੁਚਾਇ-।'
ਜਬਹਿ ਮੁਸਾਹਿਬ ਮੰਤ੍ਰ ਬਤਾਇਵ।
ਭੀਮਚੰਦ ਸੁਨਿ ਕੈ ਹਰਖਾਇਵ ॥੨੦॥
ਕਰੀ ਸਰਾਹਨਿ ਬੁੱਧਿ ਬਡੇਰੀ।
'ਇਸ ਬਿਧਿ ਹੀ ਆਵਤਿ ਮਤਿ ਮੇਰੀ।
ਏਕ ਬਾਰ ਕੁੰਚਰ ਸੋ ਪਾਊਂ।

[1]ਦਿਲੋਂ ਪਿਆਰ ਹੈ (ਹਾਥੀ ਨਾਲ ਗੁਰੂ ਜੀ ਦਾ)।

[1]ਦਾਉ ਪ੍ਰਾਪਤਿ ਹੈ:-।

[1]ਆਪਦਾ ਜੋ ਟਿੱਕਾ ਪੁੱਤ੍ਰ ਹੈ।

[1]ਤਿਲਕ ਭਾਵ ਕੁੜਮਾਈ ਦਾ ਸ਼ਗਨ। †ਪਾ:-ਹੀਕਾ।

[1]ਜੰਞ ਵਿੱਚ ਲੈ ਜਾਣ ਵਾਸਤੇ।

[1]ਇਉਂ ਮੰਗਿਆਂ ਤੇ ਗੁਰੂ ਜੀ ਨਹੀਂ ਮੰਨਣਗੇ।

[1]ਗੁਰੂ ਜੀ ਜਾਣ ਲੈਣਗੇ) ਕਿ ਬਹੁਤੇ ਦਿਨਾਂ ਨੂੰ ਆਵੇਗਾ ਹਾਥੀ (ਇਸ ਲਈ-)।

[1]ਰਾਜੇ ਦਾ।

†ਪਾ:-ਸਗਿਯਨਿ।

ਬਹੁਰ ਨ ਦੇਉਂ ਨਿਕਟਿ ਰਖਵਾਊਂ ॥੨੧॥
ਸਭਿਹੂੰ ਮਸਲਤ ਇਹ ਠਹਿਰਾਈ।
-ਗਜ ਪ੍ਰਾਪਤਿ ਹ੍ਵੈ- ਇਮ ਮਨ ਭਾਈ।
ਤਬਿ ਵਕੀਲ ਕੋ ਨਿਕਟਿ ਹਕਾਰਾ।
ਸਗਲ ਭੇਦ ਤਿਸ ਪਾਸ ਉਚਾਰਾ ॥੨੨॥
'ਗੁਰ ਢਿਗ ਜਾਹੁ ਪ੍ਰਸਾਦੀ ਲਯਾਵਹੁ।
ਅਪਨੀ ਬੁਧਿ ਬਿਸਾਲ ਉਪਜਾਵਹੁ।
ਬਿਨਤੀ ਸਹਿਤ ਰਚਹੁ ਚਤੁਰਾਈ।
ਜਿਸ ਤੇ ਨਿਜ ਕਾਰਜ ਬਨਿ ਆਈ ॥੨੩॥
ਕਹਹੁ ਕੂਰ ਬਡ ਕਪਟ ਸਮੇਤਾ।
ਜਯੋਂ ਕਯੋਂ ਆਨੋ ਕਰੀ ਨਿਕੇਤਾ।
ਜੇ ਕਰਿ ਇਹ ਕਾਰਜ ਕਰਿ ਲਯਾਵਹਿਂ।
ਬਹੁ ਬਖਸ਼ੀਸ ਮੋਹਿ ਤੇ ਪਾਵਹਿਂ ॥੨੪॥
ਜਾਨੀ ਜਾਇ ਸੁਮਤਿ ਜਿਮ ਤੇਰੀ।
ਸਕਲ ਪ੍ਰਕਾਰ ਖੁਸ਼ੀ ਹੁਇ ਮੇਰੀ।
ਜਿਮ ਦੇਖਹਿਂ ਗੁਰ ਕੋ ਰੁਖ ਮਹਾਂ।
ਹੁਇ ਅਨੁਸਾਰੀ ਬੋਲਹੁ ਤਹਾਂ' ॥੨੫॥
ਇੱਤ੍ਯਾਦਿਕ ਬਨਾਇ ਬਹੁ ਬਾਤੀ।
ਸਿਖਰਾਵਤਿ ਰਚਿਬੇ ਹਿਤ ਘਾਤੀ।
ਮਹਿਮਾ ਲਖਹਿ ਨ -ਇਹ ਜਗ ਸ੍ਵਾਮੀ।
ਸਕਲ ਘਟਨਿ ਕੋ ਅੰਤਰਿ ਜਾਮੀ ॥੨੬॥
ਅਤਿ ਮਤਿ ਕੇ ਰਤਨਾਕਰ ਪੂਰੇ[1]।
ਬਡ ਗੰਭੀਰ ਚਰਿਤ ਜਿਨ ਰੂਰੇ-।
ਰੰਚਕ ਭਰ ਚਾਤੁਰਤਾ ਪਾਇ।
ਛਲਯੋ ਚਹੈ ਤਿਨ ਲਖਿ ਅਲਪਾਇ[1] ॥੨੭॥
ਮਾਰਤੰਡ ਮੰਡਲ ਬਡ ਚੰਡੰ[1]।
ਜੋ ਦੀਪਤਿ ਬ੍ਰਹਮੰਡ ਅਖੰਡੰ[1]।
ਲਖਹਿਂ ਸੁਰਾਸੁਰ ਸਤਿਗੁਰ ਸਾਚਾ[1]।

[1]ਸਮੁੰਦਰ। (ਅ) ਰਤਨਾਂ ਦੀ ਖਾਣ ਹਨ।
[1]ਅਲਪੱਗ੍ਯ।
[1]ਬਡੇ ਤੇਜ ਵਾਲਾ ਜੋ ਸੂਰਜ ਮੰਡਲ ਹੈ।
[1]ਜੋ ਇਕ ਰਾਜ ਬ੍ਰਹਮੰਡ ਵਿਚ ਪ੍ਰਕਾਸ਼ਦਾ ਹੈ।
[1]ਸੂਰਜ ਸਮਾਨ ਸ਼੍ਰੀ ਗੁਰੂ ਜੀ ਨੂੰ) ਸੁਰ ਤੇ ਦੈਂਤ ਸੱਚਾ ਗੁਰੂ ਕਰਕੇ ਜਾਣਦੇ ਹਨ।

ਛਲਯੋ ਚਹਤਿ ਤਿਨ ਕੋ ਮਤਿ ਕਾਚਾ ॥੨੮॥
ਗਰਬ ਕਰਹਿ ਉਰ ਜਯੋਂ ਖੱਦਯੋਤ[1]। [1]ਟਟੈਹਣਾ।
ਉਡਿ ਉਡਿ ਨਿਜ ਦਿਖਰਾਇ ਉਦੋਤਿ[1]। [1]ਪ੍ਰਕਾਸ਼।
ਲੇ ਸਿੱਖਜਾ ਕੋ ਸਕਲ ਪ੍ਰਕਾਰੀ।
ਚਲਿਬੇ ਹਿਤ ਵਕੀਲ ਭਾ ਤਯਾਰੀ ॥੨੯॥
ਨਿਜ ਰਾਜੇ ਕੋ ਧੀਰਜ ਦੀਨਿ।
'ਕਰਹੁਂ ਫਰੇਬ ਅਨੇਕ ਪ੍ਰਬੀਨ।
ਆਨਯੋ ਹੀ ਜਾਨਹੁ ਮਨ ਮਾਂਹੀ।
ਤੁਮ ਇਕਬਾਲ[1] ਬਿਦਤਿ ਜਹਿਂ ਕਾਂਹੀ ॥੩੦॥ [1]ਪ੍ਰਤਾਪ।
ਸੈਲੇਂਦ੍ਰਨਿ ਬ੍ਰਿੰਦਨ ਕੋ ਟੀਕਾ[1]। [1]ਸਾਰੇ ਪਹਾੜੀ ਰਾਜਿਆਂ ਦੇ (ਆਪ) ਸ਼ਿਰੋਮਣਿ ਹੋ।
ਜਥਾ ਗਜਿੰਦ੍ਰ[1] ਮ੍ਰਿਗਨਿ ਮਹੁਂ ਨੀਕਾ। [1]ਸ਼ੇਰ। (ਅ) ਐਰਾਵਤ।
ਸਫਲਹਿਂ ਤੋਹਿ ਮਨੋਰਥ ਸਾਰੇ।'
ਇਮ ਤਰੀਫ ਕਰਿ ਚਹਤਿ ਪਧਾਰੇ ॥੩੧॥
ਨਮੋ ਕਰਤਿ ਹਯ ਤਬਹਿ ਅਰੂਢਾ।
ਗਮਨਯੋ ਪੰਥ ਚਿਤਹਿ ਛਲ ਗੂਢਾ।
ਪਹੁੰਚਯੋ ਆਨਿ ਅਨੰਦ ਪੁਰਿ ਥਾਨਾ।
ਕੀਨਸਿ ਡੇਰਾ ਹੇਰਿ ਮਕਾਨਾ ॥੩੨॥
ਧਰਿ ਕਰਿ ਚੀਰ ਸਰੀਰ ਅਛੇਰੇ।
ਸਤਿਗੁਰ ਪੌਰ ਪਹੁੰਚਿ ਤਿਸ ਬੇਰੇ।
ਦ੍ਵਾਰਪਾਲ ਕੋ ਭਨਤਿ ਜਨਾਈ।
'ਪਠਯੋ ਮੋਹਿ ਗੁਰ ਢਿਗ ਗਿਰਰਾਈ ॥੩੩॥
ਅੰਤਰ ਜਾਇ ਕਰਹੁ ਸੁਧਿ ਮੋਰੀ।
ਕਰਹੁ ਬੰਦਨਾ ਜੁਗ ਕਰ ਜੋਰੀ।'
ਸੁਨਤਿ ਪੌਰ ਪਤਿ[1] ਤਿਸ ਠਹਿਰਾਯੋ। [1]ਦਰਬਾਨ ਨੇ।
ਆਪ ਗਯੋ ਜਹਿਂ ਪ੍ਰਭੁ ਸੁਹਾਯੋ ॥੩੪॥
ਰੁਖ਼ ਕੋ ਦੇਖਿ ਜੋਰਿ ਕਰ ਬੋਲਾ।
'ਸ਼੍ਰੀ ਪ੍ਰਭੁ ਨਿਜ ਦਾਸਨਿ ਕੋ ਓਲਾ!

ਭੀਮ ਚੰਦ ਸੈਲਿੰਦ੍ਰ ਬਿਲੰਦੰ।
ਪਠਯੋ ਵਕੀਲ ਨਮਹਿਂ ਕਰ ਬੰਦੰ ॥੩੫॥
ਕਦਮ ਪਦਮ ਕੋ ਦਰਸ਼ਨ ਚਾਹਤਿ।
ਕੁਛ ਕਾਰਜ ਹਿਤ ਲਖਿਯ ਉਮਾਹਤਿ[1]।
[1]ਉਤਸਾਹ ਵਾਲਾ ਦਿਸਦਾ ਹੈ।
ਥਿਰਯੋ ਪੌਰ ਪਰ ਯਥਾ ਹੁਕਮ ਹ੍ਵੈ।
ਕਰਹਿਂ ਸੁਨਾਵਨ, ਕ੍ਰਿਤੀ ਤਥਾ ਹ੍ਵੈ[1]' ॥੩੬॥
[1]ਉਵੇਂ ਹੀ ਕੀਤਾ ਜਾਵੇ।
ਸ੍ਰੀ ਕਲਗ਼ੀਧਰ ਸਤਿਗੁਰ ਸਾਚੇ।
ਸੁਨਤਿ ਉਚਾਰੀ ਆਇਸੁ ਤਾਚੇ[1]।
[1]ਤਿਸ ਨੂੰ।
'ਕਰਹਿਂ ਹਕਾਰਨਿ ਤਿਸ ਕੋ ਕਾਲੀ[1]।
[1]ਕੱਲ ਨੂੰ।
ਦੇਗ਼ ਰਸਤ ਤੇ ਰਖਹੁ ਨ ਖਾਲੀ' ॥੩੭॥
ਦ੍ਵਾਰਪਾਲ ਤਬਿ ਆਨਿ ਸੁਨਾਈ।
ਆਛੀ ਮਾਨਿ ਗਯੋ ਨਿਜ ਥਾਂਈ।
ਕਹਿ ਪੁਨ ਰਸਤ ਪੁਚਾਵਨਿ ਕਰੀ।
ਖਾਨ ਪਾਨ ਕੀਨਸਿ ਬਿਧਿ ਖਰੀ ॥੩੮॥
ਥਿਤ ਡੇਰੇ ਹੁਇ ਨਿਸਾ ਬਿਤਾਈ।
ਜਾਗੇ ਪੁਨ ਪ੍ਰਭਾਤਿ ਹ੍ਵੈ ਆਈ।
ਸਤਿਗੁਰ ਕਰਿ ਸ਼ਨਾਨ ਸ਼ੁਭ ਨੀਰੰ।
ਬੈਠਿ ਸਮਾਧਿ ਲਗਾਇ ਗਹੀਰੰ ॥੩੯॥
ਚਾਰੁ ਸ਼ਰੀਰ ਚੀਰ ਬਿਧਿ ਨੀਕੰ।
ਬਾਂਧੀ ਜਿਗਾ ਰੁਚਿਰ ਉਸ਼ਨੀਕੰ।
ਉਦਯੋ ਦਯੋਸਪਤਿ[1] ਬਾਹਰਿ ਆਏ।
[1]ਸੂਰਜ ਨਿਕਲੇ।
ਕਲਗ਼ੀ ਸੁੰਦਰ ਸ਼ੋਭ ਵਧਾਏ ॥੪੦॥
ਨੰਦ ਚੰਦ ਜੁਤਿ ਬ੍ਰਿੰਦ ਮਸੰਦੰ।
ਪਦ ਅਰਬਿੰਦ ਬੰਦਿ ਕਰ ਬੰਦੰ।
ਮਾਤੁਲ ਤਬਿ ਕ੍ਰਿਪਾਲ ਚਲਿ ਆਯੋ।
ਭਗਨੀ ਨੰਦ ਬੰਦਿ ਸੁਖ ਪਾਯੋ[1] ॥੪੧॥
[1]ਭਾਵ, ਮਾਮਾ ਕ੍ਰਿਪਾਲ ਜੀ ਨੇ ਆਪਣੀ ਭੈਣ ਦੇ ਸਪੁੱਤ੍ਰ (ਗੁਰੁ ਜੀ) ਨੂੰ ਮੱਥਾ ਟੇਕ ਕੇ ਸੁਖ ਪਾਯਾ।

ਪਾਂਚਹੁ ਬੀਰ ਭਾਣਜੇ ਆਏ।
ਬਸਤ੍ਰ ਸ਼ਸਤ੍ਰ ਤੇ ਅਧਿਕ ਸੁਹਾਏ।
ਦਰਸ਼ਨ ਕਾਂਖੀ ਸੰਗਤਿ ਜੇਤੀ।
ਲਏ ਉਪਾਇਨ ਪਹੁੰਚੀ ਤੇਤੀ ॥੪੨॥

ਹੋਨਿ ਲਗੀ ਅਰਦਾਸ ਅਗਾਰੀ।
ਹੇਰਿ ਹੇਰਿ ਹਰਖਤਿ ਹੁਇੰ ਵਾਰੀ।
ਸਿੰਘਾਸਨ ਥਿਤ ਢੁਰਤੋ ਚੌਰ।
ਬੈਠੇ ਕੁਲ ਸੋਢੀ ਸਿਰਮੌਰ ॥੪੩॥
ਦਾਸਨ ਕਰੈਂ ਭਾਵਨਾ ਪੂਰੀ।
ਸਭਿ ਤੇ ਭਈ ਸਭਾ ਸ਼ੁਭ ਪੂਰੀ।
ਕਰੁਨਾ ਭਰੇ ਬਿਲੋਚਨ ਕੋਰਹਿਂ[1]। [1]ਨੇਤ੍ਰਾਂ ਦੇ ਕੋਨੇ।
ਹੇਰਹਿਂ ਪ੍ਰਿਯ ਸਿੱਖਨ ਕੀ ਓਰਹਿਂ ॥੪੪॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦੂਤ ਆਵਨਿ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

੩੨. [ਵਕੀਲ ਵਾਪਸ ਗਿਆ]

੩੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੩੩

ਦੋਹਰਾ:

ਨੰਦ ਚੰਦ ਕਰ ਬੰਦਿ ਕਹਿ, 'ਭੀਮਚੰਦ ਸੈਲਿੰਦ।
ਪਠਜੋ ਸੁ ਅਬਹਿ ਹਕਾਰੀਏ, ਦਰਸਹਿ ਪਦ ਅਰਬਿੰਦ' ॥੧॥

ਚੌਪਈ:

ਲੇ ਸ਼੍ਰੀ ਗੁਰ ਤੇ ਹੁਕਮ ਪਠਾਯੋ।
ਸੁਨਿ ਵਕੀਲ ਸੋ ਤਤਛਿਨ ਆਯੋ।
ਸਭਾ ਮਝਾਰ ਪ੍ਰਵੇਸ਼ਜੋ ਆਈ।
ਧਰਿ ਅਕੋਰ ਕੋ ਗ੍ਰੀਵ ਨਿਵਾਈ ॥੨॥
ਜਹਾਂ ਮੇਵਰੇ ਥਾਨ ਬਤਾਯੋ।
ਬੈਠਜੋ ਤ੍ਰਸਤਿ ਅੰਗ ਸੁਕਚਾਯੋ[1]। [1]ਡਰਦਾ ਅੰਗ ਸੰਕੋਚ ਕੇ ਬੈਠਾ।
ਦੀਹ ਪ੍ਰਤਾਪ ਦਿਖਤਿ ਪ੍ਰਭੁ ਕੇਰੋ।
ਜਥਾ ਇੰਦ੍ਰਾਸਣ ਇੰਦ੍ਰ ਸੁ ਹੇਰੋ[1] ॥੩॥ [1]ਜਿਵੇਂ ਇੰਦ੍ਰ ਦੇ ਸਿੰਘਾਸਨ ਤੇ ਇੰਦ੍ਰ ਸ਼ੋਭਦਾ ਹੈ।
ਹਾਥ ਬੰਦਿ ਕਰਿ ਅਰਜ਼ ਗੁਜ਼ਾਰੀ।
'ਕਰੀ ਨਮੋ ਨ੍ਰਿਪ ਆਪ ਅਗਾਰੀ।
ਕਦਮ ਪਦਮ ਪਰ ਸਿਰ ਨਿਜ ਰਾਖਾ।
ਦਾਸਨ ਦਾਸ ਹੋਨਿ ਅਭਿਲਾਖਾ' ॥੪॥
ਫੁਰਮਾਯੋ ਸ਼੍ਰੀ ਮੁਖ ਅਰਬਿੰਦੰ।
'ਭੀਮਚੰਦ ਮਨੁਜੇਂਦ੍ਰ[1] ਬਿਲੰਦੰ। [1]ਰਾਜਾ।
ਕੁਸ਼ਲ ਸਮੇਤ ਕਹਾਂ ਅਬਿ ਥਿਰਜੋ?
ਇਤ ਤੇ ਜਾਇ ਗਮਨ ਕਿਤ ਕਰਜੋ? ॥੫॥
ਕਹੁ ਕਾਰਨ ਤੂੰ ਨਿਜ ਆਗਵਨੂ।
ਪਠਜੋ ਹੋਇ ਨ੍ਰਿਪ ਕਾਰਜ ਕਵਨੂ?'
ਸੁਨਤਿ ਦੂਤ ਨੇ ਕੁਸ਼ਲ ਜਨਾਈ।
'ਜਬਿ ਕੋ ਦਰਸ ਕੀਨਿ ਗਿਰਰਾਈ ॥੬॥
ਤਬਿ ਕੇ ਗੁਨ ਗਨ ਰਾਵਰ ਕੇਰੇ।
ਬਰਨਤਿ ਹੈ ਸਭਿ ਨਿਕਟ ਬਡੇਰੇ[1]। [1]ਵਡੇ (ਗੁਣ)। (ਅ) ਵਡਿਆਂ ਪਾਸ।
-ਦੀਹ ਸੁਸ਼ੀਲ, ਗਹੀਲ ਰਸੀਲੇ[1]। [1]ਭਾਵ, ਬੜੇ ਪਿਆਰ ਵਾਲੇ। ['ਗਹੀਰ' ਦਾ ਹੀ ਦੂਸਰਾ ਰੂਪ 'ਗਹੀਲ' ਹੈ। ਗਹੀਰ = ਡੂੰਘਾ, ਵਡਾ]।
ਡੀਲ ਛਬੀਲਾ, ਹਰਤਾ ਹੀ ਲੇ[1] ॥੭॥ [1]ਹੀ =) ਦਿਲ ਹਰ ਲੈਣ ਵਾਲੇ।
ਭਾਗ ਵਿਸ਼ੇਸ਼ ਦੇਸ਼ ਕੇ ਭਏ।

ਕਦਮ ਪਦਮ ਗੁਰ ਕੇ ਜਬਿ ਅਏ।
ਸਭਿ ਲੋਕਨ ਕੋ ਹੋਤਿ ਭਲੇਰਾ।
ਕ੍ਵੈ ਸੁਨਿ ਸ਼ਬਦ[1] ਦਰਸ ਕ੍ਵੈ ਹੇਰਾ[2] ॥੮॥
ਪਾਪ ਕਲਾਪ ਆਪ ਛਪਿ ਜੈ ਹੈਂ।
ਜਹਿਂ ਕੇਹਰਿ ਤਹਿਂ ਨਹਿਂ ਗਜ ਭੈ ਹੈ।
ਸਭਿਹਿਨਿ ਦੁਰਲਭ ਦਰਸ਼ਨ ਜੋਯੋ।
ਭੂਤਲ ਇਤ ਕੋ ਪਾਵਨ ਹੋਯੋ ॥੯॥
ਇੱਤ੍ਯਾਦਿਕ ਮਹਿੰਮਾ ਗੁਨ ਬ੍ਰਿੰਦੰ।
ਸੁਨਤਿ ਰਹੇ ਸਭਿ ਕਹੇ ਨਰਿੰਦੰ[1]।
ਇਤ ਤੇ ਜਾਇ ਨ ਕਿਤਹੂੰ ਗਯੋ।
ਰਹ੍ਯੋ ਸਦਨ ਮਨ ਆਨੰਦ ਭਯੋ ॥੧੦॥
ਮਮ ਆਗਵਨ ਸੁਨਹੁ ਪ੍ਰਭੁ ! ਕਾਰਨ।
ਰਾਵਰਿ ਕੰਨੈ[1] ਪਠ੍ਯੋ ਹਿਤ ਧਾਰਨ।
ਰਾਜੇ ਹਾਥ ਜੋੜਿ ਇਮ ਭਾਖਾ।
-ਚਰਨ ਕਮਲ ਮਹਿਂ ਪ੍ਰੀਤ ਭਿਲਾਖਾ[1] ॥੧੧॥
ਜੇਤਿਕ ਦੇਸ਼ ਰਾਜ ਮਮ ਸੈਲ[1]।
ਅਪਨੋ ਜਾਨ ਕਰਹਿਂ ਗੁਰ ਸੈਲ[1]।
ਜਿਮ ਅਪਨਜੋਂ ਪਰ ਹੁਕਮ ਬਖਾਨਹਿਂ।
ਤਿਮ ਹੀ ਮੋ ਪਰ ਕਰੁਨਾ ਠਾਨਹਿਂ ॥੧੨॥
ਗਜ ਬਾਜੀ ਆਦਿਕ ਘਰ ਮੇਰੇ।
ਕਰਹਿਂ ਮੰਗਾਵਨਿ ਲੇਂ ਸ਼ੁਭ ਹੇਰੇ-।
ਸਦਨ ਮਾਂਝ ਪਾਵਨ ਕੋ ਚਾਹਤਿ[1]।
ਮਿਲ੍ਯੋ ਜਬਹਿ ਕੋ, ਅਧਿਕ ਉਮਾਹਤਿ ॥੧੩॥
-ਅਬਿ ਜੋ ਵਸਤੁ ਅਹੈ ਘਰ ਮੋਹੀ।
ਗੁਰ ਉਰ ਅਭਿਲਾਖਾ ਜਿਸ ਹੋਹੀ।

[1]ਕੋਈ ਸੁਣਦਾ ਹੈ ਬਾਣੀ। [2]ਕੋਈ ਦਰਸ਼ਨ ਦੇਖਦਾ ਹੈ।

[1]ਰਾਜੇ ਦੇ ਇਸ ਤਰ੍ਹਾਂ ਦੇ ਆਖੇ ਹੋਏ (ਆਪ ਦੇ) ਸਾਰੇ ਗੁਣ (ਲੋਕੀਂ) ਸੁਣਦੇ ਰਹਿੰਦੇ ਹਨ।

[1]ਆਪ ਦੇ ਪਾਸ [ਪਹਾੜੀ ਬੋਲੀ]।

[1]ਪ੍ਰੀਤ ਦਾ ਚਾਹਵਾਨ ਹਾਂ।

[1]ਮੇਰਾ ਪਹਾੜ ਦੇਸ਼ ਦਾ ਰਾਜ ਹੈ।

[1]ਸੈਰ।

[1]ਘਰ ਵਿਚ ਆਪ ਦੇ ਚਰਣ (ਪਵਾਉਣੇ) ਚਾਹੁੰਦਾ ਹੈ ਪਰ ਜਾਪਦਾ ਹੈ ਕਿ ਇਥੇ ਪਾਠ 'ਸਦਨ ਸਾਂਝ' ਸੀ ਲਿਖਾਰੀ ਦੀ ਭੁੱਲ ਨੇ ਮਾਂਝ ਕੀਤਾ ਹੈ। 'ਸਦਨ-ਸਾਂਝ' ਦਾ ਅਰਥ ਹੈ ਕਿ ਘਰ ਵਾਲੀ ਵਰਤਣ ਆਪ ਨਾਲ ਪਾਉਣੀ ਚਾਹੁੰਦਾ ਹੈ, ਇਸ ਗਲ ਦੀ ਪ੍ਰੌਢਤਾ ਅੰਸੂ ੩੪ ਦੇ ਅੰਕ ੩੫ ਤੋਂ ਸਹੀ ਹੋ ਜਾਂਦੀ ਹੈ ਜਿੱਥੇ ਪਦ ਆਇਆ ਹੈ 'ਚਾਹਤ ਰਿਦੇ ਸਾਂਝ ਕੋ ਪਾਵਨ'।

ਬਿਨਾ ਅੰਤਰੇ ਅਪਨੀ ਜਾਨਹਿਂ।
ਨਿਜ ਘਰ ਸਮ ਅਨਵਾਵਨਿ ਠਾਨਹਿਂ ॥ ੧੪ ॥
ਹਰਖਤਿ ਹੋਇ ਤਬਹਿ ਮਨ ਮੇਰਾ-।
ਇਮ ਕਹਿ ਪਠਜੋ ਸੁ ਪ੍ਰੇਮ ਬਡੇਰਾ।'
ਕੂਰ ਕਪਟ ਕੋ ਮੂਢ ਬਖਾਨੈਂ।
ਨਿਜ ਰਾਜੇ ਸਮ ਪ੍ਰਭੁ ਕੋ ਜਾਨੈਂ ॥ ੧੫ ॥
ਮੋਰ ਮਨਿੰਦ ਅਨਿੰਦਤਿ[1] ਬਾਨੀ।

[1]ਨਾ ਨਿੰਦਣ ਯੋਗ ਭਾਵ ਸੁੰਦਰ।

ਪਿਖਿਯਤਿ ਕ੍ਰਿਯਾ ਕੀਟ ਗਨ ਖਾਨੀ[1]।

[1]ਜੇ ਕਰਨੀ ਵਲ ਤੱਕੋ ਤਾਂ ਸਮੂਹ ਕੀੜੇ ਖਾਣ ਵਾਲੀ ਹੈ (ਮੋਰ ਕੀੜੇ ਖਾਂਦਾ ਹੈ)।

ਕਰਹਿ ਜਨਾਵਨਿ ਮਿਤ੍ਰਤਾ ਆਪਨਿ।
ਚਹਤਿ ਕ੍ਰਿਆ ਕੁਟਲੀ ਬਨ ਸਾਪਨ[1] ॥ ੧੬ ॥

[1]ਸ਼ਾਇਦ ਉਸ ਕਹਾਣੀ ਵਲ ਇਸ਼ਾਰਾ ਹੈ ਕਿ ਬਨ ਅਗਨੀ ਵਿਚ ਘਿਰੇ ਇਕ ਸੱਪ ਨੇ ਇਕ ਸਵਾਰ ਰਾਹੀ ਨੂੰ ਮਿੱਤ੍ਰਤਾ ਦੇ ਬਚਨਾਂ ਨਾਲ ਨਰਮ ਕਰ ਲਿਆ ਸੀ ਕਿ ਕਿਵੇਂ ਮੈਨੂੰ ਅੱਗ ਵਿਚੋਂ ਕੱਢ ਲਵੇ। ਜਦ ਰਾਹੀ ਨੇ ਆਪਣੇ ਨੇਜ਼ੇ ਨਾਲ ਤੋਬਰਾ ਬੰਨ੍ਹਕੇ ਅੱਗ ਵਿਚ ਦੀ ਸੱਪ ਤੱਕ ਪੁਚਾਇਆ, ਸਪ ਵਿਚ ਵੜ ਗਿਆ ਤੇ ਰਾਹੀ ਨੇ ਉਸ ਨੂੰ ਬਾਹਰ ਕਢ ਲਿਆ, ਪਰ ਸੱਪ ਬਾਹਰ ਆਕੇ ਰਾਹੀ ਨੂੰ ਡੰਗਣ ਲਗਾ ਜਿਸ ਨੇ ਉਸ ਦੀ ਮਿੱਤ੍ਰਤਾ ਦੇ ਵਾਕਾਂ ਤੇ ਪਤੀਆ ਕਰਕੇ ਉਸ ਨੂੰ ਕੱਢਿਆ ਸੀ।

ਜਥਾ ਹਲਾਹਲ ਭਰਿ ਘਟ ਕੰਚਨ।
ਕਿਧੌਂ ਦੁਬਿਧਿ ਜੁਤਿ ਹੁਇ ਫਲ ਰੰਚਨ[1]।

[1]ਯਾ (ਕੋਈ) ਫਲ ਦੋ ਤ੍ਰੀਕਿਆਂ ਨਾਲ ਰਚਿਆ ਹੋਵੇ। ਭਾਵ ਮਿਠਾਸ ਤੇ ਵਿਹੁ ਜਿਸ ਵਿਚ ਦੋਵੇਂ ਰਚੇ ਹੋਏ ਹੋਣ। ਸਵਾਦ ਮਿੱਠਾ ਤੇ ਤਾਸੀਰ ਜ਼ਹਿਰ ਹੋਵੇ ਐਸਾ ਫਲ। ਅਥਵਾ ਫਲ ਜੋ ਦਿੱਸਣ ਨੂੰ ਸੁਹਣਾ ਤੇ ਖਾਣ ਨੂੰ ਕੌੜਾ ਹੋਵੇ। (ਅ) ਕਿਤੇ ਬੀ (ਕੋਈ ਗਲ) ਦੋ ਬਿਧਾਂ ਵਾਲੀ ਹੋਵੇ ਉਸ ਦਾ ਫਲ (ਰੰਚ ਨ =) ਕੁਝ ਨਹੀਂ।

ਵਹਿਰ ਬਾਕ ਬੋਲਹਿਂ ਬਹੁ ਮੋਲਾ।
ਅੰਤਰ ਭਰੇ ਗਰਲ ਜਿਮ ਘੋਲਾ[1] ॥ ੧੭ ॥

[1]ਘੋਲਿਆਂ ਹੋਇਆ ਵਿਹੁ।

ਕੋ ਕੋ ਸਮਤਾ ਕਹਹਿਂ ਕਪਟ ਕੀ[1]।

[1]ਕਪਟ ਦੀ ਤੁੱਲਜਤਾ (ਉਪਮਾ) ਕੇਹੜੀ ਕੇਹੜੀ ਕਹਾਂ।

ਪਟ ਕੀ ਓਟ ਜਥਾ ਕ੍ਰਿਤ ਨਟ ਕੀ[1]।

[1]ਬਸਤ੍ਰ ਦੇ ਉਹਲੇ ਜਿਵੇਂ ਨਟ ਦੀ ਕਾਰ ਹੁੰਦੀ ਹੈ (ਇਉਂ ਉਹ ਕਪਟ ਕਰਦਾ ਹੈ)।

-ਜਿਸ ਬਿਧਿ ਦੇਹਿਂ ਪ੍ਰਭੂ ਇਹ ਕਰੀ[1]-।

[1]ਜਿਵੇਂ ਗੁਰੂ ਜੀ ਇਹ ਹਾਥੀ ਦੇ ਦੇਣ।

ਕਰੀ ਬਾਤ ਤੈਸੀ ਛਲ ਭਰੀ ॥ ੧੮ ॥
ਸੁਨਿ ਕੈ ਨੰਦ ਚੰਦ ਤਬਿ ਕਹਜੋ।
'ਜੇ ਇਸ ਬਿਧਿ ਰਾਜੇ ਚਿਤ ਚਹਜੋ।
ਸੁਖਦਾਇਕ ਨਿਤ ਬਾਤ ਅਛੇਰੀ।

ਨਿਤ ਪ੍ਰਤਿ ਹ੍ਵੈ ਹੈ ਸੰਧਿ ਬਡੇਰੀ ॥੧੯॥
ਗੁਰ ਘਰ ਸੰਗ ਕਾਮਨਾ ਜੈਸੇ।
ਬਿਨਾ ਬਿਲੰਬ ਲਹੈ ਫਲ ਤੈਸੇ।
ਸਦਾ ਸਮੀਪ ਬਾਸ ਜਿਸ ਕੇਰਾ।
ਕਰੈ ਪ੍ਰੇਮ ਕੈ ਦ੍ਵੈਸ਼ ਬਡੇਰਾ ॥੨੦॥
ਤਿਸ ਤੇ ਹ੍ਵੈ ਸੁਖ ਕੈ ਦੁਖ ਨੀਤ।
ਹਰਖ ਸ਼ੋਕ ਕੇ ਰਹਿ ਬਸਿ ਚੀਤ।
ਰਾਵ ਕਿ ਰੰਕ ਭਲਾ ਜੋ ਚਹੈ।
ਸਦਾ ਸਰਲ ਉਰ ਗੁਰ ਸੰਗ ਰਹੈ' ॥੨੧॥
ਸੁਨਤਿ ਵਕੀਲ ਬਾਤ ਕੋ ਕਹ੍ਯੋ।
'ਗੁਰੂ ਕੰਨੇ[1] ਰਾਜੇ ਇਮ ਚਹ੍ਯੋ। — [1]ਗੁਰੂ ਜੀ ਪਾਸੋਂ।
-ਜਗ ਮਹਿਂ ਸ਼ੋਭਾ ਹੋਇ ਬਡੇਰੀ।
ਹੋਇ ਪ੍ਰਲੋਕ ਸੁਖਦ ਤਿਸ ਬੇਰੀ- ॥੨੨॥
ਅਬਿ ਸ਼ੋਭਾ ਹਿਤ ਮੋਹਿ ਪਠਾਯੋ।
ਲਖਹਿ ਸ਼ਗੁਨ ਨਿਜ ਸੁਤ ਕੋ ਆਯੋ[1]। — [1]ਆਪਣੇ ਪੁੱਤ੍ਰ ਦਾ ਸ਼ਗਨ ਆਇਆ ਜਾਣਕੇ।
ਫਤੇ ਸ਼ਾਹ ਸ਼੍ਰੀ ਨਗਰ ਨਰੇਸ਼ੂ।
ਰਾਜ ਸਮਾਜ ਪ੍ਰਤਾਪ ਵਿਸ਼ੇਸ਼ੂ ॥੨੩॥
ਤਨੁਜਾ ਕੋ ਸਬੰਧ ਕਿਯ ਤਾਂਹੀ।
ਅਬਿ ਸੋ ਬਜਾਹ ਦੇਨਿ ਚਿਤ ਚਾਹੀ।
ਸੁਨ੍ਯੋ ਪ੍ਰਥਮ ਲਾਗੀ ਆਗਵਨੂੰ।
ਤਿਨ ਹਿਤ ਤਯਾਰੀ ਰਹਿ ਨਿਜ ਭਵਨੂੰ ॥੨੪॥
ਉੱਤਮ ਵਸਤੂ ਉਤਸਵ ਮਾਂਹੀ।
ਕਰਨਿ ਸਮੋ ਲਖਿ ਕੈ ਹਿਤ ਹ੍ਵੈ ਨ[1]।

[1](ਸਤਿਗੁਰੂ ਦੀ ਚੁਪ ਤੋਂ) ਪੰਨੇ ਨੇ ਲਖਿਆ ਕਿ (ਚੀਜ਼ਾਂ

ਦੇਣ ਵਿੱਚ) ਹਿੱਤ ਨਹੀਂ ਹੈ (ਗੁਰੂ ਕਾ ਤਾਂ ਰਾਜੇ ਦੀ ਆਖੀ ਹੋਈ) ਪਿਛਲੀ ਗੱਲ (ਲਾਲਚ ਦੇਣ ਵਾਲੀ) ਵਿਚਾਰੀ ਤੇ ਉਸ ਦੇ ਕਹਿਣ ਦਾ ਮੌਕਿਆ ਸਮਝ ਕੇ (ਕਿਹਾ:-)।

'ਰਾਜੇ ਅਪਰ ਬਖਾਨੀ ਸੁਨੀਅਹਿ'
ਕਹਤਿ ਭਯੋ ਸਨਮੁਖ ਕਰਿ ਨੈਨ।
'ਚਾਰ ਹਜ਼ਾਰ ਰਜਤਪਣ ਇਨ ਸੰਗ,
ਭੇਜਹਿੰਗੇ ਪੂਜਾ ਗੁਰ ਐਨ ॥੨੦॥
ਸਦਾ ਅਸਾਨਵੰਦ ਹਮ ਰਹਿਹੈਂ
ਲਹਿਹੈਂ, ਗੁਰ ਕੋ ਇਹ ਉਪਕਾਰ।
ਕਹੇ ਰਜਤਪਣ ਸਕਲ ਪਠਾਵਹਿਂ
ਲਖਹੁ ਸਾਚ ਨਹਿਂ ਕੂਰ ਉਚਾਰਿ।
ਵਸਤੁ ਚਤਰ ਦੇਂ ਜਥਾ ਤਥਾ ਲੇਂ
ਪਰਹਿ ਸਾਂਝ ਹਮ ਸਦਨ ਮਝਾਰ।
ਲੈਨਿ ਦੇਨਿ ਮਹਿਂ ਅਟਕ ਨ ਕੋਈ
ਦਿਨ ਪ੍ਰਤਿ ਵਧਹਿ ਪ੍ਰੇਮ ਬਿਵਹਾਰ' ॥੨੧॥

ਦੋਹਰਾ:
ਪੰਮੇ ਕੋ ਕਹਿਬੋ ਸੁਨਜੋ, ਕਲਗੀਧਰ ਜਬਿ ਸ਼੍ਰੋਨ।
ਰਿਦੇ ਕ੍ਰੋਧ ਉਪਜਯੋ ਅਧਿਕ, ਰੰਗ ਦ੍ਰਿਗਨਿ ਜਿਮ ਸ਼੍ਰੋਨ[1] ॥੨੨॥

[1]ਭਾਵ ਨੇਤ੍ਰ (ਗੁੱਸੇ ਨਾਲ) ਲਾਲ ਹੋ ਗਏ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਕੇਸਰੀ ਚੰਦ ਪੰਮਾ ਗੁਰ ਢਿਗ ਆਵਨਿ' ਪ੍ਰਸੰਗ ਬਰਨਨੰ ਨਾਮ ਏਕ ਊਨ ਚੱਤਵਾਰਿੰਸਤੀ ਅੰਸੂ ॥੩੯॥

੪੦. [ਕੇਸਰੀ ਚੰਦ ਤੇ ਪੰਮੇ ਦਾ ਨਿਰਾਦਰ]

੩੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੧

ਦੋਹਰਾ:

-ਵਸਤੁਨਿ ਕੋ ਭਾਰਾ[1] ਹਮਹਿਂ, ਦੇਨਿ ਕਹ੍ਯੋ ਮਤਿਮੰਦ। [1]ਕਿਰਾਇਆ, ਭਾੜਾ।
ਬਿਵਹਾਰੀ ਜਿਮ ਬਨਿਕ ਹ੍ਵੈ, ਜਾਨਹਿਂ ਤਿਨਹੁ ਮਨਿੰਦ- ॥੧॥

ਸ੍ਵੈਯਾ ਛੰਦ:

ਫਰਕੇ ਅਧਰ ਦ੍ਰਿਗਨਿ ਤੇ ਤਰਜੇ
'ਕਹਾਂ ਕਹ੍ਯੋ ਇਹ, ਰੇ ਮਤਿ ਮੰਦ!
ਚਤਰ ਹਜ਼ਾਰ ਦੇਹਿ ਇਹ ਕੈਸੋ,
ਤੁਮ ਕ੍ਯਾ ਹਮ ਕੋ ਲਖ੍ਯੋ ਬਿਲੰਦ[1]। [1]ਤੁਸੀਂ ਸਾਨੂੰ ਕਿਹੜੇ ਦਾਓਂ ਵਡਾ ਮੰਨਿਆਂ ਹੈ (ਅਗੇ ਵੇਰਵਾ ਕਰਕੇ ਪੁੱਛਦੇ ਹਨ:-)।
ਸਿੱਖ ਨਹੀਂ? ਅੰਮ੍ਰਿਤ ਨਹਿਂ[†] ਲੀਨਿਸਿ, [†]ਕਲਮ ਦੀ ਉਕਾਈ ਜਾਪਦੀ ਹੈ ਗੁਰਬਿਲਾਸ ੧੦ ਪਾਤਸ਼ਾਹੀ ਵਿਚ 'ਪਾਹੁਲ' ਲਿਖੀ ਹੈ ਤੇ ਇਹ ਵਾਕ ਰਾਜੇ ਦੇ ਮੁੱਖੋਂ ਲਿਖੇ ਹਨ ਯਥਾ-'ਮੈਂ ਨਹੀਂ ਸਿੱਖ ਨ ਪਾਹੁਲ ਪਾਈ'।
ਨਹੀਂ ਭਾਵਨਾ ਗੁਰੁ ਮੁਕੰਦ।
ਰਈਯਤ ਨਹੀਂ ਬਨੇ ਤੁਮ ਅਬਿ ਲੌ
ਜਬਿ ਲੌ ਪੰਥ[1] ਮਚਾਇ ਨ ਦੁੰਦ ॥੨॥ [1]ਸਾਡਾ ਪੰਥ।
ਜੋਰ ਨ ਪਰ੍ਯੋ ਗਿਰਨ ਪਰ ਹਮਰੋ
ਜਿਸ ਤੇ ਦੰਡ ਦੇਹੁ ਧਨ ਆਨਿ।
ਆਸ਼ੈ ਕੌਨ ਦੇਨਿ ਕੋ ਜਾਨ੍ਯੋਂ
ਜਿਸ ਤੇ ਲੇਹੁਂ, ਸੁ ਕਰਹੁ ਬਖਾਨ[†]।' [†]ਇਸ ਵਿਚ ਸਿੱਧ ਕਰ ਦਿੱਤਾ ਹੈ ਕਿ ਜੋ ਤੁਸੀਂ ਭੇਟਾ ਦੇਣੀ ਕਹੀ ਹੈ ਉਹ ਬਨੀਆਂ ਸਮਝ ਕੇ ਭਾੜਾ ਦੇਂਦੇ ਹੋ।
ਲਖਿ ਪ੍ਰਭੁ ਕੋ ਰੁਖ਼ ਰਿਸ ਬਹੁ ਧਾਰੀ
ਹਹਿਰਤਿ ਉਰ ਮੈਂ ਡਰ ਕੋ ਮਾਨਿ।
ਕਹ੍ਯੋ ਕੇਸਰੀ ਚੰਦ ਬਦਨ ਪੁਨ
'ਆਪ ਕੋਪ ਉਪਜਾਵਨਿ ਠਾਨਿ ॥੩॥
ਭੀਮਚੰਦ ਨ੍ਰਿਪ ਜਥਾ ਬਖਾਨੀ
ਤਿਮ ਹੀ ਮਾਨੀ ਕੀਨਿ ਬਖਾਨਿ[1]। [1]ਅਸਾਂ ਭੀਮ ਚੰਦ ਦਾ ਕਹਿਆ) ਮੰਨ ਕੇ ਆਖੀ ਹੈ।
ਦੇਨਿਹਾਰ ਸੋ, ਲੇਨਿਹਾਰ ਤੁਮ,
ਹਮ ਕ੍ਯਾ ਜਾਨਹਿਂ ਏ ਕ੍ਯਾ ਜਾਨਿ[1]! [1]ਅਸੀਂ ਕੀ ਜਾਣਦੇ ਹਾਂ ਤੇ ਏਹ (ਪੰਮਾਂ) ਕੀ ਜਾਣਦਾ ਹੈ।
ਤਊ ਉਚਿਤ ਹੈ ਦੇਨਿ ਤੁਮਹੁਂ ਕੋ
ਜਯੋਂ ਕ੍ਯੋਂ ਦੇਹੁ, ਸੁ ਲੇਹੁ ਮਹਾਨ।
ਦੇਸ਼ ਰਾਜ ਕੁਛ ਤੁਮਰੇ ਨਾਂਹਿਨ

ਅਰਪਹਿਂ ਲੋਕ ਕਰਹੁ ਗੁਜ਼ਰਾਨ[†]' ॥੪॥

[†]ਏਹ ਜੋ ਵਧ ਘਟ ਬੋਲ ਹੋਣੇ ਹਨ, ਤਵਾ: ਖਾਲਸਾ ਨੇ ਮਾਮਾ ਕ੍ਰਿਪਾਲ ਜੀ ਤੇ ਕੇਸਰੀ ਚੰਦ ਦੇ ਹੋਏ ਲਿਖੇ ਹਨ ਅਤੇ ਗੁਰੁ ਬਿਲਾਸ ੧੦ ਪਾਤਸ਼ਾਹੀ ਜੋ ੧੯੮੪ ਵਿਚ ਭਾ: ਸੁਖਾ ਸਿੰਘ ਜੀ ਨੇ ਲਿਖਿਆ ਹੈ ਉਸ ਵਿਚ ਮੂਲੋਂ ਇਹ ਪ੍ਰਸੰਗ ਹੀ ਨਹੀਂ, ਨਾ ਪੰਮਾ ਤੇ ਨਾਹੀਂ ਕੇਸਰੀ ਚੰਦ ਆਇਆ ਤੇ ਨਾਹੀਂ ਕੋਈ ਵਾਕ ਕੁਵਾਕ ਹੋਏ ਹਨ, ਤੇ ਨਾਂ ਹੀ ਇਹ ਜ਼ਿਕਰ ਪੁਰਾਤਨ ਗੁਰਬਿਲਾਸ ਵਿਚ ਹੈ, ਕਵੀ ਜੀ ਨੂੰ ਕਿਸੇ ਥਾਓਂ ਯਾ ਰਵਾਯਤ ਤੋਂ ਮਿਲੇ ਜਾਪਦੇ ਹਨ।

ਆਗੈ ਹੁਤੀ ਕੁਛਕ ਰਿਸ ਅਗਨੀ
ਮਨਹੁ ਅਹੂਤੀ ਬਾਕ ਸੁਨਾਇ।
ਬੋਲੇ 'ਦਿਹੁ ਉਠਾਇ ਨਿਕਸਾਵਹੁ
ਲਾਤਨਿ ਮੁਸ਼ਟ ਪ੍ਰਹਾਰ ਲਗਾਇ[†]।

[†]ਇਹ ਘਟਨਾ ਤਵਾ: ਖਾ: ਨੇ ਨਹੀਂ ਲਿਖੀ, ਅੰਕ ਦਸ ਵਿਚ ਗੁਰੂ ਜੀ ਆਪ ਕਹਿੰਦੇ ਹਨ ਕਿ ਇਹ ਵਕੀਲ ਬਣਕੇ ਆਏ ਹਨ, ਇਸ ਨੀਤੀ ਨੂੰ ਜਾਣਦੇ ਹੋਏ ਗੁਰੂ ਜੀ ਵੱਲੋਂ ਕੋਈ ਵਧੀਕੀ ਦਾ ਵਰਤਾਉ ਉਹਨਾਂ ਨਾਲ ਹੋਇਆ ਹੋਵੇ ਸੰਭਵ ਨਹੀਂ। ਪੰਮੇ ਤੇ ਕੇਸਰੀ ਚੰਦ ਵਲੋਂ ਪਹਿਲੋਂ ਵਧੀਕੀ ਤੇ ਵੱਧ ਘੱਟ ਹੋਈ। ਜਿੰਨੀ ਹੋਈ ਓਨੀ ਦਾ ਜਵਾਬ ਮਾਮਾ ਜੀ ਨੇ ਦੇ ਦਿੱਤਾ। ਵਕੀਲ ਦਾ ਆਕੇ ਨਿਰਾਦਰ ਦੇ ਵਾਕ ਕਹਿਣਾ ਇਹ ਬੀ ਨੀਤੀ ਤੇ ਦਸਤੂਰ ਵਿਰੁੱਧ ਹਨ ਐਸੇ ਕਰਨ ਤੇ ਉਸ ਦਾ ਨਿਰਾਦਰ ਹੋਣਾ ਬੀ ਨੀਤੀ ਵਿਚ ਵਿਹਤ ਹੈ।

ਉਰ ਹੰਕਾਰ ਨਿਵਾਰਹੁ ਇਨ ਕਾ
ਕਹੈਂ ਅਜੋਗ ਤਥਾ ਫਲ ਪਾਇਂ।
ਗੀਦੀ ਬੁੱਧਿ ਪਹਾਰੀ ਕਾਚੇ
ਸਮੁਝਾਵਹੁ ਨਿਜ ਬਲ ਦਿਖਰਾਇ' ॥੫॥
ਸੁਨਿ ਗੁਰ ਹੁਕਮ ਦਿਵਾਨ ਉਠ੍ਯੋ ਤਬਿ,
ਸੰਗ ਸਹਾਇਕ ਸੰਗੋ ਹੋਇ।
ਐਂਚਿ ਭੁਜਨ ਕੋ ਝਟਕ ਉਠਾਏ
ਬਲ ਤੇ ਕਰੇ ਧਕੇਲਨਿ ਸੋਇ।
ਪਗਿਯਾ ਗਿਰਤਿ ਸੰਭਾਰਤਿ ਗਮਨਤਿ
ਕਰਹਿਂ ਕ੍ਰੋਧ, ਬਸ ਚਲਹਿ ਨ ਕੋਇ।
ਕਹਤਿ 'ਦੇਸ਼ ਨ੍ਰਿਪ ਕੇ ਤੁਮ ਬਸ ਕਰਿ
ਨਹਿਂ ਭੈ ਧਰਹੁ ਲੇਹੁ ਦੁਖ ਜੋਇ[1] ॥੬॥

[1]ਦੁਖ ਦੇਖ ਲਓਗੇ।

ਪਹੁਂਚਨਿ ਕੀ ਇਕ ਬਿਲਮ ਹਮਾਰੀ
ਆਨਿ ਅਨੰਦਪੁਰਿ ਲੂਟ ਮਚਾਇਂ।
ਤਬਿ ਵਰਜਾਮਗੀ ਪਿਖਹਿਂ ਤੁਮਾਰੀ,
ਪਕਰਹਿਂ ਕਰਹਿਂ ਕੈਦ ਲੈ ਜਾਇਂ।
ਜਾਚੀ ਵਸਤੁ ਨ ਦਈ ਅਬਹਿ ਕੁਛ,
ਬਲ ਤੇ ਛੀਨ ਲੇਹਿਂ ਸਭਿ ਆਇ।
ਅਧਿਕ ਬਿਰੋਧ ਬਧਾਯਹੁ ਤੁਮ ਨੇ,
ਹਮਰੀ ਪਤਿ ਖ੍ਵੈ ਕਰਿ ਨਿਕਸਾਇ' ॥੭॥

ਗਏ ਪੌਰ ਲਗਿ ਤਿਨਹੁਂ ਧਕੇਲਤਿ
ਲਾਤਨਿ ਮੁਸ਼ਟ ਪ੍ਰਹਾਰ ਲਗਾਇ[†]।

[†]ਇਹ ਘਟਨਾ ਤਵਾ: ਖਾ: ਨੇ ਨਹੀਂ ਲਿਖੀ, ਅੰਕ ਦਸ ਵਿਚ ਗੁਰੂ ਜੀ ਆਪ ਕਹਿੰਦੇ ਹਨ ਕਿ ਇਹ ਵਕੀਲ ਬਣਕੇ ਆਏ ਹਨ, ਇਸ ਨੀਤੀ ਨੂੰ ਜਾਣਦੇ ਹੋਏ ਗੁਰੂ ਜੀ ਵੱਲੋਂ ਕੋਈ ਵਧੀਕੀ ਦਾ ਵਰਤਾਉ ਉਹਨਾਂ ਨਾਲ ਹੋਇਆ ਹੋਵੇ ਸੰਭਵ ਨਹੀਂ। ਪੰਮੇ ਤੇ ਕੇਸਰੀ ਚੰਦ ਵਲੋਂ ਪਹਿਲੋਂ ਵਧੀਕੀ ਤੇ ਵੱਧ ਘੱਟ ਹੋਈ। ਜਿੰਨੀ ਹੋਈ ਓਨੀ ਦਾ ਜਵਾਬ ਮਾਮਾ ਜੀ ਨੇ ਦੇ ਦਿੱਤਾ। ਵਕੀਲ ਦਾ ਆਕੇ ਨਿਰਾਦਰ ਦੇ ਵਾਕ ਕਹਿਣਾ ਇਹ ਬੀ ਨੀਤੀ ਤੇ ਦਸਤੂਰ ਵਿਰੁੱਧ ਹਨ ਐਸੇ ਕਰਨ ਤੇ ਉਸ ਦਾ ਨਿਰਾਦਰ ਹੋਣਾ ਬੀ ਨੀਤੀ ਵਿਚ ਵਿਹਤ ਹੈ।

ਮਾਰ ਖਾਇ ਕਰਿ ਗਰਬਤਿ ਬੋਲਤਿ
ਸੁਨਿ ਕਰ ਨੰਦ ਚੰਦ ਹਟਿ ਆਇ।
ਬੂਝੇ ਗੁਰੂ 'ਪ੍ਰਭੂ ਇਹ ਬਿਗਰੇ
ਮੁਖ ਤੇ ਅਪਨਿ ਬੀਰਤਾ ਗਾਇਂ।
ਕੰਚਨ ਕੰਕਨ ਕੁੰਡਲ ਮੁਕਤਾ
ਸ਼ਸਤ੍ਰ ਸਹਿਤ ਸਭਿ ਲੇਹਿਂ ਛਿਨਾਇ
॥੮॥
ਐਂਠ ਤਜਾਗਿ ਤਬਿ ਹਰੁਵੇ ਹੋਵਹਿਂ
ਗੁਰ ਦ੍ਰੋਹੀ ਕਹਿ ਬੰਦਹਿਂ ਹਾਥ[1]।

[1]ਗੁਰ ਦ੍ਰੋਹੀਆਂ ਦੇ ਹੱਥ ਬੰਨ੍ਹ ਲਈਏ ਤਾਂ ਐਂਠ ਛੱਡ ਕੇ ਹਲਕੇ ਹੋਣਗੇ (ਅ) ਪਾਠਾਂਤ੍ਰ -ਗੁਰ ਦੋਹੀ। ਫਿਰ ਅਰਥ ਐਉਂ ਲਗੇਗਾ:-ਐਂਠ ਤਜਾਗ ਕੇ ਤਾਂ ਹੌਲੇ ਹੋਣਗੇ, ਹੱਥ ਜੋੜਨਗੇ ਤੇ ਗੁਰੂ ਦੀ ਦੁਹਾਈ ਦੇਣਗੇ।

ਤਬਿ ਤਜਾਗਹਿਂ ਸੰਕਟ ਬਡ ਦੈ ਕੇ
ਮਾਰਗ ਜਾਹਿਂ ਰੁਦਨ ਕੇ ਸਾਥ।
ਆਛੇ ਕਰਹਿਂ ਪੁਕਾਰ ਪਹੁੰਚਿ ਕਰਿ
ਬੀਤੀ ਸਕਲ ਸੁਨਾਵਹਿਂ ਗਾਥ।
ਨਤੁਰ ਬੀਰਤਾ ਅਪਨੀ ਭਾਖਹਿਂ
ਹੇਤੁ ਪ੍ਰਸੰਨ ਅਪਨਿ ਗਿਰਨਾਥ' ॥੯॥
ਸੁਨਿ ਗੁਰ ਰਾਜਨੀਤ ਕੋ ਚਿਤਵਤਿ
'ਬਨਿ ਵਕੀਲ ਹਮਰੇ ਢਿਗ ਆਇ।
ਨਹੀਂ ਖਸੋਟਨਿ ਇਨ ਕੋ ਆਛੇ
ਕਰਹੁ ਨਿਰਾਦਰ ਦਿਹੁ ਨਿਕਸਾਇ।
ਡੇਰੇ ਲਗਿ ਭਟ ਜਾਹਿਂ ਧਕੇਲਤਿ
ਪਤਿ ਖੋਈ ਦੇਖਹਿਂ ਸਮੁਦਾਇ।
-ਅਬਹਿ ਅਰੂਢਨਿ[1]- ਮੂਢਨ ਕੋ ਕਹੁ
-ਰਹੇ ਤ ਸਭਿ ਕਿਛ ਛੀਨਜੋ ਜਾਇ-'
॥੧੦॥

[1]ਸਵਾਰ ਹੋ ਜਾਓ।

ਨੰਦਚੰਦ ਸੁਨਿ ਗਯੋ ਤਿਨਹੁੰ ਢਿਗ
ਸੁਭਟ ਗੈਲ[1] ਜਿਨ ਤਾੜ ਤਿਜਾਇੰ। [1]ਰਾਹ ਵਿਚ।
ਗਏ ਸਿਵਰ ਲਗਿ ਊਚ ਸੁਨਾਯੋ
'ਵਸਤੁ ਸੰਭਾਰੋ ਜ਼ੀਨ ਪਵਾਇ।
ਪੁਰਿ ਤੇ ਨਿਕਸਹੁ ਪੰਥ ਸਮਾਲਹੁ
ਜੇ ਪ੍ਰਿਯ ਪ੍ਰਾਨ, ਨ ਬਿਲਮ ਲਗਾਇ[1]। [1]ਜੇ ਪ੍ਰਾਣ ਪਿਆਰੇ ਹਨ ਤਾਂ ਡੇਰੀ ਨਾ ਲਾਓ।
ਨਤੁ ਡੇਰਾ ਸਭਿ ਲੂਟਯੋ ਜਾਵਹਿ
ਪੁਨ ਗਮਨਹੁੰ ਕਰ ਨੰਗੇ ਪਾਇ ॥੧੧॥
ਕ੍ਰਿਪਾਸਿੰਧੁ ਕਰਿ ਕ੍ਰਿਪਾ ਛੁਰਾਏ
ਨਾਂਹਿ ਤ ਸਿੱਖ ਆਇ ਗਹਿ ਲੇਤਿ।'
ਪਿਖਤਿ ਪਹਾਰੀ ਤ੍ਰਾਸ ਪਾਇ ਕਰਿ
ਤਜਾਰੀ ਠਾਨੀ ਸ਼ੀਘ੍ਰ ਸੁਚੇਤ।
ਜ਼ੀਨ ਪਾਇ ਹਯ ਪਰ ਆਰੋਹੇ
ਗਮਨੇ ਸਨਮੁਖ ਅਪਨਿ ਨਿਕੇਤ।
ਬੁਰੀ ਭਈ ਉਰ ਅਧਿਕ ਬਿਸੂਰਤਿ
ਐਸੇ[1] ਲਖਯੋ ਨ ਗੁਰ ਕੋ ਭੇਤ ॥੧੨॥ [1]ਐਸੇ ਗੁਰੂ ਜੀ ਦਾ।
ਮਹਿਤ ਦੁਖਤਿ ਸਭਿ ਮਾਰਗ ਉਲੰਘੇ
ਜਿਨ ਕੇ ਲਗੀ ਚੋਟ ਤਨ ਮਾਂਹਿ।
ਇਤ ਸਤਿਗੁਰ ਸਭਿ ਤਜਾਰੀ ਕੀਨਸਿ
ਰਣ ਸਾਮ੍ਰਿੱਗੀ ਦੇ ਭਟ ਪਾਹਿ।
ਗੁਲਕਾਂ ਬਹੁ ਬਰੂਦ ਬਰਤਾਈ
ਤੋਮਰ ਤਰਕਸ਼ ਧਮੁਖ ਉਮਾਹਿ।
ਕਰਹਿਂ ਪ੍ਰਤੀਖਨਿ ਪਰੈ ਜੰਗ ਅਬਿ,
ਲਰਹਿਂ ਰਿਪੁਨ ਗਨ ਮਿਟਵਹਿਂ ਨਾਂਹਿ
॥੧੩॥
ਕਿਤਿਕ ਮਸੰਦ ਬਿਲੰਦ ਤ੍ਰਾਸ ਧਰਿ
ਸ਼੍ਰੀ ਗੁਜਰੀ ਕੇ ਨਿਕਟ ਸਿਧਾਇ।
ਸਕਲ ਬ੍ਰਿਤੰਤ ਸੁਨਾਵਨਿ ਕੀਨਸਿ
'ਗਿਰਪਤਿ ਸਾਰਾ ਪ੍ਰੋਹਤ ਆਇ[1]। [1]ਰਾਜੇ ਦਾ ਸਾਲਾ ਤੇ ਪ੍ਰੋਹਤ ਆਏ ਸਨ।
ਦਈ ਉਤਾਰਿ ਆਬਰੋ ਤਿਨ ਕੀ
ਬਹੁਰ ਬਹੋਰੇ ਨਹਿਂ ਕਿਨ ਜਾਇ[1]। [1]ਕਿਸੇ ਨੇ ਜਾਕੇ ਫਿਰ ਮੋੜੇ ਨਹੀਂ।
ਰਿਸਹਿ ਰਾਵ ਅਬਿ ਚਮੂੰ ਪਠਾਵੈ

ਪਰਹਿ ਜੰਗ ਇਮ ਕਲਹਿ ਉਠਾਇ
॥੧੪॥
ਨਾਹਕ ਬਡ ਉਤਪਾਤ ਉਠਾਵਹਿਂ
ਕਹਿਬੋ ਨਹਿਂ ਮਾਨਹਿਂ[1] ਕਿਸ ਕੇਰ।
ਮਾਰ ਬਕਾਰਾ ਦਿਨ ਪ੍ਰਤਿ ਦੀਰਘ
-ਲਵਪੁਰ ਕੋ ਲੂਟਹਿਂ ਬਨਿ ਦੇਰ।
ਹਤਹਿਂ ਤੁਰਕ ਗਨ ਫਤੇ ਲੇਹਿਂ ਸੋ
ਦੇਂ ਨਿਜ ਸਿੱਖਨਿ ਰਾਜ ਬਡੇਰ।
ਰੌਰ ਪਸ਼ੌਰ ਦੌਰ ਕਰਿ ਘਾਲਹਿਂ
ਪੁਰਿ ਮੁਲਤਾਨ ਆਦਿ ਕਰਿ ਜ਼ੇਰ[1]-
॥੧੫॥
ਅਪਰ ਕਹਾਂ ਲਗਿ ਕਰਹਿਂ ਸੁਨਾਵਨਿ
ਇੱਤਯਾਦਿਕ ਨਿਤ ਬਾਕ ਸੁਨਾਇਂ।
ਉਤ ਚਵਗੱਤਾ ਦੋਖੀ ਦੀਰਘ
ਜੇ ਕਰਿ ਬਚ ਇਨ ਕੇ ਸੁਨਿ ਪਾਇਂ।
ਬਿਗਰਜੋ ਬਡੇ ਗੁਰਨ ਸੋਂ ਅਤਿਸ਼ੈ
ਸਭਿ ਜਹਾਨ ਕੋ ਸ਼ਾਹਿ ਸੁਹਾਇ।
ਇਤ, ਗਿਰਪਤਿ ਦ੍ਰੋਹੀ ਬਲਵੰਤੇ
ਬਸਨਿ ਆਪ ਕੋ ਹੁਇ ਕਿਤ ਥਾਇਂ?
॥੧੬॥
ਬਿਨਾ ਜੰਗ ਤੇ ਅਪਰ ਪ੍ਰਸੰਗ ਨ,
ਅਬਿ ਲੌਂ ਪਿਖਜੋ ਨ ਜਥਾ ਕਰਾਲ[1]।
ਬੈਸ ਨਵੀਨ ਸ਼ਸਤ੍ਰ ਪੁਨ ਧਾਰਹਿਂ
ਕਰਹਿਂ ਅਖੇਰ ਅਪਰ ਨਹਿਂ ਖਜਾਲ।
ਭੀਮਚੰਦ ਕੀ ਚਮੂੰ ਬਡੇਰੀ
ਆਈ ਲਖਹੁ ਨ ਕਰਿ ਹੈ ਟਾਲ।
ਕਰਹੁ ਮਾਤ ਸਮੁਝਾਵਨਿ ਸੁਤ ਕੋ
ਅਬਿ ਭੀ ਮਾਨਵ ਪਠਹਿਂ ਬਿਸਾਲ
॥੧੭॥
ਸੰਧਿ ਸੁਧਾਰਹੁ[1], ਜੁੱਧ ਨਿਵਾਹਰੁ,
ਬੁੱਧਿ ਬਿਚਾਰਹੁ, ਕ੍ਰੋਧ ਮਿਟਾਇ।'
ਸੁਨਿ ਜਨਨੀ ਉਰ ਧੀਰਜ ਛੋਰਾ,

[1]ਨਹੀਂ ਮੰਨਦੇ (ਗੁਰੂ ਜੀ)।

[1]ਕਰਾਂਗੇ ਅਧੀਨ।

[1]ਜਿਸ ਤਰ੍ਹਾਂ ਦਾ ਭਯਾਨਕ (ਜੰਗ ਹੁੰਦਾ ਹੈ)।

[1]ਮੇਲ ਕਰਹੁ।

ਗਈ ਸੁਪੱਤ੍ਰ ਨਿਕਟ ਉਤਲਾਇ।
ਬੈਠਿ ਕਹਨਿ ਲਾਗੀ 'ਸੁਤ ! ਸੁਨੀਏ
ਕਿਮ ਚਾਹਹੁ ਤੁਮ ਕਲਹਿ ਉਪਾਇ?
ਜਿਸ ਮੈਂ ਮਹਿਦ ਬਿਖਾਦ ਉਠੇ ਤੇ
ਸਾਰੋ ਜਗਤ ਸ਼ੱਤ੍ਰ ਬਨਿ ਜਾਇ ॥੧੮॥
ਚਹੁੰਦਿਸ਼ਿ ਤੇ ਸਿਖ ਆਇੰ ਕਸ਼ਟ ਲਹਿੰ
ਪੁਰਿ ਮਹਿੰ ਜ਼ੋਰ ਪਹਾਰੀ ਪਾਇੰ।
ਮਰਹਿੰ ਮਨੁਜ ਸਮੁਦਾਇ ਜੰਗ ਮਹਿੰ,
ਕੋ ਦਲ ਗਨ[1] ਰਾਖਹਿ ਅਟਕਾਇ।

[1]ਕੌਣ (ਵੈਰੀ ਦੀ) ਸਮੂਹ ਸੈਨਾ ਨੂੰ।

ਜ਼ਰ ਖਰੀਦ ਇਹ ਨਗਰ ਬਸਾਯੋ
ਤਜਾਗੇ[1] ਕਹਾਂ ਬਸਹਿੰ ਪੁਨ ਜਾਇ।

[1]ਛੋੜਕੇ।

ਰਾਜਨਿ ਢਿਗ ਹੈ ਰਾਜ ਦੇਸ਼ ਕੋ
ਚਹੈਂ ਜਿਤਿਕ ਲੇਂ ਚਮੂੰ ਬਧਾਇ ॥੧੯॥
ਨੰਦ ਚੰਦ ਕੈ ਅਪਰ ਮਸੰਦਨਿ
ਭੀਮਚੰਦ ਕੇ ਭੇਜਹੁ ਤੀਰ।
ਸ਼ਾਂਤਿ ਕਲਹਿ ਕੋ ਸੋ ਕਰਿ ਦੇਵਹਿੰ
ਨਾਂਹਿ ਤ ਚਢਿ ਆਵਹਿੰ ਬਹੁ ਬੀਰ।
ਸਕਲ ਜਗਤ ਜੁਤਿ ਨ੍ਰਿਪ ਤੁਮ ਪੂਜਹਿੰ
ਚਹਹਿ ਕਾਮਨਾ ਪਹੁੰਚਹਿੰ ਤੀਰ।
ਸੁਖਦਾਈ ਤੁਮ ਸਭਿ ਕੇ ਬਨੀਅਹਿ
ਬੈਠਹੁ ਗਾਦੀ ਪਰ ਹੁਇ ਧੀਰ' ॥੨੦॥
ਸੁਨਿ ਜਨਨੀ ਤੇ ਸ਼੍ਰੀ ਕਲਗ਼ੀਧਰ
'ਕਹਜੋ ਨ ਹਮ ਉਤਪਾਤਿ ਉਠਾਇੰ।
ਕਰਿ ਹੰਕਾਰ ਮੂਢ ਨਰ ਭੇਜਹਿ
ਕਪਟ ਅਨਿਕ ਕੀ ਬਾਤ ਬਨਾਇ।
ਬਕਰੀ ਮੁਖਾ ਹੋਇ ਕਰਿ ਜਾਚਤਿ
ਲੇ ਪੁਨ ਸਿੰਘ ਮੁਖਾ ਹੁਇ ਜਾਇ[1]।

[1]ਭਾਵ ਬਕਰੀ ਵਾਂਗ ਦੀਨ ਹੋਕੇ ਮੰਗਦਾ ਹੈ ਤੇ ਲੈ ਕਰਕੇ ਫਿਰ (ਦੇਣ ਵੇਲੇ ਹੰਕਾਰੀ) ਸ਼ੇਰ ਵਤ ਹੋ ਜਾਵੇਗਾ।

ਕਜੋ ਤਿਸ ਕੇ ਛਲ ਮਹਿੰ ਹਮ ਆਵਹਿੰ,
ਪ੍ਰਥਮ ਸਮਝ ਕਰਿ ਦਯੋ ਬੁਝਾਇ[1] ॥੨੧॥

[1]ਪਹਿਲੇ (ਹੀ ਅਸਾਂ) ਸਮਝ ਲਿਆ ਸੀ ਤੇ ਸਮਝਾ ਦਿਤਾ ਸੀ।

ਪ੍ਰਜਾ ਹੋਇ ਕਰਿ ਬਸਹਿੰ ਨ ਤਿਸ ਕੇ

ਕਰਿ ਫਰੇਬ ਵਸਤੁ ਮੰਗਵਾਇ।
ਦੇ ਕਰਿ ਪਾਛੇ ਬਿਗਰਨਿ ਹੋਤੋ[1]
ਯਾਂ ਤੇ ਪੂਰਬ ਕਜੋਂ ਨ ਹਟਾਇੰ।
ਰਣ ਤੇ ਡਰਿ ਕਰਿ ਕਬਿ ਲੌ ਹਮ ਰਹਿੰ
ਜਿਸ ਹਿਤ ਸ੍ਰੀ ਅਸਕੇਤੁ ਪਠਾਇ[1]।
ਕਰਨੇ ਹੈਂ ਘਮਸਾਨ ਘਨੇਰੇ
ਜਗ ਮਹਿੰ ਕੇਤਿਕ ਦੁਸ਼ਟ ਖਪਾਇ ॥੨੨॥

[1]ਪਿੱਛੋਂ ਜੁ ਵਿਗਾੜ ਹੁੰਦਾ ਹੈ।

[1]ਜਿਸ ਲਈ ਸ੍ਰੀ ਅਕਾਲ ਪੁਰਖ ਨੇ (ਸਾਨੂੰ) ਭੇਜਿਆ ਹੈ।

ਰਚਹਿੰ ਅਨੀਤਿ ਮਹੀਪਤਿ ਜੇਤਿਕ,
ਸਭਿ ਕੋ ਦੈ ਹੈਂ ਮੂਲ ਉਖੇਰਿ।
ਨਿਜ ਸਿੱਖਨਿ ਕੋ ਅਵਨੀ ਬਖਸ਼ਹਿੰ
ਹੋਇ ਪ੍ਰਤਾਪ ਗੁਰਨਿ ਕੋ ਫੇਰ।
ਸੈਨ ਮਹਾਨ ਆਨਿ ਰਨ ਠਾਠਹਿੰ
ਲਰਿ ਕਰਿ ਕਰਹਿੰ ਲਥੇਰ ਪਥੇਰ।
ਹੁਕਮ ਅਕਾਲ ਪੁਰਖ ਕੋ ਜਿਮ ਹੈ
ਬਰਤਹਿੰਗੇ ਤਿਮ ਬਨਹਿ ਨ ਦੇਰ ॥੨੩॥
ਡਰਤਿ ਬਿਲੰਦ ਮਸੰਦ ਭੀਰੁ ਬਡ,
ਤਿਨ ਕੋ ਮਤਿ ਅਬਿ ਧਰਹਿੰ ਨ ਕੋਇ।
ਪ੍ਰਥਮ ਨ ਛੇਰਹਿੰ, ਚਹਿਤਿ ਨ ਫੇਰਹਿੰ,
ਪ੍ਰੇਰਹਿ ਸੁਭਟ ਜੰਗ ਮਹਿੰ ਜੋਇ[1]।

[1]ਪਹਿਲੋਂ ਨਹੀਂ ਛੇੜਾਂਗੇ ਜੋ ਜੰਗ ਵਿਚ ਸੂਰਮੇਂ ਘੱਲੇਗਾ (ਤੇ ਜੰਗ) ਚਾਹੇਗਾ ਤਾਂ (ਅਸੀਂ ਲੜਨੋਂ ਮੂੰਹ) ਨਹੀਂ ਮੋੜਾਂਗੇ। (ਅ) ਨ ਫੇਰਹਿੰ = ਨਹੀਂ ਹਟਾਂਗੇ। (ੲ) ਦੇਖੋ ਤਾਂ ਸਹੀ ਜੰਗ ਵਿਚ ਸੂਰਮੇਂ ਭੇਜਦਾ ਕੌਣ ਹੈ।

ਕਜੋਂ ਧਰਿ ਤ੍ਰਾਸ ਤਜੀ ਉਰ ਧੀਰਜ
ਦੇਖਨਿ ਕਰਹੁ ਬ੍ਰਿਤੰਤ ਜੁ ਹੋਇ।
ਖੜਗ ਕੇਤੁ[1] ਸਭਿ ਆਛੀ ਕਰਿ ਹੈ
ਚਿੰਤਾ ਦੇਹੁ ਰਿਦੇ ਤੇ ਖੋਇ' ॥੨੪॥

[1]ਅਕਾਲ ਪੁਰਖ।

ਸੁਨਤਿ ਮਾਤ ਕਰਿ ਮੌਨ ਉਠੀ ਪੁਨ
ਪੀਛੇ ਸਤਿਗੁਰ ਸ਼ਸਤ੍ਰ ਮੰਗਾਇ।
ਸੁਭ ਸਥਾਨ ਉਚੇ ਧਰਿਵਾਵਹਿੰ
ਮਹਿਕਤਿ ਆਛੀ ਧੂਪ ਧੁਖਾਇ।
ਅਧਿਕ ਸੁਗੰਧਿਨਿ ਚੰਦਨ ਚਰਚਹਿੰ
ਅਨਿਕ ਰੰਗ ਕੇ ਪੁਸ਼ਪ ਚਢਾਇ।

ਗੁੰਦਤਿ ਮਾਲ ਬਿਸਾਲੀ ਅਰਪਹਿਂ
ਪੂਜਹਿਂ ਬਹੁ ਬਿਧਿ ਤੇ ਹਰਖਾਇ ॥੨੫॥

ਦੋਹਰਾ:

ਕਰਿ ਤਯਾਰੀ ਸੰਗ੍ਰਾਮ ਕੀ, ਦੇਂ ਸੁਭਟਨ ਉਤਸਾਹਿ।
ਕਥਾ ਅਨੰਦਪੁਰਿ ਕੇ ਬਿਖੈ, ਇਮ ਹੋਈ, ਬਲਮਾਂਹਿ[1] ! ॥੨੬॥

[1]ਹੇ ਮੇਰੇ ਪਿਆਰੇ [ਹਿੰਦੀ, ਬੱਲਮ। ਸੰਸ. ਵੱਲਭ]। (ਅ) ਬਲ ਵਿਚ (ਉਦਯਤ ਹੋਣ ਦੀ)।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਸੰਗ੍ਰਾਮ' ਪ੍ਰਸੰਗ ਬਰਨਨੰ ਨਾਮ ਚਤਵਾਰਿੰਸਤੀ ਅੰਸੂ ॥੪੦॥

੪੧. [ਕੱਠੇ ਹੋ ਕੇ ਸਾਰੇ ਰਾਜਿਆਂ ਸਲਾਹ ਕਰਨੀ]

੪੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੨

ਦੋਹਰਾ:

ਗਯੋ ਕੇਸਰੀ ਚੰਦ ਤਬਿ, ਪੰਮਾ ਜਿਸ ਕੇ ਸਾਥ।
ਜਨੁ ਲੂਟਜੋ ਬਣੀਓ ਕਿਨੈ, ਝੁਰਤਿ ਜਾਤਿ ਧੁਨਿ ਮਾਥ ॥੧॥

ਨਿਸ਼ਾਨੀ ਛੰਦ:

ਨਿਜ ਰਜਧਾਨੀ ਨਗਰ ਮਹਿਂ, ਪਹੁਚੇ ਸਹਿਸਾਈ।
ਉਤਰਿ ਤੁਰੰਗਨਿ ਤੇ ਗਏ, ਬੈਠਜੋ ਜਹਿਂ ਰਾਈ।
ਪਗਿਯਾ ਪਟਕੀ[1] ਅੱਗ੍ਰ ਤਬਿ, ਦ੍ਰਿਗ ਅੱਸ੍ਰੂ ਛੋਰੇ।
'ਸਭਿ ਰਾਜਨ ਮਹਿਂ ਪਤਿ ਗਈ, ਪਠਿ ਕਰਿ ਗੁਰ ਓਰੇ ॥੨॥

[1]ਪਟਕਾ ਕੇ ਸੁੱਟੀ।

ਤਿਸ ਤੇ ਜਾਚਤਿ ਵਸਤੁ ਕੋ, ਛਿਤ ਛਿੱਪ੍ਰ ਜੁ ਛੀਨੇ[1]।
ਕਰਹਿਂ ਅਰਾਦਾ ਰਾਜ ਕੋ, ਬਲ ਕਰਿ ਮਦ ਭੀਨੇ।
ਲਾਤਨਿ ਮੁਸ਼ਟਨਿ ਕੂਟ ਕਰਿ, ਹਮ ਵਹਿਰ ਨਿਕਾਰੇ।
ਹਸਹਿਂ ਅਨੰਦ ਪੁਰਿ ਕੇਰ ਨਰ, -ਨ੍ਰਿਪਕੇ ਜਨ ਮਾਰੇ[1]- ॥੩॥

[1]ਛੇਤੀ ਹੀ ਧਰਤੀ ਜੋ ਖੋਹਣ ਨੂੰ (ਤਿਆਰ ਹੈ)।

[1]ਰਾਜੇ ਦੇ ਦਾਸ ਕੁਟੇ।

ਜਾਵਦ ਕਰਿ ਕੈ ਜੰਗ ਕੋ, ਨਹਿਂ ਵਹਿਰ ਨਿਕਾਸੇ।
ਤਾਵਦ ਥਿਰੇ ਨਿਚਿੰਤ ਹੁਇ, ਕਿਸ ਕੇ ਭਰਵਾਸੇ।
ਕਰਿ[1] ਸਮਾਜ ਸੰਗ੍ਰਾਮ ਕੋ, ਦਿਨ ਪ੍ਰਤਿ ਬਨਿ ਗਾਢੇ।
ਜੇ ਨ ਕਰਹੁ ਉਪਚਾਰ ਕੁਛ, ਤੁਮ ਕੋ ਪੁਰਿ ਕਾਢੇ[1]' ॥੪॥

[1]ਕਰਦੇ ਹਨ (ਗੁਰੂ ਜੀ)।

[1]ਤੁਹਾਨੂੰ (ਬਿਲਾਸ ਪੁਰ) ਸ਼ਹਿਰੋਂ ਕੱਢੇਗਾ।

ਭੀਮਚੰਦ ਕਰਿ ਕੋਪ ਕੋ, 'ਕੈਸੇ ਸਭਿ ਹੋਈ।
ਮਿਲੇ ਕਿ ਨਹਿਂ[†], ਬੋਲੇ ਕਿ ਨਹਿਂ?

[†]ਪਾ:-ਮਿਲਕੇ ਨਹਿ।

ਕਹੀਅਹਿ ਸਭਿ ਹੋਈ।
ਅਸ ਬਿਗਾਰ ਕਿਸ ਬਿਧਿ ਭਯੋ, ਮਾਰਨ ਲਗਿ ਬਾਤੀ[1]।
ਕਰਹੁ ਸੁਨਾਵਨਿ ਛੋਰ ਤੇ, ਬੀਤੀ ਜਿਸ ਭਾਂਤੀ' ॥੫॥

[1]ਮਾਰਨ ਤਕ ਨੌਬਤ ਪਹੁੰਚ ਗਈ।

ਸੁਨਿ ਪ੍ਰੋਹਿਤ ਪੰਮੇ ਕਹੀ, 'ਹਮ ਕੀਨਿ ਬਡਾਈ।
ਜਾਚੀ ਚਾਰਹੁੰ ਵਸਤੁ ਜਬਿ, ਨਹਿਂ ਗਿਰਾ ਅਲਾਈ।
ਦੇਨਿ ਕਹੇ ਜਬਿ ਰਜਤਪਣ, ਸੁਨਿ ਕਰਿ ਉਰ ਕ੍ਰੋਧਾ।
ਕਰੇ ਉਠਾਵਨਿ ਪਾਸ ਤੇ, ਪ੍ਰੇਰਨ ਕਰਿ ਜੋਧਾ ॥੬॥
ਡੇਰੇ ਲਗੌਂ ਧਕੇਲਤੇ, ਪੁਰਿ ਵਹਿਰ ਨਿਕਾਸੇ।
ਹਮਰੋ ਚਲਜੋ ਨ ਬਸ ਕਛੂ, ਆਏ ਤੁਮ ਪਾਸੇ।
ਜੇ ਨ ਤਦਾਰਕ[1] ਅਬਿ ਕਰਹੁ, ਸੈਨਾ ਨ ਚਢਾਵੋ।

[1]ਰੋਕਣ ਦਾ ਬੰਦੋਬਸਤ (ਅ) ਦੰਡ।

ਤੌ ਗੁਰ ਕਜਾ ਜਾਨਹਿ ਤੁਮਹਿਂ, ਰਨ ਮਹਿਂ ਨ ਪਲਾਵੌਂ[1] ॥੭॥

[1]ਜੇ ਰਣ ਵਿਚ ਹਾਰ ਨਹੀਂ ਦਿੰਦੇ (ਸ੍ਰੀ ਗੁਰੂ ਜੀ ਨੂੰ)।

ਪਾਇ ਜ਼ੋਰ ਆਨੰਦ ਪੁਰੇ, ਪੁਰਿ ਵਹਿਰ ਨਿਕਾਰੋ।
ਬਹੁਰ ਬਸਾਵਹੁ ਜੇ ਬਸੈ, ਕਰਿ ਨਿਜ ਅਨੁਸਾਰੋ।'
ਸੁਨਤਿ ਕੁਪਜੋ ਤਬਿ ਸੈਲਪਤਿ, ਪਾਤੀ ਲਿਖਵਾਈ।
'ਬਸਜੋ ਚਹੈਂ ਜਿ ਅਨੰਦ ਪੁਰਿ, ਦਿਹੁ ਦੁਰਦ ਪਠਾਈ ॥੮॥
ਨਤੁਰ ਨਗਾਰਾ ਛੀਨਿ ਕੈ, ਪੁਰਿ ਵਹਿਰ ਨਿਕਾਰੌਂ।
ਕਰਹਿਂ ਜਿ ਲਰਿਬੇ ਹੇਤੁ ਅਬਿ, ਸਗਰੇ

ਸਿਖ ਮਾਰੌਂ।
ਪਕਰਿ ਕੈਦ ਕਰਿ ਰਾਖਿਹੌਂ, ਨਤੁ ਜੰਗ ਸੰਘਾਰੌਂ।
ਅਬਿ ਲੌ ਮੈਂ ਟਾਰਾ ਕਰਜੋ, ਗੁਰਤਾ ਸੁ ਬਿਚਾਰੌਂ ॥ ੯ ॥
ਭਲੇ ਖਿਲਾਊਂ ਤੋਹਿ ਕੋ, ਬਿਚ ਦੂਨ ਅਖੇਰਾ।
ਆਈ ਜਾਨਹੁ ਸੈਨ ਮਮ, ਹੇਰੌਂ ਬਲ ਤੇਰਾ।
ਕੂਚ ਕਰਹੁ ਮਮ ਦੇਸ਼ ਤੇ, ਕੈ ਦੀਜੈ ਹਾਥੀ।
ਨਤੁ ਸ਼ਸਤ੍ਰਨ ਕੋ ਮੇਲ ਹ੍ਵੈ, ਕੋ ਕਰਿ ਲਿਹੁ ਸਾਥੀ' ॥ ੧੦ ॥
ਜ਼ੋਰ ਸ਼ੋਰ ਇੱਤਜਾਦਿ ਕੋ, ਲਿਖਿ ਤੁਰਤ ਪਠਾਏ।
ਪੀਛੇ ਅਪਨੀ ਮਦਤਿ ਹਿਤ, ਜਿਤ ਕਿਤਹਿ ਬੁਲਾਏ।
ਮੰਡੀ ਨਗਰ ਸੁਕੇਤ ਕੇ, ਸੈਨਾ ਜਸੁਵਾਲੇ[1]।
ਨਿਕਟ ਕਟੋਚੀ ਕੋ ਲਿਖਜੋ, 'ਆਵਹੁ ਬਲਵਾਲੇ !' ॥ ੧੧ ॥
ਪੁਰੀ ਦੜੌਲਦ ਭੇਜਿ ਕੈ, 'ਪਹੁੰਚਹੁ ਰਣ ਕਾਜਾ।'
ਹਰੀਚੰਦ ਕੋ ਬਹੁ ਲਿਖਜੋ, 'ਇਹ ਸਭਿ ਕੀ ਲਾਜਾ।
ਗ੍ਰਾਮਨਿ ਛੇਰ[1] ਇਕੱਤ੍ਰ ਕਰਿ, ਜੇਤਿਕ ਜਹਿਂ ਹੋਈ।
ਪਹੁੰਚਹੁ ਤੁਰਤ ਸਮੀਪ ਮਮ, ਹਿਤ ਕਾਰਜ ਜੋਈ' ॥ ੧੨ ॥
ਇਮ ਹਕਾਰਿ ਸਗਰੇਨਿ ਕੋ[1], ਗਨ ਸੈਨ ਬਟੋਰੀ।
ਭਏ ਇਕੱਤ੍ਰ ਪਹਾਰੀਏ, ਭਰਿ ਸ਼ਲਖੈਂ ਛੋਰੀ।
ਇਤ ਕਾਗਦ ਆਨੰਦਪੁਰਿ, ਪਹੁੰਚਜੋ ਜਬਿ ਆਈ।

[1]ਜਸੋ ਵਾਲੀਏ ਰਾਜੇ ਨੂੰ।

[1]ਪਿੰਡਾਂ ਤੋਂ ਹੁਕਮਨ ਯਾ ਵੰਗਾਰ ਕੇ ਮੰਗਾਈ ਮਨੁੱਖਾਂ ਦੀ ਭੀੜ।

[1]ਸਾਰਿਆਂ ਨੂੰ।

ਸੁਧਿ ਹਜ਼ੂਰ ਪਹੁੰਚੀ ਤਬਹਿ[1], ਨ੍ਰਿਪ ਪੱਤ੍ਰਿ ਪਠਾਈ ॥ ੧੩ ॥

[1]ਕਰੜਾ ਲਿਖਿਆ ਸੀ।

ਨਿਕਟ ਅਨਾਇ ਬਿਠਾਇ ਕਰਿ, ਸਭਿ ਸਭਾ ਮਝਾਰਾ।
ਸੁਨਜੋਂ ਹੰਕਾਰੀ ਕੋ ਸਕਲ, ਜੋ ਲਿਖਜੋ ਕਰਾਰਾ[1]।

[1]ਹੁਕਮ ਜਾਰੀ ਹੋਇਆ ਭਾਵ ਫੌਜਾਂ ਭਰਤੀ ਕਰਨੀਆਂ ਆਰੰਭੀਆਂ।

'ਦਿਹੁ ਹਾਥੀ ਕੈ ਨਿਕਸੀਏ, ਨਤੁ ਲਿਹੁ ਸੰਗ੍ਰਾਮਾ।'
ਸੁਣਿ ਕਲਗੀਧਰ ਰਿਸ ਭਰੇ, 'ਹਮਰੋ ਰਣ ਕਾਮਾ ॥ ੧੪ ॥
ਜਾਚਹਿਂ ਗੁਰ ਘਰ ਤੇ ਜਥਾ, ਪ੍ਰਾਪਤਿ ਹੁਇ ਸੋਈ।
ਨਹਿਂ ਗਜ, ਨਿਕਸਨਿ ਨਹਿਂ ਬਨਹਿ, ਲਿਹੁ ਤੀਸਰ ਜੋਈ।
ਨਹਿਂ ਕੁਛ ਹਮਰੇ ਬਿਲਮ ਹੈ, ਇਕ ਧਰੈਂ ਉਡੀਕਾ।
ਪੁਰਵਹਿਂ ਉਰ ਕੀ ਲਾਲਸਾ, ਕਰਿ ਕੈ ਰਣ ਨੀਕਾ' ॥ ੧੫ ॥
ਇਮ ਲਿਖਾਇ ਦੇ ਪੱਤ੍ਰਿਕਾ, ਦੇ ਤੁਰਤ ਪਠਾਵਾ।
ਨੰਦਚੰਦ ਕੇ ਸੰਗ ਕਹਿ, ਰਣ ਬਯੋਂਤ ਬਨਾਵਾ।
ਕਰੀ ਕਲਮ ਜਾਰੀ ਤਬਹਿ, ਗਨ ਰਖੇ ਸਿਪਾਹੀ।
ਸੁਨਿ ਸੁਨਿ ਆਵਹਿਂ ਸੈਂਕਰੇ, ਆਨੰਦਪੁਰਿ ਮਾਂਹੀ ॥ ੧੬ ॥
ਰਖਤਿ ਜਾਤਿ, ਚਿਹਰੇ ਲਿਖਹਿਂ[1], ਕਹਿਂ ਦਰਬ ਛਿਮਾਂਹੀ।

[1]ਹੁਲੀਆ ਲਿਖਣਾ ਜਿਸ ਤੋਂ ਪਛਾਣ ਹੋ ਸਕੇ।

ਪ੍ਰਿਥਕ ਪ੍ਰਿਥਕ ਗਨ ਜਥੇ ਕਰਿ, ਲਖਿ ਜੰਗ ਉਮਾਹੀ।
ਗੁਲਕਾਂ ਤਜਾਰ ਸਮੂਹ ਕਰਿ, ਢਾਰਹਿਂ ਸੁਨਿਆਰੇ।

ਬ੍ਰਿੰਦ ਬਰੂਦ ਬਨਾਵਹੀਂ, ਅਰੁ ਆਯੁਧ ਸਾਰੇ ॥੧੭॥
ਘਰਹਿਂ ਤੀਰ ਬਹੁ ਜਾਤਿ ਕੇ, ਗਨ ਆਇਂ[1] ਕਮਾਨਾ।
ਸੇਲੇ, ਭਾਲੇ, ਸਾਂਗ ਖਰ, ਅਰੁ ਤੁਪਕ ਮਹਾਨਾ।
ਮਾਰ ਬਕਾਰਾ ਸੂਰਮੇ, ਕਹਿ ਊਚ ਸੁਨਾਵੈਂ।
ਇਮ ਸਮਾਜ ਬਹੁ ਜੰਗ ਕੋ, ਸਤਿਗੁਰੂ ਬਨਾਵੈਂ ॥੧੮॥
ਉਤ ਰਾਜੇ ਗਿਰਪਤਿ ਕਿਤਿਕ, ਮਿਲਿ ਮਤਾ ਪਕਾਯੋ।
ਗੁਰ ਤੇ ਕਾਗਦ ਜਬਿ ਗਯੋ, ਸਭਿਹੂੰਨਿ ਸੁਨਾਯੋ।
ਮਿਲਯੋ ਕ੍ਰਿਪਾਲ ਕਟੋਚੀਆ, ਸਭਿ ਸਭਾ ਮਝਾਰਾ।
ਕਰਨਿ ਜੰਗ ਅਰੁ ਮਿਟਿਨਿ ਕੋ, ਤਿਨ ਮੰਤ੍ਰ ਉਚਾਰਾ[1] ॥੧੯॥
'ਗੁਰੂ ਲਰਨਿ ਤੇ ਨਹਿਂ ਮਿਟਹਿ, ਮੈਂ ਉਰ ਨਿਰਧਾਰਯੋ।
ਬਿੱਪ੍ਰ ਕੇਸਰੀ ਚੰਦ ਕੋ, ਬਿਨ ਡਰ ਜਿਨ ਮਾਰਯੋ।
ਅਬਹਿ ਪੱਤ੍ਰਿਕਾ ਲਿਖਿ ਪਠੀ, ਸਭਿ ਪਰਹਿ ਲਖਾਈ।
ਮਿਲਹੁ ਬਿਚਾਰਹੁ ਆਪ ਮਹਿਂ, ਜਿਮ ਬਿਜੈ ਲਰਾਈ[1] ॥੨੦॥
ਸੈਨ ਸਕੇਲੀ ਘਨੀ ਗੁਰ, ਪੁਨ ਆਪਹਿ ਜੋਧਾ।
ਰਚਹਿ ਮਹਿਤ ਘਮਸਾਨ ਕੋ, ਠਾਨਹਿ ਮਨ ਕ੍ਰੋਧਾ।
ਅਪਨੇ ਘਰ ਮਹਿਂ ਬਜਾਹ ਸੁਤ, ਚਹੀਅਹਿ ਸੁਭ ਸ਼ਾਦੀ।
ਸਨਮੁਖ ਆਯੁਧ ਹਤਨਿ ਕੇ, ਕਬਿ

[1]ਆਈਆਂ (ਬਾਹਰੋਂ)।

[1]ਜੰਗ ਕਰਨ ਤੇ ਜੰਗ ਤੋਂ ਹਟ ਰਹਿਣ ਦੀ ਸਲਾਹ ਕਹੀ (ਫੈਦੇ ਕੁਫੈਦੇ ਦੋਹਾਂ ਦੇ ਦੱਸਕੇ)।

[1]ਜੰਗ ਫਤਹ ਹੋਵੇ।

[1]ਲੜਨ ਵਾਲਾ (ਵੈਰੀ)।

ਤਜਾਗਹਿ ਬਾਦੀ[1] ॥੨੧॥
ਮ੍ਰਿਤਕ ਸਬੰਧੀ ਹੋਇ ਕੋ, ਬਡ ਸ਼ੋਕ ਉਪੈ ਹੈ।
ਭਟ ਆਛੇ ਪਹੁੰਚੇ ਬਿਨਾ, ਰਣ ਕਵਨ ਕਰੈ ਹੈ।
ਪਠਹੁ ਛੇਰ ਜੇ ਲਰਨਿ ਕੋ, ਤਬਿ[1] ਪਾਇ ਪਰਾਜੈ।

[1]ਜੇ ਗ੍ਰਾਮਾਂ ਦੀ (ਨਿਰੀ) ਛੇੜ ਲੜਨ ਲਈ ਭੇਜੋ ਤਾਂ...।

ਸਰਜੋ ਕੌਨ ਕਾਰਜ ਲਖਹੁ, ਲੇਂ ਸ਼ੱਤ੍ਰੂ ਸਮਾਜੈ[1] ॥੨੨॥

[1]ਸ਼ੱਤ੍ਰੂ ਸਾਰੇ ਸਮਾਜ ਨੂੰ ਲੈ ਲਏਗਾ। (ਅ) ਸ਼ੱਤ੍ਰੂ ਨੂੰ ਜੇ ਦਾ ਸਮਾਂ ਮਿਲ ਜਾਏਗਾ।

ਯਾਂ ਤੇ ਰਿਦੇ ਬਿਚਾਰੀਯੇ, ਰਣ ਨਾਂਹਿਨ ਆਛੋ।
ਜੇ ਲਰਿਬੇ ਕੋ ਚਹਿਤਿ ਹਹੁ, ਸੁਤ ਬਜਾਹ ਨ ਬਾਂਛੋ।
ਦੋਨਹੁੰ ਮੈਂ ਇਕ ਕੋ ਕਰਹੁ, ਇਹ ਮਤਿ ਹੈ ਮੇਰਾ।
ਸ਼ਾਦੀ ਮਹਿਂ ਕੁਛ ਗ਼ਮੀ ਹੁਇ, ਇਮ ਨਹੀਂ ਅਛੇਰਾ' ॥੨੩॥
ਭੀਮਚੰਦ ਕੋ ਸਚਿਵ ਸੁਨਿ, ਬੋਲਜੋ ਸਭਿ ਮਾਂਹੀ।
'ਗੁਰ ਸੋਂ ਨਾਹਕ ਬੈਰ ਰਚਿ, ਸਾਰਜੋ ਕੁਛ ਨਾਂਹੀ।
ਲਰਤਜੋਂ ਸੰਸੈ ਬਿਜੈ ਮਹਿਂ[1], ਨਿਸ਼ਚੈ ਕਿਸ ਨਾਂਹੀ।

[1]ਜੀਤ ਵਿਚ ਸੰਸਾ ਹੈ।

ਕੋ ਜਾਨੈ ਕੋ ਪਾਇ ਹੈ, ਸਮਝਹੁ ਮਨ ਮਾਂਹੀ ॥੨੪॥
ਉਤਸਵ ਦੀਰਘ ਬਜਾਹ ਕੋ, ਨਹਿਂ ਕੀਜਹਿ ਮੰਦਾ[1]।

[1]ਭਾਵ ਸ਼ਾਦੀ ਨੂੰ ਗਮੀ ਨਾ ਬਨਾਓ।

ਪ੍ਰਥਮ ਕਰਹੁ[1] ਪੀਛੇ ਲਰਹੁ, ਜੇ ਚਾਹਿ ਬਿਲੰਦਾ।'

[1]ਪਹਿਲਾਂ (ਵਿਆਹ) ਕਰੋ।

ਭੀਮਚੰਦ ਸੁਨਿ ਮੌਨ ਭਾ, ਕੁਛ ਆਇ ਨ ਬਾਨੀ।
-ਉਤ ਸਤਿਗੁਰ ਪ੍ਰਬਲ ਪਰਹਿ, ਇਤ

[1]ਭਾਵ ਉਧਰ ਸਤਿਗੁਰੂ ਜ਼ੋਰਾਵਰ ਪੈਂਦਾ ਹੈ ਤੇ ਇਧਰ

ਬਜਾਹ ਪ੍ਰਹਾਨੀ[1]- ॥੨੫॥
ਚਿੰਤਾ ਬਸਿ ਹੁਇ ਸਭਿ ਉਠੇ, ਠਹਿਰਾਇ ਨ ਠੀਕਾ।
ਜਬਿ ਗਮਨਜੋ ਰਣਵਾਸ ਮਹਿਂ, ਕਰਿ ਕੈ ਮੁਖ ਫੀਕਾ।
ਰਾਨੀ ਸਮੁਝਾਵਨਿ ਲਗੀ, 'ਅਬਿ ਤਜਹੁ ਲਰਾਈ।
ਪੂਰਬ ਸ਼ਾਦੀ ਪੁੱਤ੍ਰ ਕੀ, ਦਿਹੁ ਬਿਘਨ ਮਿਟਾਈ ॥੨੬॥
ਤੁਮ ਸਜਾਨੇ ਮਤਿਵਾਨ ਹੋ, ਤਜਿ ਦੇਹੁ ਬਖੇਰਾ।
ਅਬਿ ਲਰਿਬੇ ਕੋ ਸਮੋ ਨਹਿਂ, ਮਾਨਹੁ ਬਚ ਮੇਰਾ।'
-ਇਤ ਬਰਜਤਿ ਸ਼ੁਭ ਮਤਿ ਜਿਨਹੁਂ, ਉਤ ਗੁਰ ਅਧਿਕਾਈ[1]-।
ਭੀਮਚੰਦ ਗਿਨਤੀ ਗਿਨਤਿ, ਨਿਸ਼ਚੈ ਨਹਿਂ ਪਾਈ ॥੨੭॥
ਉਠਿ ਪ੍ਰਭਾਤਿ ਕੋ ਸੌਚ ਕਰਿ, ਸਭਿ ਸਭਾ ਬੁਲਾਏ।
ਜੇ ਠਾਕੁਰ ਗਿਰਪਤਿ[1] ਹੁਤੇ, ਚਲਿ ਕੈ ਤਹਿਂ ਆਏ।
ਕਰਜੋ ਫਿਕਰ ਕੋ ਜ਼ਿਕਰ[1] ਤਬਿ, ਸੰਸੈ ਉਰ ਐਸੇ।
'ਲਰੇ ਬਿਨਾ ਬਨਿ ਹੀਨਤਾ[1], ਸਹਿ ਸਕੌਂ ਨ ਕੈਸੇ ॥੨੮॥
ਦੇਸ਼ ਹਮਾਰੇ ਮਹਿਂ ਬਸੈ, ਨਿਤ ਦੂਣ ਬਿਹਾਰੈ।
ਮਨ ਭਾਵਤਿ ਕਰਿ ਜਾਤਿ ਹੈ, ਗਨ ਕ੍ਰਿਖੀ ਬਿਗਾਰੈ।
ਇਕ ਤੌਂ ਜਾਚੀ ਬਸਤੁ ਜੋ, ਹਮ ਬਜਾਹ ਮਝਾਰੀ।
ਪਰੇ ਕਾਮ ਸਭਿ ਲੇਤਿ ਹੈਂ[1], ਇਹ ਜਗ

ਵਿਆਹ ਵਿਚ ਵਿਘਨ ਪੈਂਦਾ ਹੈ।

[1]ਭੀਮਚੰਦ ਸੋਚਦਾ ਹੈ) ਕਿ ਇਧਰ ਤਾਂ ਸਿਆਣੇ (ਮੈਨੂੰ) ਵਰਜਦੇ ਹਨ ਤੇ ਉਧਰ ਗੁਰੂ ਜੀ ਦਾ ਜ਼ੋਰ ਵਧਦਾ ਹੈ।

[1]ਰਾਜੇ ਪਹਾੜਾਂ ਦੇ ਮਾਲਕ।

[1]ਚਿੰਤਾ ਦੀ ਗਲ।

[1]ਹੀਣਤਾ ਬਣਦੀ ਹੈ।

[1]ਲੋੜ ਪੈਣ ਤੇ ਸਾਰੇ ਲੈਂਦੇ ਹਨ। [2]ਇਹ ਜਗਤ ਵਿਚ

ਮਹਿਂ ਕਾਰੀ[2] ॥੨੯॥

(ਪ੍ਰਸਿੱਧ) ਕਾਰ ਹੈ।

ਸੋ ਤੋ ਦੇਨੀ ਕਿਤ ਰਹੀ, ਜੋ ਲੇਨਿ ਪਠਾਏ।
ਤਿਨ ਕੋ ਕਰਿ ਅਪਮਾਨ ਬਹੁ, ਪੁਰਿ ਤੇ ਨਿਕਸਾਏ।
ਸੋ ਸੁਨਿ ਐਸੀ ਬਾਤ ਕੋ, ਜਰਤੀ[1] ਬਹੁ ਛਾਤੀ।

[1]ਸੜਦੀ (ਹੈ ਮੇਰੀ)।

ਚਿੰਤਾ ਸੋਂ ਦਿਨ ਗੁਜ਼ਰਤੋ, ਨਹਿਂ ਨੀਂਦ ਸੁ ਰਾਤੀ[†]' ॥੩੦॥

[†]ਇਹ ਦੋ ਤੁਕਾਂ ਬਾਜ਼ੇ ਲਿਖਤੀ ਨੁਸਖਿਆਂ ਵਿਚ ਨਹੀਂ ਹਨ ਤੇ ਅੰਕ ੩੦ ਦੇ ਦੋ ਹੀ ਚਰਨ ਦਿਤੇ ਹਨ।

ਚਤੁਰ ਕ੍ਰਿਪਾਲ ਕਟੋਚੀਆ, ਬਡ ਬੈਰ ਬਧਾਵਾ[1]।

[1]ਚਤੁਰ ਕ੍ਰਿਪਾਲ ਕਟੋਚੀਏ ਨੇ (ਗੁਰੂ ਜੀ ਨਾਲ ਭੀਮਚੰਦ ਦਾ) ਬੜਾ ਵੈਰ ਵਧਾ ਦਿਤਾ ਤੇ ਫਿਰ ਚਿਤ ਵਿਚ ਕਹਿੰਦਾ ਹੈ ਕਿ)।

-ਹਮ ਕੋ ਲੇ ਗੁਰ ਸੋਂ ਲਰਹਿ, ਇਹ ਹਮ ਨਹਿਂ ਭਾਵਾ[†]-।

[†]ਕਟੋਚੀਏ ਦੀ ਚਲਾਕੀ ਦੇਖੋ ਜਦ ਆਪ ਜੰਗ ਵਿਚ ਫਸਦਾ ਹੈ ਤਾਂ ਜੰਗ ਰੋਕਦਾ ਹੈ। ਚਾਹੁੰਦਾ ਹੈ ਕਿ ਇਹ ਆਪੋ ਵਿਚ ਲੜਨ ਤੇ ਮੈਂ ਲਾਂਭੇ ਰਹਾਂ, ਇਸ ਕਰਕੇ ਫਤਹਿ ਸ਼ਾਹ ਦੇ ਗਲ ਲੜਾਈ ਮੜ੍ਹਨ ਦੀ ਅੱਗੇ ਵਿਉਂਤ ਦੱਸੇਗਾ।

ਚਹਤਿ ਹਟਾਵਨਿ ਕੋ ਰਿਦੇ, ਕਹਿ ਸਭਾ ਮਝਾਰਾ।
'ਅਬਿ ਤੌਂ ਇਮ ਹੀ ਰਹਿਨਿ ਦਿਹੁ, ਛੇਰਹੁ ਨਹਿਂ ਰਾਰਾ ॥੩੧॥
ਰਚੀਅਹਿ ਉਤਸਵ ਬਜਾਹ ਕੋ, ਪੁਰਵਹੁ ਸਭਿ ਕਾਜਾ।
ਜਸੁ ਲਿਹੁ ਕੇ ਦਰਿ ਦਰਬ ਕੋ, ਮਿਲਿ ਹੈਂ ਗਨ ਰਾਜਾ।
ਤਹਾਂ ਮੰਤ੍ਰ[1] ਗਿਨ ਸਭਿਨਿ ਸੋਂ, ਕਰਿ ਲੇਹੁ ਸਹਾਈ।

[1]ਸਲਾਹ।

ਫਤੇਸ਼ਾਹ ਆਦਿਕ ਸਕਲ, ਜਿਮ ਦੇਹਿਂ ਬਤਾਈ ॥੩੨॥
ਸਖਾ ਸੰਬੰਧੀ ਕਿਤਿਕ ਪ੍ਰਿਯ, ਸਗਰੇ ਹਿਤਕਾਰੀ।
ਪੁਨ ਜਿਮ ਚਾਹੈਂ ਤਿਮ ਕਰਹਿਂ, ਹੁਇ ਦਲ ਬਲਭਾਰੀ।'
ਸੁਨਿ ਕ੍ਰਿਪਾਲ ਕੇ ਮੰਤ੍ਰ ਕੋ, ਸਭਿਹੂੰਨਿ ਸਰਾਹਾ।
'ਰਾਜਨੀਤਿ ਕੀ ਰੀਤਿ ਇਹ, ਮਾਨਹੁ ਮਨ

ਮਾਹਾ' ॥੩੩॥
ਕਹੇ ਸਭਿਨਿ ਕੇ ਕੋਪ ਕੌਂ, ਮਨ ਤੇ ਤਜਿ
ਦੀਨਾ।
ਭੀਮ ਚੰਦ ਮਾਨਜੋਂ ਕਹਜੋ, ਉੱਦਮ ਨਹਿਂ
ਕੀਨਾ।
ਫਸਜੋ ਬਜਾਹ ਕੇ ਕਾਜ ਮਹਿਂ ਬਹੁ ਮੇਲ
ਬੁਲਾਏ।
ਬ੍ਰਿੰਦ ਸੰਬੰਧੀ ਜਿਤ ਕਿਤਹੁਂ, ਉਤਲਾਵਤਿ
ਆਏ ॥੩੪॥
ਜੇਤਿਕ ਗਿਰਪਤਿ ਤਹਿਂ ਹੁਤੇ, ਨ੍ਰਿਪ ਕੇ
ਹਿਤਕਾਰੀ।
ਬਹੁਰ ਸਬੰਧੀ ਸਭਿ ਅਏ, ਸੈਨਾ ਸੰਗ
ਸਾਰੀ।
ਗੁਰ ਸੋਂ ਧਾਰਿ ਬਿਰੋਧ ਕੋ, ਦਿਢ ਮੂਰਖ
ਮਾਨੀ।
ਚਹਤਿ -ਲੇਉਂ ਪਲਟਾ ਪੁਨਹਿ, ਕਰਿ ਚਮੂੰ
ਮਹਾਨੀ- ॥੩੫॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਭੀਮਚੰਦ' ਪ੍ਰਸੰਗ ਬਰਨਨੰ ਨਾਮ ਏਕ ਚਤਵਾਰਿੰਸਤੀ ਅੰਸੂ ॥੪੧॥

੪੨. [ਮਾਤਾ ਜੀ ਨੂੰ ਸਮਝਾਉਣਾ]

੪੧<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੩

ਦੋਹਰਾ:

ਇਤਿ ਕਲਗ਼ੀਧਰ ਤਰੁਨ ਬਯ, ਸੁੰਦਰ ਰੂਪ ਸੁਹਾਇ।
ਜਬਿ ਤੇ ਪੰਮਾਂ ਕੇਸਰੀ, ਮਾਰਿ ਦਿਯੇ ਨਿਕਸਾਇ ॥ ੧ ॥

ਨਿਸ਼ਾਨੀ ਛੰਦ:

ਤਬਿ ਤੇ ਜੰਗ ਸਮਾਜ ਕੋ, ਅਧਿਕਾਇ ਵਧਾਵਹਿਂ।
ਤਜਾਰੀ ਸ਼ਸਤ੍ਰ ਤੁਰੰਗ ਕੀ, ਨੀਕੇ ਕਰਿਵਾਵਹਿਂ।
ਬਖਸ਼ਤਿ ਹੈਂ ਗਨ ਸੁਭਟ ਕੋ, ਬਹੁ ਦੇ ਉਤਸਾਹਾ।
ਛੁਟਹਿਂ ਤੁਫੰਗਨ ਕੀ ਸ਼ਲਖ, ਬਡ ਨਾਦ ਉਠਾਹਾ ॥ ੨ ॥
ਕਰਹਿਂ ਪ੍ਰਤੀਖਨ ਸ਼ੱਤ੍ਰ ਕੀ, ਜਿਮ ਪਾਹੁਨ ਆਵੈਂ[1]।
ਹਿਤ ਜ਼ਜਾਫਤ[1] ਤਜਾਰੀ ਕਰਤਿ, ਜੋ ਚਹੈ ਮੰਗਾਵੈਂ[2]।
ਤੇਗ਼ੇ ਘੇਵਰ, ਸਿਪਰ ਕੋ, ਬਨਵਾਇ ਰਕੇਬੀ[1]।
ਗੁਲਕਾਂ ਸ਼ੱਕਰਪਾਰੀਆਂ, ਗਨ ਕਰਿਹੈਂ ਦੈਬੀ[1] ॥ ੩ ॥
ਕਰਛੀ ਬ੍ਰਿੰਦ ਬੰਦੂਕ ਧਰਿ, ਪਰੁਸਹਿਂ[1] ਤਤਕਾਲਾ।
ਚਤੁਰ ਰਸੋਈਏ ਸੂਰਮੇ, ਧਰਿ ਸ਼ੀਘ੍ਰ ਬਿਸ਼ਾਲਾ[1]।
ਬਨਹਿਂ ਜਲੇਬ ਸ਼ਿਤਾਬ ਗਨ, ਖਰ ਖਪਰੇ ਭਾਲੇ[1]।
ਤ੍ਰਿਪਤਿ ਕਰਹਿਂ ਬਹੁ ਰਿਪੁਨ ਕੋ, ਹੁਇ ਰਹੇ ਉਤਾਲੇ ॥ ੪ ॥
ਪੰਚ ਦਿਵਸ ਬੀਤੇ ਜਬਹਿ, ਅਰਿ ਆਇ ਨ ਕੋਈ।

[1]ਜਿਵੇਂ ਪ੍ਰਾਹੁਣਿਆਂ ਨੇ ਆਉਣਾ ਹੁੰਦਾ ਹੈ।

[1]ਪ੍ਰਾਹੁਨਚਾਰੀ। [2]ਜੋ ਲੋੜੀਦਾ ਹੈ ਮੰਗਾਉਂਦੇ ਹਨ।

[1]ਢਾਲਾਂ ਰੂਪੀ ਰਕੇਬੀਆਂ ਬਣਵਾਉਂਦੇ ਹਨ।

[1]ਦੇਣਾ ਕਰਨਗੇ।

[1]ਪਰੋਸਣਗੇ।

[1]ਬੜੀ ਛੇਤੀ ਧਾਰਕੇ (ਪ੍ਰੋਸਣਗੇ)।

[1]ਤਿਖੇ ਬਾਨ ਤੇ ਨੇਜ਼ੇ।

ਸਤਿਗੁਰ ਚਢੇ ਅਖੇਰ ਕੋ, ਸੰਗ ਸੈਨਾ ਹੋਈ।
ਚਲੇ ਅਨੰਦਪੁਰਿ ਤੇ ਬਜਜੋ, ਰਣਜੀਤ ਨਗਾਰਾ।
ਜਹਾਂ ਗਿਰਨਿ ਕੀ ਕੰਦਰਾ, ਸਮ ਦੂਨ ਉਦਾਰਾ ॥੫॥
ਤਿਤ ਕੋ ਗਮਨੇ ਪੰਥ ਮਹਿਂ, ਰਜ ਗਗਨ ਚਢਾਈ[1]।
ਉਠੇ ਨਾਦ ਗਨ ਤੁਪਕ ਕੇ, ਜਨੁ ਮਚੀ ਲਰਾਈ।
ਚੀਤੇ, ਕੂਕਰ, ਬਾਜ ਲੇ, ਬਹਿਰੀ, ਸੀਚਾਨੇ।
ਕਾਨਨ ਮਹਿਂ ਬਿਚਰਤਿ ਪ੍ਰਭੂ, ਮ੍ਰਿਗ ਕੇਤਿਕ ਹਾਨੇ ॥੬॥
ਗਜ ਬਾਜੀ ਜੋਧੇ ਚਢੇ, ਪਿਖਿ ਕਰਹਿਂ ਅਖੇਰੇ।
ਮਨ ਭਾਵਤਿ ਫਿਰਿ ਬਿਪਨ ਮਹਿਂ, ਸ਼ੱਤ੍ਰੂ ਨਹਿਂ ਨੇਰੇ[1]।
ਬਹੁਰ ਅਨੰਦਪੁਰਿ ਕੋਹਟੇ, ਧੌਂਸਾ ਧੁੰਕਾਰੇ।
ਆਇ ਕੋਹੀਆ ਗਨ ਮਿਲੇ, ਕਰਿ ਭੇਟ ਅਗਾਰੇ[1] ॥੭॥
ਤਿਸ ਕੋ ਨਹਿਂ ਨੁਕਸਾਨ ਹੁਇ, ਜੋ ਸਨਮੁਖ ਜਾਹੀ[1]।
ਕ੍ਰਿਖੀ ਆਦਿ ਬਹੁ ਬਿਘਨ ਤਿਹਂ, ਜੋ ਆਇ ਨ ਪਾਹੀ[1]।
ਲਖਿ ਸੰਧਜਾ ਪਹੁੰਚੇ ਸਦਨ, ਉਤਰੇ ਸੁਖ ਪਾਏ।
ਜੋਧਾ ਨਿਜ ਨਿਜ ਮਿਸਲ ਮਹਿਂ[1], ਥਿਰ ਹੁਇ ਹਰਖਾਏ ॥੮॥
ਇਮ ਕੌਤਕ ਪਿਖਿ ਗੁਰੂ ਕੋ, ਜੇ ਅਧਿਕ ਮਸੰਦਾ।
ਤਪਤਿ ਰਿਦੇ ਨਹਿਂ ਸਹਿ ਸਕਹਿਂ,

[1]ਧੂੜ ਆਕਾਸ਼ ਚੜ੍ਹ ਗਈ।

[1]ਸ਼ੱਤਰੂ (ਪਹਾੜੀ) ਨੇੜੇ ਨਾ (ਦੇਖੇ)।

[1]ਪਹਾੜੀਆਂ ਦੇ ਸਮੂਹ ਅੱਗੋਂ ਭੇਟਾ ਲੈਕੇ ਆ ਮਿਲੇ।

[1]ਜੋ ਚਲਾ ਜਾਵੇ ਸਾਹਮਣੇ ਗੁਰੂ ਜੀ ਦੇ ਭਾਵ ਜੋ ਆ ਮਿਲੇ।

[1]ਜੋ ਪਾਸ ਨਹੀਂ ਆਉਂਦਾ। ਅਰਥਾਤ ਜੋ ਆਕੜਦਾ ਹੈ, ਭਾਵ ਇਹ ਹੈ ਕਿ ਘਾਹ ਪੱਠੇ ਰਸਦ ਆਦਿ ਮੁੱਲ ਲੈਕੇ ਦੇਣੋਂ ਨਾਂਹ ਕਰਦਾ ਹੈ।

[1]ਆਪੋ ਆਪਣੇ ਜੱਥੇ ਵਿੱਚ।

ਉਤਪਾਤ ਬਿਲੰਦਾ।
-ਬਸਤਿ ਹੁਤੇ ਸੁਖ ਸ਼ਾਂਤਿ ਸੋਂ, ਕੋ ਜਾਨਹਿ ਨਾਂਹੀ।
ਇਨਹੁਂ ਉਠਾਯਹੁ ਦ੍ਵੰਦ ਬਡ, ਬਯ ਨਈ ਉਮਾਹੀ[1]- ॥੯॥
ਕਬਿ ਸ਼੍ਰੀ ਗੁਜਰੀ ਨਿਕਟ ਕਹਿਂ, ਕਹਿ ਕਹਿ ਸਮੁਝਾਵਹਿਂ।
'ਕਯੋਂ ਨ ਬਿਚਾਰਹੁ ਮਾਤ ਜੀ! ਬਡ ਬੈਰ ਬਧਾਵਹਿਂ।
ਸਾਹਿਬਜ਼ਾਦੇ ਕੀ ਉਮਰ, ਅਬਿ ਅਹੈ ਨਵੀਨੀ।
ਰਣ ਬਿਨ ਕਰਹਿਂ ਨ ਬਾਰਤਾ, ਗਤਿ ਅਜਹੁਂ ਨ ਚੀਨੀ ॥੧੦॥
ਦੁੱਖ[†] ਬਡੇ ਸੰਗ੍ਰਾਮ ਮਹਿਂ, ਨਹਿਂ ਨਯਨ ਨਿਹਾਰੇ।
ਆਨ ਪਰਹਿ ਗਰ, ਲਖਹਿਂ ਤਬਿ, ਹੁਇ ਨਾ ਉਪਚਾਰੇ।
ਭੀਮਚੰਦ ਸੈਲਿੰਦ੍ਰ ਬਡ, ਜਨ ਤਿਸ ਕੇ ਆਏ।
ਘਨੋ ਕੀਨਿ ਅਪਮਾਨ ਕੋ, ਹਤਿ ਵਹਿਰ ਕਢਾਏ ॥੧੧॥
ਇਕਠੇ ਹੁਇ ਰਾਜੇ ਚਢਹਿਂ, ਬਡ ਪਰੈ ਲਰਾਈ।
ਕੋ ਸਨਮੁਖ ਤਬਿ ਹੋਇ ਹੈ, ਜਿਨ ਦਲ ਸਮੁਦਾਈ।
ਮਾਰ ਬਕਾਰਾ ਨਿਤ ਕਰਹਿਂ, -ਦਿੱਲੀ ਲੁਟ ਲੈ ਹੈਂ।
ਲਵਪੁਰਿ ਠਾਣਾ ਪਾਇ ਕਰਿ, ਮੁਲਤਾਨ ਮਲੈ ਹੈਂ[1] ॥੧੨॥
ਦੌਰ ਪਸ਼ੌਰਹਿਂ ਰੌਰ ਕਰਿ[1], ਸਭਿ ਲੇਂ ਪੰਜਾਬਾ।
ਹਤਹਿਂ ਪਹਾਰੀ ਤੁਰਕ ਗਨ, ਦੇਸ਼ਨਿ ਲੇਂ

[1]ਉਮਰ ਨਵੀਂ ਦੀ ਉਤਸਾਹ ਹੈ।
[†]ਪਾ:-ਦੁਖਤਿ।
[1]ਮੱਲ ਲਵਾਂਗੇ। (ਅ) ਮਲ ਸੁੱਟਾਂਗੇ।
[1]ਰੌੜ ਕਰ ਦੇਣਾ ਹੈ। (ਅ) ਰੌਲਾ ਕਰਨਾ ਹੈ।

ਦਾਬਾ-।
ਸਗਰੋ ਜਗ ਸ਼ੱਤ੍ਰੂ ਬਨਹਿ, ਸੁਨਿ ਸੁਨਿ ਇਨ ਬੈਨਾ।
ਬਸਿਬੋ ਮੁਸ਼ਕਲ ਹੋਇ ਜਬਿ, ਕਿਤ ਘਾਲਹਿਂ ਐਨਾ[1]?' ॥੧੩॥
ਸ਼੍ਰੀ ਗੁਜਰੀ ਉੱਤਰ ਕਹੈ, 'ਮੈਂ ਬਹੁ ਕਹਿ ਹਾਰੀ।
ਨਹੀਂ ਮਿਟਤਿ ਨਿਜ ਬਲ ਕਰਹਿਂ, ਰਾਖਤਿ ਦਲ ਭਾਰੀ।
ਰਿਦੇ ਡਰੌਂ ਰਿਸ ਤੇ ਕਛੂ, ਕਿਮ ਨਹੀ ਬਖਾਨੈਂ[1]।
ਮੁਖ ਤੇ ਨਿਕਸਹਿ ਤਥਾ ਹੁਇ, ਸਗਰੇ ਇਮ ਜਾਨੈਂ' ॥੧੪॥
ਸੁਨਤਿ ਮਸੰਦਨ ਤੇ ਬਹੁਰ, ਕਬਿ ਸੁਤ ਢਿਗ ਆਵੈ।
ਮ੍ਰਿਦੁਲ ਦਿਲਾਸੇ ਕੇ ਸਹਿਤ, ਸੁਤ ਕੋ ਸਮੁਝਾਵੈ।
'ਸੁਨਹੁ ਪੁੱਤ੍ਰ! ਬਡ ਰਣ ਕਰੇ, ਤੁਮਰੇ ਜੁ ਪਿਤਾਮਾ।
ਲਾਖਹੁਂ ਤੁਰਕ ਸੰਘਾਰ ਕਰਿ, ਭੇਜੇ ਜਮਧਾਮਾ ॥੧੫॥
ਤਿਨ ਕੀ ਕ੍ਰਿਤ ਕੁਛ ਛਪੀ ਨਹਿਂ, ਜਗ ਜਾਨਹਿਂ ਸਾਰਾ।
ਤਊ ਲਖਹੁ ਇਕ ਸ਼ਾਹ ਸੋਂ, ਬਡ ਜੰਗ ਅਖਾਰਾ[1]।
ਅਪਰਨਿ ਸੋਂ ਮੇਲਾ ਰਹਜੋ, ਗੁਰ ਕੇ ਅਨੁਸਾਰੇ।
ਚਿਤ ਚਾਹਤਿ ਬਿਚਰਤਿ ਰਹੇ, ਸਗਰੇ ਹਿਤਵਾਰੇ ॥੧੬॥
ਅਬਿ ਰਾਵਰ ਕੇ ਸਮੇ ਮਹਿਂ, ਨੌਰੰਗ ਬਡ ਦੋਖੀ।
ਸ਼ਾਹਜਹਾਂ ਸੁਨਿ ਜਸੁ ਹਟਤਿ[1], ਇਹ

[1]ਫਿਰ) ਕਿੱਥੇ ਪਾਵਾਂਗੇ ਘਰ।

[1]ਕੁਛ (ਹੋਰ) ਨਾ ਕਹਿ ਦੇਣ।

[1]ਕੇਵਲ) ਇਕ ਸ਼ਾਹ ਜਹਾਨ ਨਾਲ ਹੀ ਜੰਗ ਅਖਾੜਾ ਸੀ।

[1]ਗੁਰੂ ਜੀ ਦਾ) ਜਸ ਸੁਣਕੇ ਟਲ ਜਾਂਦਾ ਸੀ। [2]ਤੇ) ਇਹ

ਮਿਟਹਿ ਨ ਰੋਖੀ[2]। (ਨੁਰੰਗਾ) ਕ੍ਰੋਧੀ ਨਹੀਂ ਟਲੇਗਾ।
ਰਾਵਰ ਕੇ ਪਿਤ ਸੰਗ ਜਿਨ, ਸਿਰ ਲੌ ਕਰਿ ਦ੍ਰੋਹਾ।
ਗੁਰੂ ਪੀਰ ਦਰਵੇਸ਼ ਗਨ, ਸਭਿ ਸੋਂ ਇਹ ਰੋਹਾ ॥੧੭॥
ਇਕ ਤੌ ਸ਼ੱਤ੍ਰੂ ਬਿਸਾਲ ਸੋਂ, ਦੱਖਣ ਗਾ ਪਾਪੀ[1]। [1]ਇਕ ਤਾਂ ਉਹ (ਨੁਰੰਗਾ) ਭਾਰਾ ਵੈਰੀ ਹੈ ਜੋ ਪਾਪੀ (ਹੁਣ) ਦੱਖਣ ਗਿਆ ਹੋਇਆ ਹੈ।
ਸਕਲ ਦੇਸ਼ ਅਨੁਸਾਰਿ ਜਿਸ, ਸੰਤਨ ਸੰਤਾਪੀ।
ਘਰ ਅਨੰਦਪੁਰਿ ਆਪ ਕੇ, ਸੁੰਦਰ ਸਭਿ ਛੌਨੀ[1]। [1]ਪ੍ਰਿਥਵੀ।
ਇਕ ਦਿਸ਼ਿ ਗਿਰ ਚਖ ਤੁੰਗ[1] ਜੁਤਿ, ਇਤ ਸਲਿਤਾ ਨੋਨੀ[2] ॥੧੮॥ [1]ਨੈਣਾ ਦਾ ਟਿੱਲਾ ਭਾਵ ਨੈਣਾਂ ਦੇਵੀ ਵਾਲੀ ਪਹਾੜੀ। [2]ਸੁੰਦਰ।
ਗਨ ਰਾਜੇ ਸੈਲਨਪਤੀ, ਇਨ ਕੇ ਢਿਗ ਬਾਸਾ।
ਬਹੁ ਬਨ ਕਰਨਿ ਅਖੇਰ ਕੋ, ਨਿਤ ਕਰਹੁ ਬਿਲਾਸਾ।
ਭੀਮਚੰਦ ਸੋਂ ਸ਼ੱਤ੍ਰੁਤਾ, ਤੁਮਰੀ ਬਨਿਆਈ।
ਸਗਰੇ ਰਾਜੇ ਸੈਲਪਤਿ, ਜਿਸ ਕੇਰ ਸਹਾਈ ॥੧੯॥
ਪਰੇ ਜੰਗ ਹੁਇੰ ਏਕਠੇ, ਸਭਿ ਹੀ ਚਢਿ ਆਵੈਂ।
ਬਸਿਬੋ ਭੀ ਮੁਸ਼ਕਲ ਬਨੈ, ਕਯੋਂ ਸਮਤਾ ਪਾਵੈਂ[1]। [1]ਬਰਾਬਰੀ ਕਿਵੇਂ ਹੋਵੇਗੀ।
ਹਿਤਕਾਰੀ ਗੁਰ ਸਦਨ ਕੇ, ਇੱਤਜਾਦਿ ਬਿਚਾਰੈਂ।
ਚਿਤ ਚਿੰਤਾ ਬਸਿ ਨਿਤ ਰਹੇ, ਤੁਮ ਢਿਗ ਨ ਉਚਾਰੈਂ ॥੨੦॥
ਜਨਨੀ ਕੇ ਸੁਨਿ ਬੈਨ ਕੋ, ਕਲਗ਼ੀਧਰ ਭਾਖਾ।
'ਅਸ ਚਿੰਤਾ ਤੁਮ ਕਯੋਂ ਕਰੀ, ਉਰ ਮਹਿਂ ਡਰ ਰਾਖਾ।

ਖੜਗਕੇਤੁ ਕੋ ਆਸਰੋ, ਇਕ ਰਿਦੇ ਹਮਾਰੇ।
ਮਹਿਦ ਭਰੋਸਾ ਪ੍ਰਭੂ ਕੋ, ਨਰ ਕੌਨ ਬਿਚਾਰੇ ॥੨੧॥
ਤੁਰਕੇਸ਼ੁਰ ਕੀ ਦ੍ਰਿੜ੍ਹ ਜਰ੍ਹਾਂ, ਹਮ ਦੇਹਿਂ ਉਖਾਰੀ[†]।
ਗੁਰ ਸਿਖ ਛੀਨਹਿਂ ਧਰਾ ਕੋ, ਹ੍ਵੈ ਦਲ ਬਲ ਭਾਰੀ।
ਭੀਮਚੰਦ ਮਾਨੀ ਮਹਿਦ, ਨਿਜ ਤੇਜ ਜਨਾਵੈ।
ਲਿਯੋ ਚਹਤਿ ਛਲ ਕਰਿ ਦੁਰਦ, ਹਮ ਕੋ ਡਰਪਾਵੈ ॥੨੨॥
ਕਰੌਂ ਜੰਗ ਤਿਸ ਸੰਗ ਅਸ, ਪਿਖਿ ਜਾਇ ਪਲਾਈ।
ਨਤੁ ਰਾਖੌਂ ਰਣ ਖੇਤ ਮਹਿਂ, ਜਮਧਾਮ ਪਠਾਈ।
ਹਮ ਛੱਤ੍ਰੀ ਡਰ ਨਹਿਂ ਕਰਹਿਂ, ਜੋ ਗਰਬ ਜਨਾਵੈ[1]।
ਸਨਮੁਖ ਲੋਹਾ ਅਸ ਕਰਹਿਂ[1], ਫਿਰ ਮੁਖ ਨ ਦਿਖਾਵੈ ॥੨੩॥
ਥੋਰੇ ਅਰੁ ਬਹੁਤੇਨਿ ਕੋ, ਇਕ ਪੁਰਖ ਅਕਾਲੰ।
ਜਿਸ ਕੀ ਆਇਸੁ ਪਾਇ ਹਮ, ਧਰਿ[1] ਜਨਮ ਦਿਖਾਲੰ।
ਦੈਹੌਂ ਦੁਸ਼ਟਨਿ ਦੰਡ ਕੋ, ਜੋ ਅਹੈਂ ਕੁਚਾਲੀ।
ਸਿਖ ਅਪਨੇ ਰਾਜਾ ਕਰੌਂ, ਛਿਤ ਛੀਨਿ ਬਿਸਾਲੀ' ॥੨੪॥
ਇੱਤਜਾਦਿਕ ਹੁਇ ਬਾਰਤਾ, ਬਰਨੈਂ ਬਹੁ ਬਾਰੀ।
ਕਾਤੁਰ ਜੰਗ ਮਿਟਾਵਤੇ, ਉਰ ਮਹਿਂ ਡਰ ਧਾਰੀ।
ਚਾਹਤਿ ਜੋਧਾ ਜੁੱਧ ਕੋ[1], -ਹਮ ਹਤਹਿਂ

[†]ਇਸ ਤੋਂ ਸਪਸ਼ਟ ਹੈ ਕਿ ਰਾਜਿਆਂ ਦੀ ਛੇੜਛਾੜ ਨੂੰ ਆਪ ਤੁਰਕਾਂ ਵੱਲੋਂ ਸਮਝ ਰਹੇ ਹਨ।

[1]ਜੋ ਹੰਕਾਰ ਜਣਾਉਂਦਾ ਹੈ।

[1]ਭਾਵ ਸ਼ਸਤ੍ਰ ਐਸੇ ਚਲਾਵਾਂਗੇ।

[1]ਧਰਤੀ ਤੇ।

[1]ਜੋਧੇ ਜੁੱਧ ਨੂੰ ਚਾਹੁੰਦੇ (ਜੀ ਵਿਚ ਇਹ ਆਖਦੇ ਹਨ)

ਪਹਾਰੀ-। ਕਿ...।
ਮੂਰਖ ਮਹਿਮਾ ਗੁਰੂ ਕੀ, ਨਹਿਂ ਸਕਹਿਂ ਬਿਚਾਰੀ ॥੨੫॥
ਬਹੁਦੇਸ਼ਨ ਤੇ ਸੰਗਤਾਂ, ਆਵਹਿਂ ਨਰ ਨਾਰੀ।
ਤਿਨ ਮਹਿਂ ਜੇ ਬਰ ਬੀਰ ਹ੍ਵੈਂ, ਰਣ ਬਿਧਿ ਅਨੁਸਾਰੀ[1]। [1]ਰਣ ਦੀ ਬਿਧੀ ਦੇ ਅਨੁਸਾਰ (ਕੱਦ ਆਦਿ ਵਿਚ ਪੂਰੇ)।
ਰਹੈਂ ਨਿਕਟ ਸਤਿਗੁਰੂ ਕੇ, ਨਹਿਂ ਸਦਨ ਪਯਾਨੈਂ[1]। [1]ਇਹ ਸੋਚਕੇ ਕਿ:-)।
-ਪਰਜੋ ਕਾਜ ਅਬਿ ਲਰਨਿ ਕੋ, ਹਮ ਸ਼ੱਤ੍ਰੁਨਿ ਹਾਨੈਂ- ॥੨੬॥
ਇਮ ਉਤਸਾਹੀ ਸਿੱਖ ਜੇ, ਬਾਸੈਂ ਗੁਰ ਪਾਸੇ।
ਨੰਦ ਚੰਦ ਸੁੱਧਿ ਸਭਿਨਿ ਕੀ, ਦੇ ਬਾਸੁ ਰੁ ਗ੍ਰਾਸੇ[1]। [1]ਟਿਕਾਣਾਂ ਤੇ ਭੋਜਨ।
ਉਤ ਨਿਜ ਪੁਰਿ ਅਰੁ ਦੇਸ਼ ਮਹਿਂ, ਡਰ ਧਰਿ ਗਿਰਰਾਈ।
ਪਠਹਿ ਸੁਭਟ ਸਭਿ ਦਿਸ਼ਨਿ ਮਹਿਂ, ਰਾਖਹਿਂ ਤਕਰਾਈ ॥੨੭॥
ਸੰਝ ਸਕਾਰੇ ਸੁਧਿ ਸਕਲ, ਸੁਨਿ ਕੈ ਗੁਰ ਕੇਰੀ।
ਰਹੈ ਬਿਚਾਰਤਿ ਅਨਿਕ ਬਿਧਿ, -ਰਣ ਹੁਇ ਕਿਸ ਬੇਰੀ-।
ਬਜੋਂਤ ਬਜਾਹ ਕੇ ਬਿਬਿਧਿ ਬਿਧਿ, ਬਹੁ ਕਰਿ ਬਨਿਵਾਵੈ।
ਆਇ ਮੇਲ ਤਿਨ ਸ਼ਸਤ੍ਰ ਜੁਤਿ, ਕਹਿ ਕਹਿ ਬੁਲਵਾਵੈ ॥੨੮॥
ਚਮੂੰ ਬਟੋਰਨ ਬਹੁ ਕਰੀ, ਜਿਤ ਕਿਤ ਤੇ ਆਈ।
ਸੁਨਿ ਗੁਰ ਸਰ ਕੀ ਸ਼ਾਹਦੀ[1], ਕਬਿ ਕਬਿ ਡਰ ਪਾਈ। [1]ਗੁਰੂ ਜੀ ਦੇ ਬਾਣਾਂ ਦੀ ਮਸ਼ਹੂਰੀ।
[1]-ਤੀਖਨ ਭੀਮ ਤਤਾਰਚੇ[2], ਕੋਸਨਿ ਲਗਿ [1]ਇਹ ਵਡਜਾਈ ਸੁਣਦੇ ਹਨ ਕਿ। [2]ਬਾਣ।

ਮਾਰੈਂ।
ਗਰਕ ਹੋਇਂ ਪਰ ਲਗਿ ਸਰਬ[1], ਬਹੁ ਸ਼ੀਘ੍ਰ ਪ੍ਰਹਾਰੈ- ॥੨੯॥

[1]ਸਾਰੇ (ਤੀਰ) ਪਰਾਂ ਤਕ ਗ਼ਰਕ ਹੋ ਜਾਂਦੇ ਹਨ (ਨਿਸ਼ਾਨੇ ਵਿਚ)।

ਕਬਹਿ ਕੋਪ ਕੋ ਕਰਤਿ ਉਰ, -ਰਹਿਂ ਦੇਸ਼ ਹਮਾਰੇ[1]।

[1]ਕਦੇ (ਭੀਮਚੰਦ) ਕ੍ਰੋਧ ਧਾਰ ਲੈਂਦਾ ਹੈ (ਤੇ ਕਹਿੰਦਾ ਹੈ ਕਿ-) ਸਾਡੇ ਦੇਸ਼ ਵਿਚ ਰਹਿੰਦੇ ਹਨ।

ਜਾਚੀ ਵਸਤੁ ਭਿ ਨਾ ਦਈ, ਜਨ[1] ਵਹਿਰ ਨਿਕਾਰੇ-।

[1](ਮੇਰੇ) ਆਦਮੀ।

ਇਤ ਕਲਗੀਧਰ ਕਹਤਿ ਹੈਂ, 'ਰਣ ਰੰਗ ਨਿਹਾਰੈਂ।'
ਸੰਗੋ ਆਦਿਕ ਪੰਚ ਬੀਰ, ਸਿਖ[†] ਅਪਰ ਉਦਾਰੈ ॥੩੦॥

[†]ਪਾ:-ਪੰਚ ਸਿੱਖ ਅਰੁ।

ਦੇ ਉਤਸਾਹ ਬਧਾਵਤੇ, ਸੁਨਿ ਸਕਲ ਅਨੰਦੇ।
'ਮਹਾਰਾਜ! ਅਬਿ ਦੇਖੀਐ, ਜਬਿ ਜੰਗ ਬਿਲੰਦੇ।
ਕਾਤੁਰ[1] ਕੂਰੋ ਕੋਹੀਆ[2], ਕਪਟੀ ਰੁ ਕੁਚਾਲੀ।

[1]ਕਾਇਰ। [2]ਪਹਾੜੀਆ।

ਕਹਾਂ ਬਾਪੁਰੋ ਮਾਰਿਬੋ[1], ਲੁਟ ਲੇਹਿਂ ਉਤਾਲੀ' ॥੩੧॥

[1]ਵਿਚਾਰਾ (ਸਾਨੂੰ) ਕੀ ਮਾਰੇਗਾ (ਅਸੀਂ)...।

ਇਮ ਦੋਨਹੁ ਦਿਸ਼ਿ ਸ਼ੱਤ੍ਰਤਾ, ਦ੍ਰਿੜ੍ਹ ਹੋਤਿ ਹਮੇਸ਼ੁ।
ਮਿਟਨਿ ਹੇਤੁ ਇਕ ਬਜਾਹੁ ਭਾ, ਨਤੁ ਲਰਤਿ ਵਿਸ਼ੇਸ਼ੁ।
ਇਤ ਉਤ ਕਰਿ ਤਯਾਰੀ ਰਹੇ, ਸਭਿ ਜੰਗ ਸਮਾਜਾ।
ਸੁਭਟ ਸ਼ਸਤ੍ਰ ਉਤਸਾਹ ਮਹਿਂ, ਬਹੁ ਬਾਜਹਿਂ ਬਾਜਾ[1] ॥੩੨॥

[1]ਵਾਜੇ ਵਜਦੇ ਹਨ।

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰੁਤੇ 'ਮਾਤਾ ਬਾਕ' ਪ੍ਰਸੰਗ ਬਰਨਨੰ ਨਾਮ ਦੋਇ ਚਤਵਾਰਿੰਸਤੀ ਅੰਸੂ ॥੪੨॥

੪੩. [ਨਾਹਣ ਦੇ ਰਾਜੇ ਦਾ ਵਜ਼ੀਰ ਆਇਆ]

੪੨<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੪

ਦੋਹਰਾ:

ਸਗਰੋ ਸੈਲਪਤੀਨ ਮਹਿਂ, ਬਿਤਦਜੋ ਸਕਲ ਬ੍ਰਿਤੰਤ।
'ਭੀਮਚੰਦ ਅਰੁ ਗੁਰੂ ਕੋ, ਬਧਜੋ ਬਿਰੋਧ ਅਤਿਅੰਤ ॥੧॥

ਹਾਕਲ ਛੰਦ:

ਇਕ ਨਾਹਨ ਨਗਰ ਬਿਰਾਜਾ†।
ਗਿਰ ਊਪਰ ਸੁੰਦਰ ਸਾਜਾ।
ਦੁਤਿ ਅਦਭੁਤ ਜਿਸ ਕੀ ਸੋਹੈ।
ਥਲ ਤੁੰਗ ਮਹਿਤ ਪਰ ਜੋ ਹੈ[1] ॥੨॥
ਤਹਿਂ ਰਾਜਾ ਰਾਜ ਕਰੰਤਾ। ਰਜਧਾਨੀ ਠਾਨਿ ਬਸੰਤਾ।
ਪਰਕਾਸ਼ ਮੇਦਨੀ ਨਾਮੂ।
ਤਿਨ ਸੁਨਜੋ 'ਗੁਰੂ ਅਭਿਰਾਮੂ ॥੩॥
ਪੁਰਿ ਅਨੰਦ ਮਝਾਰ ਬਸੰਤੇ। ਸਿਖ ਸੰਗਤਿ ਆਇ ਨਿਵੰਤੇ।
ਬਹੁ ਕਰਹਿਂ ਸ਼ਸਤ੍ਰ ਅੱਭਜਾਸਾ।
ਦਲ ਰਾਖਜੋ ਦੀਰਘ ਪਾਸਾ ॥੪॥
ਬਡ ਜੰਗ ਕਰਨਿ ਕੋ ਜੋਧਾ। ਨਹਿਂ ਗਿਨਹਿ ਅਪਰ, ਜਬਿ ਕ੍ਰੋਧਾ।
ਬਹੁ ਕਰਾਮਾਤ ਮਹਿਂ ਪੂਰਾ।
ਸਰ[1] ਪਹੁੰਚਹਿ ਦੀਰਘ ਦੂਰਾ' ॥੫॥
ਸੁਨਿ ਰਾਜਾ ਉਰ ਹਰਖਾਯੋ। ਹਿਤ ਦਰਸ਼ਨ ਉਰ ਬਿਰਮਾਯੋ।
-ਗੁਰ ਸੰਗ ਜਿ ਹੋਵਹਿ ਮੇਲਾ।
ਸਭਿ ਕਾਰਜ ਬਨਹਿ ਸੁਹੇਲਾ†- ॥੬॥

†ਨਾਹਨ ਸਿਰਮੌਰ ਤੇ ਡੇਹਰਾਦੂਨ ਨੂੰ ਜਮਨਾ ਨਖੇੜਦੀ ਹੈ। ਉਰਾਰ ਸਿਰਮੌਰ ਦੀ ਦੂਨ ਹੈ ਤੇ ਪਾਰ ਡੇਹਰਾਦੂਨ।

[1]ਬਹੁਤ ਉੱਚੇ ਥਾਂ ਪਰ ਜੋ ਹੈ।

[1](ਉਹਨਾਂ ਦਾ ਚਲਾਇਆ) ਤੀਰ।

†ਇਸ ਦਾ ਭਾਵ ਇਹ ਹੈ ਕਿ ਨਾਹਨ ਦੇ ਰਾਜ ਦਾ ਗੜ੍ਹਵਾਲੀਏ ਰਾਜੇ ਨਾਲ ਵੈਰ ਸੀ, ਗੜ੍ਹਵਾਲੀਏ ਇਲਾਕੇ ਵਿਚ ਰਾਮਰਾਇ ਜੀ ਵਸਦੇ ਸਨ, ਜਿਨ੍ਹਾਂ ਦਾ ਦੇਹੁਰਾ ਹੁਣ ਤਕ ਓਥੇ ਹੈ। "ਡੇਹਰਾਦੂਨ ਰਾਮਰਾਇ" ਤੋਂ ਹੀ ਡੇਹਰਾਦੂਨ ਨਾਮ ਰਹਿ ਗਿਆ ਹੈ। ਗੜ੍ਹਵਾਲੀਏ ਨੂੰ ਰਾਮਰਾਇ ਜੀ ਦੀ ਮਦਦ ਸੀ, ਤੇ ਰਾਮਰਾਇ ਦੀ ਸ਼ਾਹੀ ਦਰਬਾਰ ਵਿਚ ਰਸਾਈ ਹੋਣ ਕਰਕੇ ਲੋਕੀਂ ਡਰਦੇ ਸਨ, ਦੂਜੇ ਕਰਾਮਾਤੀ ਸਮਝਦੇ ਸਨ। ਇਸ ਲਈ ਨਾਹਨ ਦਾ ਰਾਜਾ ਕੁਛ ਖੁਹਾ ਬੈਠਾ ਸੀ ਤੇ ਹਰ ਵੇਲੇ ਡਰਦਾ ਸੀ ਕਿ ਕਿਸੇ ਵੇਲੇ ਸਾਰਾ ਰਾਜ ਹੀ ਨਾ ਖੁਹਾ ਬੈਠਾਂ। ਉਸ ਨੇ ਸਤਿਗੁਰੂ ਜੀ ਦੀ ਆਤਮ ਸ਼ਕਤੀ ਤੇ ਬੀਰ ਸ਼ਕਤੀ ਦਾ ਲਾਭ ਉਠਾਉਣ ਲਈ ਆਪਣੇ ਇਲਾਕੇ ਵਿਚ ਸੱਦ ਘੱਲਣਾ ਮੁਨਾਸਬ ਜਾਤਾ, ਇਹ ਗੱਲ ਕਵੀ ਜੀ ਨੇ ਅੱਗੇ ਚੱਲਕੇ ਇਸੇ ਰੁਤ ਦੇ ਅੰਸੂ ੪੬ ਅੰਕ ੧੬. ੧੭ ਵਿਚ ਵਰਣਨ ਕੀਤੀ ਹੈ ਤੇ ਰਾਜਾ ਨੂੰ ਸ਼ਰਧਾਲੂ ਦੱਸਿਆ ਹੈ। ਦੇਖੋ ਅੰਕ ੨੭, ੨੮ ਇਸੇ ਅੰਸੂ ਦਾ।

ਨਿਜ ਮੰਤ੍ਰਿਨ ਸੰਗ ਬਿਚਾਰਾ। 'ਗੁਰ ਪੂਰਨ
ਹਰਿ ਅਵਤਾਰਾ।
ਹੁਇ ਥਿਰੁ ਸ਼੍ਰੀ ਨਾਨਕ ਗਾਦੀ।
ਪੁਰਿ ਆਨੰਦ ਕੀਨਿ ਅਬਾਦੀ ॥੭॥
ਤਿਂਹ ਨਿਕਟ ਨ੍ਰਿਪਤਿ ਕਹਿਲੂਰੀ।
ਨਹਿਂ ਜਾਨੀ ਮਹਿਮਾ ਰੂਰੀ।
ਵਧਿ ਗਯੋ ਵਿਰੋਧ ਵਧੇਰਾ।
ਹੁਇ ਜੰਗ ਅਪਾਰ ਕਿਸ ਬੇਰਾ ॥੮॥
ਤਿਨ ਸੰਗ ਬੇਨਤੀ ਲਿਖੀਏ।
-ਪ੍ਰਭੁ ਦੇਸ਼ ਆਨਿ ਇਹ ਪਿਖੀਏ।
ਬਡ ਸ਼ਾਰਮੌਰ ਕੋ ਸੈਲੰ[1]।
ਫਿਰਿ ਕੀਜਹਿ ਸਭਿ ਥਲ ਸੈਲੰ ॥੯॥
ਸ਼ੁਭ ਜਮਨਾ ਨਿਰਮਲ ਨੀਰੰ।
ਨਿਤ ਚਲਹਿ ਬੇਗ ਤੇ ਸੀਰੰ[1]।
ਬਨ ਪੂਰਨ ਮ੍ਰਿਗਨਿ ਮਹਾਨਾ।
ਨਿਤ ਕਰਹੁ ਅਖੇਰ ਜਿ ਨਾਨਾ' ॥੧੦॥
ਅਸ ਮਸਲਤ ਕਰਿ ਬਹੁ ਭਾਂਤੀ।
ਪੁਨ ਕੀਨਿ ਲਿਖਾਵਨਿ ਪਾਤੀ।
ਨਰ ਤਜਾਰ ਕਰਜੋ ਪਰਧਾਨਾ।
ਸਭਿ ਆਸ਼ੈ ਜਾਨਿ ਪਯਾਨਾ ॥੧੧॥
ਕਰਿ ਮਜ਼ਲ ਬਿਸਾਲ ਉਤਾਲਾ।
ਸਭਿ ਉਲੰਘਜੋ ਮਾਰਗ ਜਾਲਾ।
ਪੁਨ ਪਹੁੰਚਜੋ ਆਨੰਦ ਪੁਰਿ ਮੈਂ[1]।
ਪਿਖਿ ਰਵਣਕ ਆਨੰਦ ਪੁਰਿ ਮੈਂ ॥੧੨॥
ਕਰਿ ਡੇਰਾ ਸੁਧ ਪਹੁਂਚਾਈ।
ਸੁਨਿ ਨੰਦ ਚੰਦ ਅਗੁਵਾਈ।
ਸਭਿ ਕਲਗ਼ੀਧਰ ਸੋਂ ਭਾਖੀ।
ਨ੍ਰਿਪ ਨਾਹਨ ਕੋ ਅਭਿਲਾਖੀ ॥੧੩॥
ਤਿਨ ਪਠਜੋ ਵਕੀਲ ਸੁ ਆਯੋ।'
ਤਬਿ ਸ਼੍ਰੀ ਮੁਖ ਬਚ ਫੁਰਮਾਜੋ।
ਚਹਿ ਅਪਨੋ ਬਾਕ ਸੁਨਾਯੋ।
'ਗਨ ਰਸਤ ਦੇਹੁ ਪਹੁਂਚਾਯੋ ॥੧੪॥

[1]ਸ਼ਾਰਮੌਰ ਸਾਰੀ ਦੂਨ ਦਾ ਨਾਮ ਹੈ ਜਿਸ ਦੀ ਰਾਜਧਾਨੀ ਨਾਹਨ ਹੈ।

[1]ਠੰਢਾ (ਤੇ ਨਿਰਮਲ ਨੀਰ)।

[1]ਪੂਰਨ ਆਨੰਦ ਮਈ ਰੌਣਕ ਦੇਖੀ।

ਸਭਿ ਸਭਾ ਲਗਹਿ ਜਬਿ ਕਾਲੀ।
ਤਬਿ ਨਿਕਟ ਆਨਿ ਦਰਹਾਲੀ[1]।'
ਸੁਨਿ ਆਇਸੁ ਗੁਰੂ ਦਿਵਾਨੰ।
ਪਹੁੰਚਾਇ ਖਾਨ ਗਨ ਪਾਨੰ ॥੧੫॥
ਸਭਿ ਬਿਧਿ ਕੀ ਸੁਧਿ ਤਿਹ ਲੀਨੀ।
ਪੁਨ ਰਾਤਿ ਬਿਤਾਵਨਿ ਕੀਨੀ।
ਨਰ ਸਗਰੇ ਸੌਚ ਸ਼ਨਾਨੇ।
ਮੁਖ ਗੁਰ ਗੁਰ ਜਾਪ ਬਖਾਨੇ ॥੧੬॥
ਬਡ ਸ਼ਬਦ ਸ਼ਬਦ ਕੋ ਗਾਵੈਂ[1]।
ਗਨ ਬਾਦਿਤ ਸੰਗ ਬਜਾਵੈਂ।
ਧੁਨਿ ਨੌਬਤਿ ਜਨ ਘਨ ਗਾਜਾ।
ਰਣਜੀਤ ਨਗਾਰਾ ਬਾਜਾ ॥੧੭॥
ਪੁਨ ਭੱਟ ਨਕੀਬ ਪੁਕਾਰੇ।
ਗੁਰ ਕੀਰਤਿ ਊਚ ਉਚਾਰੇ।
ਬਹੁ ਬਜਹਿ ਘਰਾਵਲ ਨਾਦੰ[1]।
ਨਰ ਉਠੇ ਜਾਗ ਅਹਿਲਾਦੰ ॥੧੮॥
ਦਿਨ ਘਰੀ ਚਾਰ ਜਬਿ ਆਯੋ।
ਸ਼੍ਰੀ ਮੁਖ ਤੇ ਹੁਕਮ ਸੁਨਾਯੋ।
'ਸ਼ੁਭਾ ਸਭਾ ਥਾਨ ਸੁਧਵਾਰੋ।
ਰਚਿ ਸੁੰਦਰ ਫਰਸ਼ ਉਦਾਰੋ ॥੧੯॥
ਸਭਿਹਿਨਿ ਕੋ ਸੁਧਿ ਕਰਿ ਦੀਜੈ।
ਪਤਿ ਨਾਹਣ ਦੂਤ ਬੁਲੀਜੈ।'
ਸੁਨਿ ਨੰਦਚੰਦ ਤਤਕਾਲਾ।
ਸਭਿ ਕਾਰਜ ਕੀਨਿ ਉਤਾਲਾ ॥੨੦॥
ਤਬਿ ਕਲਗ਼ੀਧਰ ਚਲਿ ਆਏ।
ਸਿੰਘਾਸਨ ਬੈਠਿ ਸੁਹਾਏ।
ਬਰ ਚਾਮੁਰ ਦੰਡ ਜਰਾਊ।
ਗਨ ਹੀਰੇ ਦੁਤਿ ਦਮਕਾਊ ॥੨੧॥
ਸਿਰ ਢੁਰਤਿ ਫਿਰਤਿ ਬਹੁ ਬਾਰੀ।
ਜਨੁ ਲੇਤਿ ਮਰਾਲ ਉਡਾਰੀ।
ਤਨ ਬਸਤ੍ਰ ਸ਼ਸਤ੍ਰ ਜੁਤਿ ਸਾਜਾ।
ਬਹੁ ਸ਼ੁਭਤਿ ਗ਼ਰੀਬ ਨਿਵਾਜਾ ॥੨੨॥

[1]ਛੇਤੀ ਲੈ ਆਉਣਾ।

[1]ਬਡੀ ਧੁਨੀ ਨਾਲ ਸ਼ਬਦਾਂ ਨੂੰ ਗਾਉਂਦੇ ਹਨ।

[1]ਘੜਿਆਲ ਦਾ ਸ਼ਬਦ।

ਗਨ ਥਿਰੇ ਮਸੰਦ ਬਿਲੰਦੰ।
ਧਰਿ ਆਯੁਧ ਜੋਧਾ ਬ੍ਰਿੰਦੰ।
ਨ੍ਰਿਪ ਨਾਹਨ ਦੂਤ ਹਕਾਰਾ।
ਚਲਿ ਆਯੋ ਸਭਾ ਮਝਾਰਾ ॥੨੩॥
ਕਰਿ ਬੰਦਨ ਬਾਰੰਬਾਰੀ।
ਲੈ ਆਇਸੁ ਬੈਠਿ ਉਚਾਰੀ।
'ਕਰ ਜੋਰੇ ਨੰਮ੍ਰਿ ਨਰਿੰਦਾ।
ਕਿਯ ਬੰਦਨ ਪਦ ਅਰਬਿੰਦਾ ॥੨੪॥
ਸੁਨਿ ਰਾਵਰ ਕੋ ਜਸੁ ਭਾਰੀ।
ਉਰ ਦੀਰਘ ਆਨੰਦ ਧਾਰੀ।
ਜਿਹ ਲਗੀ ਦਰਸ ਕੀ ਪਜਾਸਾ।
ਮੁਹਿ ਭੇਜਜੋ ਰਾਵਰਿ ਪਾਸਾ' ॥੨੫॥
ਇਮ ਕਹਿ ਆਗੇ ਧਰਿ ਪਾਤੀ।
'ਪ੍ਰਭੁ ਸੁਨਹੁ ਲਿਖੀ ਜਿਸ ਭਾਂਤੀ।'
ਸੁਨਿ ਸਤਿਗੁਰ ਨੇ ਪਠਵਾਈ।
ਸਭਿ ਸਭਾ ਸੁਨਤਿ ਚਿਤ ਚਾਈ ॥੨੬॥
'ਮੁਹਿ ਜਾਨਹੁ ਆਪਨ ਦਾਸਾ।
ਧਰਿ ਰਾਵਰ ਪਰ ਭਰਵਾਸਾ।
ਪਰਕਾਸ਼ ਮੇਦਨੀ ਰਾਜਾ।
ਇਹ ਲਿਖਤਮ ਬਿਨੈ ਸੁ ਕਾਜਾ[1] ॥੨੭॥ [1]ਬੇਨਤੀ ਦਾ ਕਾਰਜ ਹੈ।
ਲਖਿ ਪ੍ਰਭੁ ਬਡ ਕਹਿ ਨ ਸਕੰਤਾ।
ਤੁਮ ਜਗਤ ਗੁਰੂ ਭਗਵੰਤਾ।
ਲਿਖ ਤੁਮ ਪਹਿ ਪਠਿ ਮੈਂ[†] ਅਰਜ਼ੀ[1]। [1]ਬਿਨਤੀ। [†]ਪਾ:-ਲਿਖਤਜੋਂ ਪਠੀ।
ਹਿਤ ਲਖਨਿ ਆਪ ਕੀ ਮਰਜ਼ੀ ॥੨੮॥
ਮੈਂ ਸੁਨੀ ਬਾਤ, ਰਿਸ ਪੂਰੀ।
ਤੁਮ ਸੰਗ ਨ੍ਰਿਪਤਿ ਕਹਿਲੂਰੀ।
ਮਤਿਮੰਦ ਬਿਰੋਧ ਉਠਾਯੋ।
ਨਹਿਂ ਭਲੋ ਆਪਨੋ ਭਾਯੋ ॥੨੯॥
ਸੋ ਕਰਜੋ ਆਪਨੋ ਪਾਵੈ।
ਤੁਮ ਸਮ ਸੰਗ ਬੈਰ ਬਧਾਵੈ।
ਜਹਿਂ ਚਰਨ ਆਪ ਕੇ ਜਾਵੈਂ।
ਸੋ ਪਾਵਨ ਦੇਸ਼ ਸੁਹਾਵੈ ॥੩੦॥

ਜੇ ਚਹਹੁ ਕਰਨਿ ਕੋ ਸੈਲੰ[1]।
ਇਤ ਦੂਨ ਸੁੰਦਰੀ ਸੈਲੰ।
ਬਨ ਸ਼ੋਭਤਿ ਤਰੁਵਰੁ ਨਾਨਾ।
ਫਲ ਫੂਲਨ ਸਹਿਤ ਮਹਾਨਾ ॥੩੧॥
ਜਲ ਜਮੁਨਾ ਅਧਿਕ ਪ੍ਰਵਾਹਾ।
ਨਿਤ ਕਰਹੁ ਅਖੇਰ ਉਮਾਹਾ।
ਰੁਚਿ ਜਾਵਦ ਹੋਇ ਤੁਮਾਰੀ।
ਇਤ ਪਰਚਹੁ ਕਰਿ ਅਸਵਾਰੀ ॥੩੨॥
ਇਹ ਦੇਸ਼ ਆਪਨੋ ਜਾਨੋ।
ਜਿਤ ਇੱਛੋ ਤਿਤੈ ਪਯਾਨੋ।
ਮੈਂ ਸਕੌਂ ਨ ਇਹ ਠਾਂ ਆਈ[†]।
ਚਿਤ ਦਰਸ਼ਨ ਕੋ ਲਲਚਾਈ' ॥੩੩॥
ਸਭਿ ਸਭਾ ਸੁਨਤਿ ਹਰਖਾਨੀ।
ਤਿਸ ਨ੍ਰਿਪ ਕੋ ਨੀਕ ਬਖਾਨੀ।
ਪੁਨ ਸਾਹਿਬ[1] ਬੂਝਨਿ ਠਾਨਾ।
'ਰਮਨੀਕ ਦੇਸ਼ ਕਸ ਜਾਨਾ? ॥੩੪॥
ਤਿਸ ਪਰੈ ਰਾਜ ਕਿਸ ਕੇਰਾ?
ਕਹੁ ਕਿਤਿਕ ਦੂਨ ਥਲ ਹੇਰਾ?'
ਕਰ ਜੋਰਿ ਦੂਤ ਕਹਿ ਬੈਨਾ।
'ਜਬਿ ਦੇਖੋਗੇ ਨਿਜ ਨੈਨਾ ॥੩੫॥
ਤਬਿ ਜਾਨਹੁ ਤਾਂਹਿ ਨਿਕਾਈ[1]।
ਸੋ ਦੂਣ ਦੂਰ ਲਗਿ ਜਾਈ।
ਸ਼੍ਰੀ ਰਾਮਰਾਇ ਜਬਿ ਦੇਖੀ।
ਸਭਿ ਥਲ ਤੇ ਰੁਚਿਰ ਪਰੇਖੀ[†] ॥੩੬॥
ਹਮ ਨ੍ਰਿਪ ਕੇ ਰਾਜ ਪਰੇਰੇ[1]।
ਮਹਿਪਾਲਕ ਅਪਰ ਬਡੇਰੇ।
ਤਿਹ ਫਤੇ ਸ਼ਾਹਿ ਕਹਿਂ ਨਾਂਮੂ।
ਬਡ ਦੇਸ਼ ਨ੍ਰਿਪਤ ਅਭਿਰਾਮੂ' ॥੩੭॥
ਪੁਨ ਸਤਿਗੁਰ ਕਹਯੋ ਸੁਨਾਈ।
'ਅਬਿ ਹੋਯੋ ਨੇਰ ਲਰਾਈ।
ਇਸ ਸੰਗ ਜੰਗ ਕਰਿ ਦੀਹਾ।

[1]ਪਹਾੜ ਦੀ ਸੁਹਣੀ ਦੂਨ ਹੈ।

[†]ਕਿਉਂਕਿ ਉਹ ਰਾਜ ਹੈ ਭੀਮਚੰਦ ਦਾ ਜੋ ਉਸ ਦੇ ਵੈਰੀ ਗੜ੍ਹਵਾਲੀਏ ਦਾ ਕੁੜਮ ਹੈ।

[1]ਭਾਵ ਗੁਰੂ ਜੀ ਨੇ।

[1]ਸੁੰਦਰਤਾਈ।

[†]ਇਹ ਦੂਣ ਜੋ ਰਾਮਰਾਇ ਜੀ ਨੇ ਮੱਲੀ ਸੀ ਜਮਨਾ ਪਾਰ ਹੈ ਜਿਸ ਨੂੰ ਹੁਣ ਡੇਹਰਾ ਦੂਣ ਕਹਿੰਦੇ ਹਨ।

[1]ਸਾਡੇ ਰਾਜੇ ਦੇ ਰਾਜ ਤੋਂ ਪਰੇ।

ਪੁਨ ਗਮਨ ਕਰਨ ਕੀ ਈਹਾ[1] ॥੩੮॥	[1]ਇੱਛਾ ਹੈ।
ਮਤਿਮੰਦਨਿ ਗੰਜਹਿਂ ਗਰਬਾ[1]।	[1]ਹੰਕਾਰ ਨਾਸ਼ ਕਰਾਂਗੇ।
ਨਹਿਂ ਰਹਨਿ ਦੇਉਂ ਉਰ ਫਰਬਾ[1]।	[1]ਫਰੇਬ, ਛਲ। (ਅ) ਰਿਦੇ ਦਾ ਮੁਟਾਪਾ (ਹੰਕਾਰ)।
ਕਰਿ ਰਾਖੀ ਦੁਹਿਦਿਸ਼ ਤਜਾਰੀ।	
ਅਬਿ ਟਰਜੋ ਜਾਤਿ ਹੰਕਾਰੀ ॥੩੯॥	
ਨਹਿਂ ਆਵੈ ਆਹਵਖੇਤਾ[1]।	[1]ਯੁੱਧ ਭੂਮਿਕਾ ਵਿਚ।
ਉਰ ਤ੍ਰਾਸਤਿ ਭੀਰੁ ਅਚੇਤਾ[1]।	[1]ਕਾਇਰ ਮੂਰਖ।
ਦਿਨ ਕਿਤਿਕ ਰਹਹੁ ਪੁਰਿ ਮਾਂਹੀ।	
ਪੁਨ ਗਮਨਹੁ ਨ੍ਰਿਪ ਨਿਜ ਪਾਹੀਂ ॥੪੦॥	
ਇਮ ਕਹਿ ਗੁਰ ਦਰਸ਼ਨ ਦੈ ਕੈ।	
ਸਿਖ ਸੰਗਤਿ ਆਨੰਦ ਕੈ ਕੈ।	
ਇਕ ਜਾਮ ਸਭਾ ਮਹਿਂ ਬੈਸੇ।	
ਪਰਿਵਾਰਤਿ ਸਸਿ ਉਡ ਜੈਸੇ ॥੪੧॥	
ਪੁਨ ਕਲਗ਼ੀਧਰ ਉਠਿ ਚਾਲੇ।	
ਨਿਜ ਪਹੁੰਚੇ ਸਦਨ ਬਿਸਾਲੇ।	
ਗੁਨ ਬਰਨਨਿ ਕਰਤਿ ਉਦਾਰੇ।	
ਥਲ ਨਿਜ ਨਿਜ ਪਹੁੰਚੇ ਸਾਰੇ ॥੪੨॥	
ਮਿਲਿ ਬ੍ਰਿੰਦ ਮਸੰਦ ਬਿਲੰਦੇ।	
ਸਭਿ ਗਿਨੀ ਗਾਥ ਹਿਤਵੰਦੇ।	
'ਗੁਰ ਚਢਿ ਗਮਨਹਿਂ ਤਿਸ ਦੇਸ਼ਾ।	
ਇਹ ਨੀਕੀ ਬਾਤ ਵਿਸ਼ੇਸ਼ਾ ॥੪੩॥	
ਨਹਿਂ ਹੁਇ ਉਤਪਾਤਿ ਲਰਾਈ।	
ਰਿਸ ਦੁਹਿ ਦਿਸ਼ਿ ਤੇ ਮਿਟਿ ਜਾਈ।	
ਸੁਤ ਬਜਾਹ ਬਿਖੈ ਨ੍ਰਿਪ ਫਾਸਾ।	
ਨਹਿਂ ਛੋਰ ਸਕਹਿ ਮੁਦ ਰਾਸਾ[1] ॥੪੪॥	[1]ਸਾਰੀ ਖੁਸ਼ੀ ਨੂੰ।
ਗੁਰ ਪਰਚਹਿਂ ਤਿਤ ਕੋ ਜਾਈ।	
ਰਮਨੀਕ ਦੇਸ਼ ਬਿਹਰਾਈ[1]।	[1]ਵਿਚ ਵਿਚਰਨਗੇ।
ਠਹਿਰਾਯੋ ਕਰਨਿ ਪਯਾਨਾ[1]।	[1]ਸ਼੍ਰੀ ਗੁਰੂ ਜੀ ਨੇ) ਚੱਲਣਾ ਤਾਂ ਠਹਿਰਾਇਆ ਹੋਇਆ ਹੈ।
ਅਬਿ ਕਿਸ ਬਿਧਿ ਕਰਹਿਂ ਬਖਾਨਾ[1]? ॥੪੫॥	[1]ਆਖੀਏ (ਦਿਲ ਦਾ ਆਸ਼ਾ)।
ਸ੍ਰੀ ਗੁਜਰੀ ਨਿਕਟ ਸਿਧਾਵਹੁ।	
ਰਣ ਮਿਟਹਿ ਸੁ ਘਾਤ ਬਨਾਵਹੁ।	

ਸਮੁਝਾਵਨਿ ਸੁਤ ਕੋ ਆਈ[1]।
ਪੁਨ ਹਮ ਸਭਿ ਕਹਹਿਂ ਬਨਾਈ' ॥੪੬॥
ਅਸ ਮਸਲਤ ਕਰਿ ਸਮੁਦਾਏ।
ਸ੍ਰੀ ਮਾਤਾ ਕੇ ਢਿਗ ਆਏ।
ਨ੍ਰਿਪ ਨਾਹਨ ਕੀ ਸਭਿ ਗਾਥਾ।
ਕਹਿ ਦੀਨਿ ਚਾਤੁਰੀ ਸਾਥਾ ॥੪੭॥
'ਸੁਨਿ ਮਾਤ ! ਘਾਤ ਅਬਿ ਆਈ[1]।
ਕਹਿ ਬਹੁ ਬਿਧਿ ਦੇਹੁ ਚਢਾਈ।
ਹਠ ਕਰਹਿਂ ਲਰਨ ਕੋ ਭਾਰੀ।
ਸਮੁਝਾਇ ਭਲੇ ਦਿਹੁ ਟਾਰੀ ॥੪੮॥
ਤੁਮ ਕਹੋ ਪ੍ਰਥਮ ਸ਼ੁਭ ਬਾਨੀ।
ਪੁਨ ਹਮ ਸਭਿ ਕਰਹਿਂ ਬਖਾਨੀ।'
ਸੁਨਿ ਮਾਤਾ ਤਬਿ ਸਮੁਝਾਏ।
'ਲਿਹੁ ਨੰਦਹਿ ਚੰਦ ਮਿਲਾਏ ॥੪੯॥
ਪੰਚ ਭ੍ਰਾਤਨਿ ਸੋਂ ਕਹਿ ਦੀਜੈ।
ਢਿਗ ਵਰਤੀ ਸਕਲ ਮਿਲੀਜੈ।
ਸਭਿ ਏਕੋ ਬਾਤਿ ਬਖਾਨੈਂ।
ਤਬਿ ਮਾਨਹਿਂ ਕਰਹਿਂ ਪਯਾਨੈ' ॥੫੦॥
ਸੁਨਿ ਮਾਤ ਬਾਕ ਹਿਤਵੰਤੇ।
ਮਿਲਿ ਠਾਨਜੋ ਏਕ ਮਤੰਤੇ।
ਇਮ ਕਹੀ ਸਭਿਨਿ ਹੂੰ ਮਾਨੀ।
-ਇਹ ਨੀਕੀ ਬਾਤ ਪ੍ਰਮਾਨੀ- ॥੫੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਨਾਹਣੇਸ਼' ਪ੍ਰਸੰਗ ਬਰਨਨੰ ਨਾਮ ਤੀਨ ਚਤਵਾਰਿੰਸਤੀ ਅੰਸੂ ॥੪੩॥

[1]ਜਦੋਂ) ਆਵੇ।

[1]ਸਮਾਂ (ਮੌਕਾ) ਹੁਣ ਆਇਆ ਹੈ।

੪੪. [ਨਾਹਣ ਵਲ ਟੁਰਨਾ]

੪੩<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੫

ਦੋਹਰਾ:

ਅਗਲੇ ਦਿਨ ਸ੍ਰੀ ਸਤਿਗੁਰੂ, ਸੁੰਦਰ ਸਦਨ ਸੁਹਾਇ।
ਮਸਲਤ ਕਰਿ ਬਹੁਤੇ ਸਕਲ, ਨਿਮੇ ਕਮਲ ਪਦ ਪਾਇ ॥੧॥

ਹਾਕਲ ਛੰਦ:

ਸ੍ਰੀ ਗੁਜਰੀ ਤਬਿ ਚਲਿ ਆਈ।
ਸਨਮਾਨਤਿ ਊਚ ਬਿਠਾਈ।
ਢਿਗ ਨੰਦ ਚੰਦ ਪੰਚ ਭ੍ਰਾਤਾ।
ਗੁਰਚਰਨ ਜਿਨਹੁਂ ਮਨ ਰਾਤਾ ॥੨॥
ਪੁਨ ਥਿਰ ਮਸੰਦ ਸਮੁਦਾਏ।
ਸਭਿ ਗੁਰ ਦਿਸ਼ਿ ਦ੍ਰਿਸ਼ਟਿ ਲਗਾਏ।
ਬਹੁ ਸੁਤ ਸਨੇਹ ਸੋਂ ਸਾਨੀ।
ਪਿਖਿ ਮਾਤਾ ਬਾਤ ਬਖਾਨੀ ॥੩॥
'ਹੇ ਪੁੱਤ੍ਰ! ਕਹਹੁ ਕਿਹ ਪਾਤੀ[1]?
ਕਿਸ ਨ੍ਰਿਪਤਿ ਪਠੀ, ਕਿਸ ਭਾਂਤੀ?
ਸੋ ਦੇਸ਼ ਅਹੈ ਦਿਸ਼ ਕੌਨੇ?
ਕਹਿ ਪਠਜੋ ਕਹਾਂ, ਇਤ ਤੌਨੇ[1]?' ॥੪॥
ਸੁਨਿ ਮਾਤ ਬਾਕ ਕੋ ਬੋਲੇ।
ਮੁਖ ਕਮਲ ਹੀਰ ਰਦ ਖੋਲੇ[1]।
'ਜਿਤ ਜਮੁਨਾ ਸ਼ਜਾਮਲ ਬਾਰੀ।
ਤਿਤ ਗਿਰਪਤਿ ਪੁਰੀ[†] ਉਦਾਰੀ ॥੫॥
ਕਹਿਂ ਨਾਹਨ[+] ਤਾਂ ਮਹਿਪਾਲਾ[1]।
ਲਿਖਿ ਭੇਜੀ ਅਰਜ਼ ਬਿਸਾਲਾ।
ਇਤ ਬੈਰ ਬਧਜੋ ਸੁਨਿ ਲੀਨੋ।
ਨਿਜ ਦੇਸ਼ ਅਵਾਹਨ ਕੀਨੋ' ॥੬॥
ਤਬਿ ਮਾਤੁਲ ਕਹਜੋ ਕ੍ਰਿਪਾਲੂ।
'ਲਿਖਿ ਪਠਜੋ ਮਨੋਗ ਬਿਸਾਲੂ।
ਰਮਣੀਕ ਦੂਣ ਹੈ ਸਾਰੀ।
ਸੇ ਭਾਖਹਿਂ ਜਿਨਹੁਂ ਨਿਹਾਰੀ ॥੭॥
ਸ੍ਰੀ ਰਾਮਰਾਇ ਜਬਿ ਦੇਖੀ।
ਸੁਖਦਾਯਕ ਜਾਨਿ ਵਿਸ਼ੇਖੀ।

[1]ਕੇਹੜੀ ਪੱਤ੍ਰਿਕਾ।
[1]ਤਿਸ ਨੇ।
[1]ਹੀਰੇ ਵਰਗੇ ਦੰਦਾਂ (ਵਾਲਾ) ਕਮਲ ਮੁਖ ਖੁਹਲਿਆ।
[†]ਪਾ:-ਪਠੀ।
[1]ਉਸ ਰਾਜੇ ਨੂੰ ਨਾਹਨ (ਦਾ ਰਾਜਾ) ਕਹਿਂਦੇ ਹਨ।

ਸੋ ਅਹੈ ਦੂਰ ਲਗਿ ਇਤ ਕੋ[1]।
ਰਵਿ ਸੁਤਾ ਅਨੰਦਤਿ ਜਿਤ ਕੋ ॥੮॥
ਤਿਸ ਕੇ ਕੁਛ ਪਰੇ ਬਸੰਤਾ।
ਤਹਿਂ ਬਿਹਰਤਿ ਬਹੁ ਹਰਖੰਤਾ।'
ਸੁਨਿ ਨੰਦ ਚੰਦ ਕਹਿ ਬਾਨੀ।
'ਅਸ ਸੁੰਦਰ ਦੂਣ ਮਹਾਨੀ ॥੯॥
ਜੇ ਰੁਚਿ ਹਜ਼ੂਰ ਮਨ ਭਾਵੈ।
ਤਬਿ ਪਿਖਿਨਿ ਸਭਿਨਿ ਬਨਿ ਆਵੈ।
ਨਿਤ ਕਰਹੁ ਅਖੇਰ ਘਨੇਰੇ।
ਚਿਤ ਵਧਹਿ ਅਨੰਦ ਬਡੇਰੇ ॥੧੦॥
ਇਤ ਭੀਮਚੰਦ ਕੁਰਿਆਰੀ।
ਨਿਤ ਕ੍ਰੋਧ ਬਧਾਵਤਿ ਭਾਰੀ।
ਟਰਿ ਗਯੋ ਤ੍ਰਾਸ ਕੋ ਧਾਰੇ।
ਨਤੁ ਦੇਖਤਿ ਜੰਗ ਮਝਾਰੇ ॥੧੧॥
ਇਮ ਘਾਲ ਘਨੋ ਘਮਸਾਨਾ।
ਜਿਸ ਹੇਰਤਿ ਹੋਤਿ ਹਿਰਾਨਾ।
ਮੁਖ ਪੰਕਜ ਕਾਰਸ ਲਾਗਤਿ[1]।
ਜਲ ਧੋਏ ਨਿਤ ਬਹੁ ਦਾਗਤਿ[1] ॥੧੨॥
ਪ੍ਰਭੁ ਤੁਮਰੋ ਜਸੁ ਬਿਦਤਾਯੋ।
ਬਿਨ ਲਰੇ ਬਿਜੈ ਪਦ ਪਾਯੋ।'
ਸੁਨਿ ਸੰਗੋ ਵਾਕ ਬਖਾਨਾ।
'ਨਿਤ ਗੁਰਨਿ ਪ੍ਰਤਾਪ ਮਹਾਨਾ ॥੧੩॥
ਇਹ ਬਪੁਰੇ ਕਹਾਂ ਪਹਾਰੀ।
ਤੁਰਕੇਸ਼ ਚਮੂੰ ਲਰਿ ਹਾਰੀ।
ਗੁਰ ਖਸ਼ਟਮ ਕੋ ਰਣ ਚਾਰੇ[1]।
ਹੈਂ ਬਿਦਤਿ ਅਜਹੁੰ ਜਗ ਸਾਰੇ ॥੧੪॥
ਜੋ ਹੁਇ ਹਜ਼ੂਰ ਸੰਗ ਖੋਟਾ।
ਨਿਤ ਪਰਹਿ ਤਿਨਹੁੰ ਬਡ ਟੋਟਾ।
ਰਨ ਤਜਾਗਜੋ[†] ਸ਼ੱਤ੍ਰੂ ਕੁਚਾਲੇ[1]।
ਪੁਨ ਕਹਾਂ ਉਡੀਕਨ ਹਾਲੇ[1] ॥੧੫॥

[1]ਜਮਨਾ ਅਨੰਦ ਦੇ ਰਹੀ ਹੈ ਜਿਸ ਨੂੰ ਪਾਸੇ।

[1](ਉਸ ਦੇ) ਮੁਖ ਕਮਲ ਨੂੰ ਜੋ ਕਾਲਖ ਲੱਗੀ ਹੈ। (ਅ) ਬਿੰਧੀ ਸ਼ਾਹੀ। (ੲ) [ਪੰਕ+ਜਿ =] ਜੋ ਚਿੱਕੜ ਤੇ ਸ਼ਾਹੀ।

[1]ਵਿਆਹ ਰੂਪੀ ਬਹਾਨਿਆਂ ਦੇ ਜਲ ਨਾਲ (ਭਾਵੇਂ) ਨਿਤ ਧੋਵੇ (ਉਹ ਸਗੋਂ) ਬਹੁਤ ਦਗਦੀ ਭਾਵ ਪ੍ਰਗਟਦੀ ਹੈ।

[1]ਚਾਰ।

[1](ਉਸ) ਖੋਟੀ ਚਾਲ ਵਾਲੇ ਸ਼ੱਤ੍ਰੂ ਨੇ ਜੰਗ ਛੱਡ ਦਿਤਾ ਹੈ।
[†]ਪਾ:-ਤਜਾਗੋ।

[1]ਫਿਰ ਹਾਲੇ (ਉਸ ਨੂੰ) ਕੀ ਉਡੀਕਣਾ ਹੈ।

ਅਬਿ ਸੈਲਨ ਸੈਲ ਕਰੀਜੈ।
ਸਭਿ ਸੁੰਦਰ ਦੂਣ ਪਿਖੀਜੈ।
ਚਿਤ ਰੁਚਹਿ ਤਹਾਂ ਤਬਿ ਰਹੀਏ।
ਨਤੁ ਆਇ ਅਪਨਿ ਪੁਰਿ ਲਹੀਏ' ॥੧੬॥
ਸੁਨਿ ਸਤਿਗੁਰ ਸਭਿ ਮਹਿਂ ਭਾਖਾ।
'ਹਮ ਧਰਹਿਂ ਜੰਗ ਅਭਿਲਾਖਾ।
ਨ੍ਰਿਪ ਭੀਮਚੰਦ ਜਿਮ ਚਾਹੈ[1]। [1]ਚਾਹੁੰਦਾ ਹੈ (ਜੁੱਧ)।
ਪ੍ਰਭੁ ਆਇਸੁ ਤੇ ਤਿਮ ਪਾਹੈ[1] ॥੧੭॥ [1]ਪਾਵੇਗਾ (ਜੁੱਧ)।
ਦਿਖਰਾਵਹਿਂ ਕਰਿ ਬਡਜੁੱਧਾ।
ਤਬਿ ਲੌਂ ਹੁਇ ਸ਼ਾਂਤਿ ਨ ਕ੍ਰੁੱਧਾ[1]। [1]ਤਦ ਤਕ ਸਾਡਾ ਕ੍ਰੋਧ ਸ਼ਾਂਤਿ ਨਹੀਂ ਹੋਣਾ।
ਮਤਿਮੰਦ ਹਮਹੁਂ ਕਜਾ ਜਾਨੈ।
ਰਣ ਕਰਿ ਜੇ ਚਮੂੰ ਨ ਹਾਨੈਂ' ॥੧੮॥
ਸੁਨਿ ਮਾਤ ਬਹੁਰ ਸਮੁਝਾਵੈ।
'ਗੁਰ ਘਰ ਕੋ ਰਿਪੁ ਦੁਖ ਪਾਵੈ।
ਮਨ ਮਾਂਹਿ ਨ ਮਹਿਮਾ ਜਾਨੀ।
ਸਠ ਭਾਗਹੀਨ ਮਤਿ ਹਾਨੀ ॥੧੯॥
ਸਿਰ ਧੁਨਿ ਪਾਛੇ ਪਛੁਤਾਵੈ।
ਸੁਖ ਪਾਇ ਜਿ ਸ਼ਰਨੀ ਆਵੈ।
ਜੇ ਰਣ ਤੇ ਟਰਜੋ ਪਹਾਰੀ।
ਪੁਨ ਤੁਮ ਕਜੋਂ ਚਾਹਤਿ ਰਾਰੀ ॥੨੦॥
ਸ਼ਰਧਾਲੁ ਜਿ ਨਾਹਨ ਰਾਜਾ।
ਅਰੁ ਸੁੰਦਰ ਦੇਸ਼ ਬਿਰਾਜਾ।
ਉਤ ਪਰਖਹੁ ਪਹੁੰਚਿ ਨਿਹਾਰਹੁ।
ਬਨ ਬਿਚਰਹੁ ਬਾਸੁਰ ਟਾਰਹੁ[1] ॥੨੧॥ [1]ਦਿਨ ਬਿਤਾਵੋ।
ਪੁਨ ਐਹੋ ਪੁਰੀ ਅਨੰਦਾ।
ਨਿਤ ਰਹੀਏ ਰਿਦੇ ਅਨੰਦਾ।
ਰਣ ਕਾਰਨ ਕ੍ਰੋਧ ਨਿਵਾਰਹੁ।
ਪੁਰਿ ਨਾਹਣ ਪੰਥ ਪਧਾਰਹੁ ॥੨੨॥
ਰਿਪੁ ਭਾਗਜੋ ਗੈਲ ਨ ਗਹੀਏ।
ਰਣ ਕਰਨਿ ਨ ਹਿਤ ਸੋਂ ਚਹੀਏ।
ਜੇ ਧਰਹਿ ਬਹੁਰ ਹੰਕਾਰਾ।

ਕੁਛ ਲਾਗੈ ਕਰਨਿ ਬਿਗਾਰਾ ॥੨੩॥
ਪੁਨ ਕਰਹੁ ਜਥਾ ਚਿਤ ਮਾਂਹੀ।
ਤੁਮ ਰਿਦੈ ਛਪੀ ਕੁਛ ਨਾਂਹੀ।
ਅਬਿ ਕਹਜੋ ਮਾਨੀਅਹਿ ਮੇਰਾ।
ਨਹਿਂ ਕੀਜੈ ਆਪ ਬਖੇਰਾ ॥੨੪॥
ਜੇ ਪ੍ਰਥਮ ਭਏ ਅਵਤਾਰਾ।
ਤਿਨਹੂੰ ਨ ਮਾਤ ਬਚ ਟਾਰਾ।
ਸ਼੍ਰੀ ਰਾਮਚੰਦ੍ਰ ਭਗਵਾਨਾ।
ਜਗ ਬਿਦਤ ਕ੍ਰਿਸ਼ਨ ਜਿਮ ਠਾਨਾ ॥੨੫॥
ਤਿਸ ਅਬਿ ਕੇ ਮਮ ਬਚ ਮਾਨੋ।
ਕਰਿ ਕੋਪ ਸ਼ਾਂਤਿ ਪ੍ਰਸਥਾਨੋ।
ਸੋ ਦੇਸ਼ ਕ੍ਰਿਤਾਰਥ ਕੀਜੈ।
ਸਿਖ ਅਪਨੇ ਤਿਸ ਦਿਸ਼ਿ ਥੀਜੈ[1]" ॥੨੬॥
ਸੁਨਿ ਮਾਤ ਬਾਕ ਗੁਰ ਭਾਖਾ।
'ਤੁਮ ਕਹਜੋ ਨ ਮੁਹਿ ਅਬਿ ਨਾਖਾ[1]।
ਮੁਹਿ ਭੇਜਜੋ ਪੁਰਖ ਅਕਾਲਾ।
ਰਣ ਕਰਿਬੇ ਹੇਤੁ ਕਰਾਲਾ ॥੨੭॥
ਗਨ ਦੁਸ਼ਟਨ ਕੇ ਤਨ ਖੰਡੌਂ।
ਛਿਤ ਛੀਨ ਜ਼ੋਰ ਤੇ ਦੰਡੌਂ।
ਨਹਿਂ ਸਾਧ ਬਨੇ ਕੋ ਜਾਨੇ।
ਪੁਰਸ਼ਾਰਥ ਕੋ ਜਗ ਮਾਨੇ[†] ॥੨੮॥

[1]ਹੋਣਗੇ। (ਅ) ਬਣਾ ਲਓ।

[1]ਅਸਾਂ ਮੋੜਨਾ ਨਹੀਂ ਕਰਦੇ।

[†]ਇਸ ਦਾ ਭਾਵ ਇਹ ਹੈ ਕਿ ਸ਼ਾਂਤ ਰਹਿ ਕੇ ਤੇ ਦੁਖ ਸਹਿ ਕੇ ਪੰਚਮ ਗੁਰੂ ਤੇ ਨਾਵੇਂ ਗੁਰੂ ਜੀ ਦੇ ਸਾਕੇ ਵਰਤ ਚੁੱਕੇ ਹਨ ਪ੍ਰਜਾ ਮੋਈ ਪਈ ਹੈ। ਹੁਣ ਇਸ ਵਿਚ ਪੁਰਸ਼ਾਰਥ ਭਰਕੇ ਜਿਵਾ ਦੇਣਾ ਹੈ ਤਾਂ ਹੀ ਪ੍ਰਜਾ ਜ਼ਾਲਮਾਂ ਤੋਂ ਛੁੱਟੇਗੀ।

ਇਮ ਸ਼ੱਤ੍ਰੂ ਤੇ ਧਰਿ ਤ੍ਰਾਸਾ।
ਤੌਂ ਹੁਇ ਹੈ ਕਿਤ ਮਮ ਬਾਸਾ।
ਸਭਿ ਚਾਹਹਿਂ ਮੋਹਿ ਦਬਾਯੋ।
ਨਹਿਂ ਬਸਨ ਦੇਹਿਂ ਕਿਤ ਥਾਯੋ ॥੨੯॥
ਸੁਤ ਛੱਤ੍ਰੀ ਕੋ ਰਣ ਧਰਮਾ।
ਨਹਿਂ ਤਜਾਗੋਂ ਮੈਂ ਸ਼ੁਭ ਕਰਮਾ।
ਦੇ ਸਿੱਖਨਿ ਕਰ ਹੱਥਜਾਰਾ।
ਬਿਥਰਾਵੌਂ ਜੰਗ ਅਖਾਰਾ ॥੩੦॥
ਕਰਿ ਦੇਵਹੁ ਰੰਕਨ ਰਾਜੇ।

ਹੁਇਂ ਰਾਜੇ ਰੰਕ ਨਿਲਾਜੇ[1]।
ਤਬਿ ਜਾਨਹੁ ਮੋਰ ਪ੍ਰਤਾਪੂ।
ਅਨਗਿਨਤ ਕਰੌਂ ਦਲ ਖਾਪੂ ॥੩੧॥
ਅਬਿ ਬਾਕ ਮਾਤ ! ਤੁਵ ਮਾਨਾ।
ਕਰਿ ਦੇਹੁਂ ਪ੍ਰਾਤਿ ਪ੍ਰਸਥਾਨਾ।
ਪਰ ਫੇਰ ਨ ਮੋਹਿ ਹਟਾਵਹੁ।
ਨਿਜ ਉਰ ਤੇ ਤ੍ਰਾਸ ਮਿਟਾਵਹੁ' ॥੩੨॥
ਸੁਨਿ ਸਤਿਗੁਰ ਤੇ ਅਸ ਬਾਨੀ।
ਸਭਿ 'ਧੰਨਹਿ ਧੰਨ' ਬਖਾਨੀ।
'ਪ੍ਰਭੁ ਕਰਨ ਕਰਾਵਨ ਹਾਰੇ।
ਕੋ ਤੁਮਰੋ ਕਹਜੋ ਨਿਵਾਰੇ ॥੩੩॥
ਇਕ ਬਾਕ ਕਹੇ ਜਗ ਹੋਵੈ।
ਤਿਮ[1] ਸਕਲ ਬਿਨਾਸੀ ਜੋਵੈ।
ਜੇ ਮੂਰਖ ਜਾਨੈ ਨਾਂਹੀ।
ਸੇ ਪਰਹਿਂ ਨਰਕ ਕੇ ਮਾਂਹੀ' ॥੩੪॥
ਇਮ ਭਯੋ ਅੰਤ ਸੰਬਾਦਾ[1]।
ਸਭਿ ਧਰਹਿਂ ਰਿਦੈ ਅਹਿਲਾਦਾ।
ਪੁਨ ਸਤਿਗੁਰ ਹੁਕਮ ਬਖਾਨਾ।
'ਸੁਨਿ ਨੰਦ ਚੰਦ ! ਪ੍ਰਸਥਾਨਾ ॥੩੫॥
ਕਹਿ ਦੇਹੁ ਕਰਹਿਂ ਸਭਿ ਤਜਾਰੀ।
ਸ਼ਮਿਯਾਨੇ ਤੰਬੂ ਭਾਰੀ।
ਗਨ ਸਕਟ ਰੁ ਉਸ਼ਟਰ[1] ਲੈ ਕੈ।
ਇਹ ਲਾਦ ਚਲੈਂ ਅਗੁਵੈ ਕੈ ॥੩੬॥
ਸੁਧਿ ਸਭਿ ਮਹਿਂ ਦੇਹੁ ਸੁਨਾਈ।
ਜਿਮ ਪ੍ਰਾਤਿ ਤਜਾਰ ਹੁਇ ਜਾਈ।'
ਤਬਿ ਉਠਿ ਦਿਵਾਨ ਵਹਿਰਾਯੋ।
ਕਹਿ ਜਥਾ ਜੋਗ ਕਰਿਵਾਯੋ ॥੩੭॥
ਸ੍ਰੀ ਗੁਜਰੀ ਮਹਿਦ ਅਨੰਦੰ।
-ਬਚ ਮਾਨਜੋਂ ਮੋਹਿ ਸੁ ਨੰਦੰ-।
ਉਠਿ ਗਈ ਅਪਨਿ ਘਰ ਮਾਂਹੀ।
ਜਹਿਂ ਨੁਖਾ ਹੁਤੀ ਥਿਤ ਪਾਹੀ ॥੩੮॥
ਸਭਿਹੁਂਨਿ ਪ੍ਰਸੰਗ ਸੁਨਾਵਾ।

[1]ਰਾਜੇ ਕੰਗਾਲ ਹੋਕੇ ਨਿਲੱਜ ਹੋ ਜਾਣਗੇ।

[1]ਤਿਵੇਂ (ਇਕ ਬਚਨ ਕਹੇ ਤੇ)।

[1]ਇਉਂ ਸੰਬਾਦ ਮੁੱਕਿਆ।

[1]ਊਠਾਂ ਨੂੰ।

'ਰਣ ਹਟਜੋ, ਭਯੋ ਮਨ ਭਾਵਾ।
ਅਬਿ ਹੁਇ ਹੈ ਪ੍ਰਾਤਿ ਪਯਾਨਾ।
ਤਟ ਜਮਨਾ ਜੇ ਗਿਰ ਨਾਨਾ' ॥੩੯॥
ਸੁਨਿ ਹਰਖਜੋ ਸਭਿ ਪਰਿਵਾਰਾ।
ਸੋ ਦਿਵਸ ਬਿਤਾਯੋ ਸਾਰਾ।
ਕਰਿ ਖਾਨ ਪਾਨ ਸੁਖਵਾਨਾ।
ਨਿਸ ਸੁਪਤੇ ਨਿਜ ਨਿਜ ਥਾਨਾ ॥੪੦॥
ਜਬਿ ਜਾਮ ਰਹੀ ਤਬਿ ਜਾਗੇ।
ਤਨ ਸੌਚ ਸ਼ਨਾਨਹਿਂ ਲਾਗੇ।
ਧੁਨਿ ਸ਼ਬਦ ਰਾਗ ਬਹੁ ਥਾਂਈ।
ਸਿਖ ਸੁਨਹਿਂ ਪ੍ਰੇਮ ਉਮਗਾਈ ॥੪੧॥
ਗੁਰ ਧਜਾਨ ਠਾਨਿ ਕਰਿ ਬੈਸੇ।
ਲਖਿ ਬ੍ਰਹਮ ਰੂਪ ਹੈ ਜੈਸੇ।
ਦਿਨ ਉਦੇ ਪ੍ਰਕਾਸ਼ ਬਿਸਾਲਾ।
ਤਨ ਪਹਿਰਿ ਬਸਤ੍ਰ ਤਿਸ ਕਾਲਾ ॥੪੨॥
ਢਿਗਵਰਤੀ ਸਭਿ ਚਲਿ ਆਏ।
ਕਹਿ ਤਜਾਰੀ ਦੀਨਿ ਕਰਾਏ।
ਰਣਜੀਤ ਨਗਾਰਾ ਬਾਜਜੋ।
ਜਿਸ ਧੁਨਿ ਤੇ ਸੁਨਿ ਘਨ ਲਾਜਜੋ
॥੪੩॥
ਪਤਿਨਾਹਣ ਦੂਤ ਜੁ ਆਯੋ।
ਸੋ ਸਤਿਗੁਰ ਨਿਕਟਿ ਬੁਲਾਯੋ।
ਬਹੁ ਮੋਲਾ ਦੇ ਸਿਰੁਪਾਊ।
ਕਰਿ ਦੀਨਸਿ ਬਿਦਾ ਅਗਾਊ ॥੪੪॥
'ਹਮ ਆਏ ਦਿਹੁ ਸੁਧਿ ਜਾਈ।
ਤੁਵ ਪੀਛੇ ਹੋਹਿ ਚਢਾਈ।'
ਸੁਨਿ ਗੁਰ ਤੇ ਲੇ ਸਿਰੁਪਾਊ।
ਕਰਿ ਬੰਦਨ ਭਯੋ ਬਿਦਾਊ ॥੪੫॥
ਕਰ ਦੀਰਘ ਮਜ਼ਲ ਪਯਾਨਾ।
ਮਿਲਿ ਨਿਜ ਨ੍ਰਿਪ ਸਾਥ ਬਖਾਨਾ।
'ਗੁਰ ਗੋਵਿੰਦ ਸਿੰਘ ਅਨੰਦਜੋ।
ਤੁਵ ਦਿਸ਼ਿ ਤੇ ਮੈਂ ਜਬਿ ਬੰਦਜੋ ॥੪੬॥

ਚਢਿ ਪਰੇ ਆਇਂ ਮਗ ਮਾਂਹੀ।
ਮੈਂ ਸੁਧ ਹਿਤ ਚਲਿ ਸਹਿਸਾਹੀ।'
ਸੁਨਿ ਨਾਹਨਪਤਿ ਹਰਖਾਯੋ।
ਸਭਿ ਮਿਲਿਬੇ ਬਜੋਂਤ ਬਨਾਯੋ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਨਾਹਣ ਪ੍ਰਸਥਾਨ ਸੰਬਾਦ' ਪ੍ਰਸੰਗ ਬਰਨਨੰ ਨਾਮ ਚਤੁਰ ਚਤਵਾਰਿੰਸਤੀ ਅੰਸੂ ॥੪੪॥

੪੫. [ਕੀਰਤ ਪੁਰ ਹੋਕੇ ਨਾਹਣ ਪ੍ਰਵੇਸ਼]

੪੪<<ਪਿਛਲਾ ਅੰਸੂ ਸੰਖੇਪ ਲਿੰਕ – ਤਤਕਰਾ ਅਗਲਾ ਅੰਸੂ>>੪੬

ਦੋਹਰਾ:

ਬਸਤ੍ਰ ਪਹਿਰ ਭੂਖਨ ਪਹਿਰ, ਸ਼ਸਤ੍ਰ ਪਹਿਰ ਤਨ ਲੀਨਿ।
ਸ਼੍ਰੀ ਗੁਰੂ ਗੋਵਿੰਦ ਸਿੰਘ ਜੀ, ਤਜਾਰੀ ਕੀਨਿ ਪ੍ਰਬੀਨ ॥੧॥

ਸ੍ਵੈਯਾ ਛੰਦ:

ਦੁੰਦਭਿ ਦੀਹ ਬਜਯੋ ਰਣਜੀਤ,
ਉਠੇ ਬਡ ਨਾਦ ਪਹਾਰਨ ਕੇਰੇ।
ਸ਼੍ਰੌਨ ਸੁਨਯੋਂ ਸਭਿ ਸੈਨ ਤਹੀ ਛਿਨ,
ਤਯਾਰ ਭਏ ਗਜ ਬਾਜਿਨਿ ਡੇਰੇ।
ਜ਼ੀਨ ਸਜਾਵਨਿ ਕੀਨਿ ਤਬੈ ਅਸ
ਪੀਨਨ ਪੈ ਜ਼ਰੀ ਦੋਜ਼[1] ਬਡੇਰੇ।
ਹੌਦ ਅੰਬਾਰਨ ਝਾਲਰ ਝੂਲਤਿ,
ਭੂਲਤਿ ਦੇਵ ਮਨੋਹਰ ਹੇਰੇ ॥੨॥

[1]ਜ਼ਰੀ ਦੇ ਕੰਮ ਵਾਲੇ।

ਚੱਕ੍ਰਿਤ[1] ਚੌਪਤਿ ਚੰਚਲ ਚਾਤਰੁ
ਚੋਰਤਿ ਚੀਤਨ ਚਾਉ ਚਈਲਾ।
ਚੌਕਸ ਚਾਰਹੁੰ ਓਰਨ ਕੋ
ਚਿਤਵੰਤਿ ਬਿਲੋਚਨ ਤੇ ਚਰਚੀਲਾ[1]।
ਛਾਲ ਉਛਾਲ ਤੇ ਛੂਟਣ ਛੋਭਤਿ
ਸੁੰਮ ਛੁਵੈਂ ਛਿਤ ਛਿੱਪ੍ਰ ਛਬੀਲਾ।
ਪੌਨ ਕਹਾਂ, ਮ੍ਰਿਗ ਛੌਨ ਕਹਾਂ,
ਗੁਰਦੇਵ ਕੋ ਗੌਨ ਤੁਰੰਗਮ ਨੀਲਾ[1] ॥੩॥

[1]ਚਕ੍ਰਿਤ ਦਾ ਅਰਥ ਹੈ ਹੈਰਾਨ ਹੋ ਰਿਹਾ ਹੈ, ਮੁਰਾਦ ਕਾਹਲੇ ਪੈਣ ਤੋਂ ਹੈ। (ਅ) ਅਕਾਰਣ ਡਰ ਦੱਸਕੇ ਘੋੜੇ ਦਾ ਕਾਹਲਾ ਪੈਣਾ। [ਸੰਸ. ਚਕਿਤ]।

[1]ਚਰਚੀਲਾ = ਸ਼ਿੰਗਾਰਿਆ ਜਾ ਰਿਹਾ। (ਅ) ਚੰਚਲ।

[1]ਇਸ ਛੰਦ ਦਾ ਅਰਥ ਐਉਂ ਹੈ:-ਚਾਉ ਵਿਚ ਚੜ੍ਹਿਆ ਚੰਚਲ ਤੇ ਚਾਤੁਰ (ਘੋੜਾ) ਖੁਸ਼ੀ ਹੁੰਦਾ ਹੋਇਆ ਕਾਹਲਾ ਪੈ ਰਿਹਾ ਹੈ ਤੇ (ਦੇਖਣ ਵਾਲਿਆਂ ਦੇ) ਚਿੱਤਾਂ ਨੂੰ ਚੁਰਾ ਰਿਹਾ ਹੈ। ਸ਼ਿੰਗਾਰਿਆ ਜਾ ਰਿਹਾ ਚੌਕਸ ਹੋਕੇ ਚਾਰੋਂ ਪਾਸੇ ਅੱਖਾਂ ਨਾਲ ਵੇਖਦਾ ਹੈ। ਜਦ ਛੁੱਟਦਾ ਹੈ ਤਾਂ ਤਮਕ ਵਿਚ ਆਇਆ ਛਾਲਾਂ ਵਿਚ ਉਛਲਦਾ ਹੈ (ਇਉਂ) ਕਿ ਧਰਤੀ ਤੇ ਸੁੰਮ ਇਸ ਤੇਜ਼ੀ ਨਾਲ ਛੁਹੰਦੇ ਤੇ ਸੁੰਦਰ ਲਗਦੇ ਹਨ (ਕਿ) ਗੁਰੂ ਜੀ ਦੇ ਨੀਲੇ ਘੋੜੇ ਦੀ ਚਾਲ ਨਾਲ ਹਵਾ ਕਿਥੇ ਤੇ ਹਰਨੋਟਾ ਕਿੱਥੇ (ਮੇਲ ਖਾ ਸਕਦੇ ਹਨ)।

[3]ਜੋਤਿ ਜਵਾਹਰ ਜਾਹਰ ਜ਼ੀਨ
ਜਰਾਉ ਜਰਯੋ ਜਿਹ ਜੇਬ ਅਜਾਇਬ।
ਝਾਲਰ ਕੋਰ ਜ਼ਰੀ ਚਹੁੰ ਓਰਨ,
ਮੋਰ ਕੀ ਮੋਰਿ ਕੇ ਗ੍ਰੀਵ ਬਨਾਇਬ।
ਛਾਦਨ ਅੰਗ ਛਕਯੋ ਛਬਿ ਸੰਗ

ਸੁਰੇਸ਼ ਮਤੰਗ ਸੁਰੰਗ ਸੁਹਾਇਬ।
ਭੂਖਣ ਬ੍ਰਿੰਦ ਬਿਭੂਖਣ ਤੇ ਬਨ[†]
ਦੂਖਣ ਬਾਝ[†] ਗੁਰੁ ਢਿਗ ਆਇਬ[1] ॥੪॥

[†]ਪਾ:-ਬਿਨ।

[1]ਜ੍ਵਹਾਰਾਤ ਦੇ ਜੜਾਊ ਨਾਲ-ਜਿਨ੍ਹਾਂ ਦੀ ਜ਼ੇਬਾਇਸ਼ (ਫਬਨ) ਅਸਚਰਜ ਹੈ-ਜੜੀ ਹੋਈ ਕਾਠੀ ਦੀ ਜੋਤ ਜਾਹਰ ਹੋ ਰਹੀ ਭਾਵ ਪ੍ਰਕਾਸ਼ ਰਹੀ ਹੈ। ਚਾਰੋਂ ਪਾਸੇ ਜ਼ਰੀ ਦੀ ਕੰਨੀ ਤੇ ਝਾਲਰ ਹੈ, (ਘੋੜਾ ਇਉਂ ਸ਼ਿੰਗਾਰਿਆ) ਮੋਰ ਵਾਂਙੂ ਮੋੜ (ਪਾ ਪਾਕੇ) ਗਿੱਚੀ ਨੂੰ ਬਣਾਉਂਦਾ ਹੈ। (ਜ਼ਰੀ ਦੋਜ਼ ਕਪੜੇ ਨਾਲ) ਅੰਗ ਢਕਿਆ (ਘੋੜਾ) ਸੁੰਦਰਤਾ ਨਾਲ ਮਸਤ ਹੋਇਆ ਹੋਇਆ (ਐਸਾ ਲਗਦਾ ਹੈ ਕਿ ਮਾਨੋਂ) ਇੰਦ੍ਰ ਦਾ ਹਾਥੀ ਸੁਹਣੇ ਰੰਗਾਂ ਵਿਚ ਸੁਹਾ ਰਿਹਾ ਹੈ। (ਸਭ ਤਰ੍ਹਾਂ) ਬੇਐਬ ਘੋੜਾ (ਫਿਰ ਸਭ ਤਰ੍ਹਾਂ ਦੇ) ਗਹਿਣਿਆਂ ਨਾਲ ਭੂਸ਼ਤ ਹੋਕੇ ਗੁਰੂ ਜੀ ਦੇ ਪਾਸ ਆਇਆ ਹੈ। [†]ਪਾ:-ਬਾਜ।

ਤੀਖਨ ਧਾਰ ਕ੍ਰਿਪਾਨ ਉਦਾਰ
ਕ੍ਰਿਪਾ ਨਿਧਿ ਧਾਰਿ ਗਰੇ ਮਹਿਂ ਪਾਯੋ[1]। — [1]ਗੁਰੂ ਜੀ ਨੇ ਗਲੇ ਵਿਚ ਪਾਈ।
ਬ੍ਰਿੰਦ ਖਤੰਗ ਨਿਸੰਗ ਭਰਜੋ
ਨਿਜ ਅੰਗ ਨਿਖੰਗ ਕਸਜੋ ਦਿਪਤਾਜੋ।
ਚਾਂਪ ਗਹਜੋ ਕਰ ਆਪ ਅਰਿੰਦਮ[1], — [1]ਕਮਾਨ ਹੱਥ ਵਿਚ ਫੜਿਆ ਵੈਰੀਆਂ ਦੇ ਨਾਸ਼ ਕਰਨ ਵਾਲੇ (ਗੁਰੂ ਜੀ ਨੇ)।
ਦੀਹ ਪ੍ਰਤਾਪ ਅਪਾਪ ਸੁਹਾਯੋ[1]। — [1]ਪਾਪ ਰਹਿਤ ਪ੍ਰਤਾਪ ਭਾਵ ਰੂਹਾਨੀ ਜਲਾਲ ਸ਼ੋਭਿਆ।
ਹੇਤੁ ਅਰੂਢਨਿ ਕੇ ਗੁਨ ਗੂੜ[1] — [1]ਗੂੜ੍ਹੇ ਗੁਣਾਂ ਵਾਲੇ (ਸਤਿਗੁਰੂ ਜੀ)।
ਉਠੇ ਪਿਖਿ ਰੂੜ ਜਬੈ ਹਯ ਆਯੋ[1] ॥੫॥ — [1]ਜਦੋਂ ਸੁੰਦਰ ਘੋੜਾ ਆਇਆ।
[1]ਝੂਲਤਿ ਝੂਮ ਝੁਕੇ ਕਲ਼ਗੀ — [1]ਜਦ ਉਠੇ ਤਾਂ ਸੀਸ ਰਤਾ ਕੁ) ਝੁਕ ਕੇ (ਜੁ ਹਿੱਲਿਆ ਤਾਂ) ਕਲਗੀ ਝੂੰਮੀ ਤੇ ਕੰਨਾਂ ਦੇ ਕੁੰਡਲ ਝੂਲੇ (ਜਿਸ ਨਾਲ) ਮੁਖ ਮੰਡਲ (ਹੋਰ) ਸ਼ੋਭਨੀਕ ਹੋ ਗਿਆ। (ਅ) ਝੂਲਦੇ ਝੂਮਦੇ (ਕੁਛ) ਝੁਕ ਕੇ (ਜਦ ਉਠੇ ਤਾਂ...)।
ਸ੍ਰੁਤ ਕੁੰਡਲ ਦ੍ਵੈ ਮੁਖ ਮੰਡਲ ਸ਼ੋਭਾ।
ਸੂਖਮ ਚੀਰ ਸ਼ਰੀਰ ਸਜੈਂ,
ਜਨੁ ਕੁੰਚਰ ਸੁੰਡ ਬਡੀ ਭੁਜ ਦੋਭਾ[1]। — [1]ਦੋਹਾਂ ਭੁਜਾਂ ਦੀ (ਭਾ =) ਸ਼ੋਭਾ ਹਾਥੀ ਦੀ ਸੁੰਡ ਸਮਾਨ ਹੈਸੀ।
ਪਾਗ ਜਿਗਾਜਗ[1] ਜ਼ੇਬ ਜਵਾਹਰ — [1]ਪ੍ਰਕਾਸ਼ਦੀ ਹੈ।
ਦੀਪਤਿ ਦੇਖਿ ਕੈ ਕੌਨ ਨ ਲੋਭਾ।
ਪ੍ਰੇਮ ਬਿਸਾਲ ਸਮੇਤ ਜੁ ਸਿੱਖਜ
ਮਨੋ ਤਿਨ ਹੇਤੁ ਅਨੰਦ ਕੀ ਗੋਭਾ[1] ॥੬॥ — [1]ਅਨੰਦ ਦੀ ਲਗਰ (ਭਾਵ ਫੁੱਲਾਂ ਵਾਲੀ ਡਾਲ ਸੁਹਾ ਰਹੀ ਹੈ)।
ਪਾਇ[1] ਰਕਾਬ ਮੈਂ ਪਾਇ ਕ੍ਰਿਪਾ ਨਿਧਿ — [1]ਚਰਨ।
ਬਾਗ ਗਹੇ ਕਰ ਬਾਜ ਚਰੇ[1]। — [1]ਘੋੜੇ ਤੇ ਚੜ੍ਹੇ।
ਸ਼੍ਰੀ ਗੁਰੁ ਨਾਨਕ ਆਦਿ ਮਨਾਇ
ਚਲੇ ਜਬਿ ਦੁੰਦਭਿ ਚੋਬ ਪਰੇ।
ਨਾਦਿ ਸੁਨੇ ਸਭਿ ਸੈਨ ਉਤਾਇਲ

ਹ੍ਵੈ ਸਵਧਾਨ ਕੋ ਸ਼ਸਤ੍ਰ ਧਰੇ।
ਹੋਇ ਅਰੂਢਿ ਤੁਰੰਗਮ ਊਪਰ
ਧਾਇ ਮਿਲੇ ਮਨ ਮੋਦ ਭਰੇ ॥੭॥
ਪੈਦਲ ਸੈਨ ਚਲੇ ਸਿਖ ਸੰਗਤਿ
ਜੋ ਮੁਖ ਦੇਖਨਿ ਕੇ ਅਭਿਲਾਖੀ।
ਪੰਚ ਸੈ ਸੰਗ ਉਦਾਸੀ ਫਕੀਰ
ਕਰਾਹ ਕੀ ਦੇਗ ਲਹੈਂ ਗੁਰ ਆਖੀ[1]।
ਔਰ ਬਹੀਰ ਚਲ੍ਯੋ ਸੰਗ ਦੀਰਘ
ਕੌਨ ਗਿਨੈ ਗਿਨਤੀ ਕਰਿ ਸਾਖੀ[1]।
ਕੁੰਜਰ ਘੰਟਣ ਕੇ ਠਣਕਾਰ
ਤੁਰੰਗਮ ਪੌਰਨ ਧੂਲ ਉਡਾਖੀ[1] ॥੮॥
ਕੇਤਿਕ ਪੈਦਲ ਸੈਨ ਸੁਚੇਤ
ਅਨੰਦਪੁਰੇ ਮਹਿਂ ਰਾਖਿ ਟਿਕਾਈ।
ਸੂਰਜ ਮੱਲ ਕੇ ਨੰਦਨ ਦ੍ਵੈ
ਤਿਨ ਕੋ ਸਵਧਾਨ ਕਰ੍ਯੋ ਤਿਸ ਥਾਂਈ।
ਔਰ ਮਸੰਦ ਕੋ ਛੋਰਨਿ ਕੀਨਸਿ
ਲੇ ਸੁਧਿ ਜੋ ਸਭਿ ਕੀ ਪਿਛਵਾਈ।
ਦੂਰ ਲੌ ਸੰਗ ਗਏ ਸਗਰੇ
ਪੁਨ ਧੀਰਜ ਭਾਖਿ ਕੈ ਦੀਨਿ ਹਟਾਈ
॥੯॥
ਆਇ ਗਏ ਪੁਰਿ ਕੀਰਤਿ ਮੈਂ
ਗੁਰ ਪੂਰਨ ਪੂਰਬ ਕੀਨਿ ਨਿਵੇਸ਼ੁ।
ਆਇਸੁ ਪਾਇ ਤਿਹਾਵਲ ਕੋ
ਤਤਕਾਲ ਕਰ੍ਯੋ ਤਹਿਂ ਲ੍ਯਾਇ ਵਿਸ਼ੇਸ਼ੁ।
ਸ਼੍ਰੀ ਹਰਿਗੋਵਿੰਦ ਕੇ ਇਸਥਾਨ
ਗਏ ਗੁਰ ਗੋਬਿੰਦ ਸਿੰਘ ਸੁਰੇਸ਼ੁ।
ਬੰਦਿ ਉਭੈ ਕਰ ਬੰਦਨ ਕੀਨਿ,
ਦਯੋ ਵਰਤਾਇ ਬਿਸਾਲ ਅਸ਼ੇਸ਼ੁ[1] ॥੧੦॥
ਆਨ ਜਿ ਥਾਨ ਜਥੋਚਿਤ ਜਾਨਿ
ਸਭੈ ਬਿਧਿ ਠਾਨਿ ਗਏ ਨਿਜ ਡੇਰੇ।
ਜੇ ਪੁਰਿ ਕੀਰਤਿ ਕੇ ਨਰ ਨਾਰਿ

[1]ਗੁਰਾਂ ਦੇ ਕਹੇ (ਅਨੁਸਾਰ) ਲੈਂਦੇ ਹਨ।

[1]ਸੰਖ੍ਯਾ ਕਰਕੇ ਕੌਣ ਗਿਣਤੀ ਗਿਣੇ। (ਅ) ਅੱਖੀਂ ਦੇਖਕੇ ਕੌਣ ਗਿਣੇ।

[1]ਉਡੀ। (ਅ) ਉਡਕੇ ਅੱਖਾਂ 'ਚ ਪਈ।

[1]ਭਾਵ ਸਾਰਾ ਕੜਾਹ ਪ੍ਰਸ਼ਾਦ ਬਹੁਤਾ ਬਹੁਤਾ ਵਰਤਾਇਆ।

ਗੁਰੂ ਦਰਸੇ ਰਿਦ ਮੋਦ ਘਨੇਰੇ।
ਦੇਤਿ ਅਕੋਰ ਜਥਾ ਸ਼ਕਤੀ
ਜਿਨ ਸੋਢਿਨਿ ਕੇ ਤਹਿਂ ਧਾਮ ਬਸੇਰੇ।
ਰੈਨ ਮੈਂ ਖਾਨ ਰੁਪਾਨ ਕਰੇ
ਹੁਇ ਨੀਂਦ ਬਸੀ ਪੁਨ ਜਾਗ ਸਬੇਰੇ
॥ ੧੧ ॥
ਸੌਚ ਸ਼ਨਾਨ ਕੋ ਠਾਨਿ ਭਲੇ
ਪਟ ਆਯੁਧ ਧਾਰਿ ਭਏ ਅਸਵਾਰਾ।
ਬ੍ਰਿੰਦ ਤੁਰੰਗ ਮਤੰਗ ਸਜੇ ਬਡ
ਬਾਜ ਉਠ੍ਯੋ ਰਣਜੀਤ ਨਗਾਰਾ।
ਪੰਥ ਪ੍ਰਯਾਤ ਅਖੇਰਨ ਖੇਲਤਿ
ਰੋਪਰ ਆਨਿ ਨਿਵੇਸ਼ ਕੋ ਡਾਰਾ।
ਰਾਤਿ ਬਿਤਾਇ ਜਥਾ ਸੁਖ ਸੰਗ
ਚਢੇ ਦਿਨ ਮੈਂ ਚਲਿ ਪੰਥ ਮਝਾਰਾ ॥ ੧੨ ॥
ਈਖਦ ਕੋਸ ਅਨੰਦ ਸੋਂ ਚਾਲਤਿ,
ਰਾਤਿ ਮੈਂ ਘਾਲਤਿ ਦੀਰਘ ਡੇਰਾ।
ਕੂਚ ਪੈ ਕੂਚ ਚਲੇ ਮਗ ਜਾਤਿ
ਪਹਾਰਨਿ ਹੇਰਤਿ ਨੇਰ ਹੀ ਨੇਰਾ।
ਪੰਥ ਉਲੰਘਿ ਗਏ ਜਬਿ ਕੇਤਿਕ
ਸੈਲ ਸਮੀਪ ਭਾ ਨਾਹਣ ਕੇਰਾ।
ਭੂਪਤਿ ਕੋ ਸੁਧਿ ਪ੍ਰਾਪਤਿ ਭੀ
ਹੁਇ ਤਯਾਰ ਚਲ੍ਯੋ ਚਿਤ ਚਾਵ ਬਡੇਰਾ
॥ ੧੩ ॥

ਨਰਾਜ ਛੰਦ:†

ਚਲ੍ਯੋ ਸਮਾਜ ਸੰਗ ਲੀਨਿ, ਸੈਨ ਕੋ ਬਨਾਇ ਕੈ।
ਸੁ ਮੇਦਨੀ ਪ੍ਰਕਾਸ਼ ਭੂਪ, ਦੂਤ ਕੋ ਮਿਲਾਇ ਕੈ।
ਤਰੇ ਪਹਾਰ ਤੀਰ ਕੇ, ਨਿਵੇਸ਼[1] ਜਾਨਿ ਦਯਾਲ ਕੋ।
ਪਯਾਨ ਕੀਨਿ ਆਇ ਗੋ, ਸਮੀਪ ਤਾਤਕਾਲ ਕੋ ॥ ੧੪ ॥

†ਕਈ ਲਿਖਤੀ ਨੁਸਖਿਆਂ ਵਿਚ ਇਸ ਨੂੰ ਤ੍ਰਿਭੰਗੀ ਤੇ ਰਸਾਵਲ ਛੰਦ ਬੀ ਲਿਖਿਆ ਹੈ ਜੋ ਅਸ਼ੁੱਧ ਹੈ।

[1]ਵਾਸਾ।

ਅਕੋਰ ਲੈ ਤੁਰੰਗ ਸੋਂ, ਸੁ ਚੀਰ ਬ੍ਰਿੰਦ ਬ੍ਰਿੱਤ ਕੋ।
ਮਿਲਯੋ ਸੁ ਹਾਥ ਜੋਰਿ ਕੈ, ਅਨੰਦ ਕੀਨਿ ਚਿੱਤ ਕੋ।
ਪਦਾਰਬਿੰਦ ਬੰਦਨਾ, ਕਰੀ ਸਰੂਪ ਦੇਖਿਓ।
ਪ੍ਰਭੁ ਮੁਕੰਦ ਬੂਝਿਓ, 'ਅਨੰਦ ਹੈ ਅਸ਼ੇਖਿਓ[1]?' ॥੧੫॥ [1]ਸਭ ਤਰ੍ਹਾਂ ਕੁਸ਼ਲ ਹੈ?
[1] 'ਖੁਸ਼ੀ ਗੁਰੂ ਸੁ ਰਾਵਰੀ, ਪ੍ਰਮੋਦ ਮੋਹਿ ਦੀਨਿਓ। [1]ਰਾਜਾ ਕਹਿੰਦਾ ਹੈ:-।
ਬਸੀ ਰਹੋ ਸਨੇਹ ਕੇ, ਅਛੇਰ ਏਹ ਕੀਨਿਓ।
ਦਯੋ ਦਿਦਾਰ ਆਨਿ ਕੈ, ਨਿਹਾਲ ਕੈ ਸੰਭਾਲਿਓ[1]। [1]ਸੰਭਾਲ ਕੇ ਨਿਹਾਲ ਕੀਤਾ ਹੈ।
ਮਨੋਰਥਾਨ ਪੂਰਿਓ, ਚਰੰਨ ਦੇਸ਼ ਘਾਲਿਓ ॥੧੬॥
ਪੁਨੀਤ ਭੌਨ ਕੀਜਿਯੇ, ਲਖੋ ਸੁ ਦਾਸ ਮੋਹਿ ਕੋ।
ਅਖੇਰ ਖੇਲ ਭਾਵਤੇ, ਬਿਲੋਕਿ ਬ੍ਰਿੰਦ ਕੋਹ ਕੋ।'
ਬਿਨੈ ਬਖਾਨਿ ਏਵ ਭੂਪ, ਮੇਦਨੀ ਪ੍ਰਕਾਸ਼ਯਾ[1]। [1]ਮੇਦਨੀ ਪ੍ਰਕਾਸ਼ ਨੇ।
ਮੁਕੰਦ[1] ਕੀਨਿ ਤਯਾਰ ਕੋ, ਸੁ ਲੈ ਚਲਯੋ ਅਵਾਸਯਾ[2] ॥੧੭॥ [1]ਭਾਵ ਗੁਰੂ ਜੀ ਨੂੰ। [2]ਘਰ।
ਤੁਰੰਗ ਪੈ ਅਰੂਢਿ ਹ੍ਵੈ, ਪਯਾਨ ਆਪ ਕੀਨਿਯੋ।
ਕ੍ਰਿਪਾਲ ਸੰਗ ਮਾਤੁਲੰ, ਕ੍ਰਿਪਾਲ ਪਾਛ ਚੀਨਿਯੋ[1]। [1]ਨਾਲ ਮਾਮਾ ਕ੍ਰਿਪਾਲ ਜੀ ਨੂੰ ਸ਼੍ਰੀ ਗੁਰੂ ਜੀ ਨੇ ਪਿੱਛੇ ਦੇਖਿਆ।
ਗਏ ਬਿਖੰਮ ਪੰਥ ਥੋਰ, ਉਚ ਪਾਇ ਡਾਲਤੇ[1]। [1]ਚੜ੍ਹਾਈ ਚੜ੍ਹਦੇ।
ਸੁ ਮੇਦਨੀ ਪ੍ਰਕਾਸ਼ ਸਾਥ, ਬੂਝਤੇ ਦਿਖਾਲਤੇ ॥੧੮॥
ਪੁਰੀ ਮਨੋਗ ਨਾਹਣੰ, ਬਿਲੋਕਿ ਲੋਕ

ਆਵਈਂ।
ਪ੍ਰਭੂ ਪਦਾਰਬਿੰਦ ਕੇ, ਸਮੀਪ ਸੀਸ ਨਜਾਵਈਂ।
ਬਜ਼ਾਰ ਕੋ ਨਿਹਾਰਿਤੇ, ਪ੍ਰਸੰਨ ਹ੍ਵੈ ਪਯਾਨਿਤੇ[1]।
ਮਹੀਪ ਸੰਗ ਮੇਦਨੀ, ਪ੍ਰਕਾਸ਼ ਕੋ ਬਖਾਨਤੇ ॥੧੯॥

[1]ਜਾ ਰਹੇ ਹਨ।

'ਪੁਰੀ ਪਹਾਰ ਸੀਸ ਪੈ[1], ਬਿਸਾਲ ਸ਼ੋਭ ਪਾਵਹੀ।
ਸੁ ਡੀਠ ਦੂਰਿ ਜਾਤਿ ਹੈ, ਮਹੀਰੁਹੰ ਸੁਹਾਵਹੀ।
ਬਸੰਤਿ ਥੋਰ ਥਾਨ ਮੈਂ, ਮਹਾਨ ਹੈ ਉਜਾਗਰੀ[1]।
ਬਿਭੂਖਣਾਦਿ ਧਾਰਿਬੇ, ਸੁ ਬੇਸੁ ਬੇਸ ਨਾਗਰੀ[1] ॥੨੦॥

[1]ਪਹਾੜ ਦੀ ਚੋਟੀ ਉਤੇ।

[1]ਵਸਦੀ ਹੈ ਥੋੜੇ ਥਾਂ ਵਿੱਚ ਪਰ ਮਸ਼ਹੂਰ ਬਹੁਤ ਹੈ।

[1]ਗਹਿਣਿਆਂ (= ਸਜਾਵਟਾਂ) ਦੇ ਧਾਰਨ ਵਾਲੀ ਤੇ ਸੁਹਣੇ ਵੇਸ ਪਹਿਨਣ ਵਾਲੀ ਇਹ ਨਗਰੀ ਹੈ। [ਨਾਗਰੀ ਦਾ ਅਰਥ ਏਥੇ ਇਸਤ੍ਰੀ ਕਰਨਾ ਠੀਕ ਨਹੀਂ ਅੰਕ ੧੯ ਮੁਕਦਿਆਂ ਸਾਰ ਪੁਰੀ ਦੀ ਸ਼ੋਭਾ ਸ਼ੁਰੂ ਹੋਈ ਹੈ ਤੇ ਅੰਕ ੨੧ ਵਿਚ ਫਿਰ ਦੱਸਦੇ ਹਨ ਕਿ ਇਉਂ ਨਗਰੀ ਦੀਆਂ ਗੱਲਾਂ ਕਰਦੇ ਜਾ ਰਹੇ ਹਨ, ਸੋ ਨਾਗਰੀ ਦਾ ਏਥੇ ਨਿਸਚੇ ਅਰਥ ਨਗਰੀ ਹੈ]।

ਦੋਹਰਾ:

ਕਰਤਿ ਬਤਕ ਇਮ ਨਗਰ ਕੀ, ਮਹਿਪਾਲਕ ਕੇ ਸਾਥ।
ਗਮਨੇ ਰੁਚਿਰ ਸਥਾਨ ਮਹਿਂ, ਡੇਰੇ ਹਿਤ ਗੁਰ ਨਾਥ ॥੨੧॥

ਤੋਟਕ ਛੰਦ:

ਕਰ ਜੋਰਿ ਨਰੇਸ਼੍ਵਰ ਬਾਕ ਕਹੈ।
'ਬਿਸਰਾਮ ਕਰੋ ਇਸਥਾਨ ਅਹੈ।'
ਉਤਰੇ ਸੁਨਿ ਛੋਰਿ ਤੁਰੰਗ ਬਲੀ।
ਪਰਯੰਕ ਥਿਰੇ ਤਹਿਂ ਭਾਂਤਿ ਭਲੀ ॥੨੨॥
ਚਿਰ ਕੇਤਿਕ ਬੈਠਿ ਮਹੀਪ ਗਯੋ।
ਹਿਤ ਸੇਵ ਸਮਾਜ ਪਠਾਇ ਦਯੋ।
ਘ੍ਰਿਤ ਚੂਨ ਸਿਤਾ ਬਹੁ ਤਯਾਰ ਕੀਏ।
ਜੁਤਿ ਚਾਵਰਿ ਸੂਖਮ ਭੇਜਿ ਦੀਏ ॥੨੩॥

ਤ੍ਰਿਣ ਆਦਿਕ ਚਾਹੁ ਹੁਤੀ ਸੁ ਜਿਤੀ।
ਕਰਿ ਤੂਰਨ ਦੀਨਿ ਪਠਾਇ ਤਿਤੀ।
ਨ੍ਰਿਪ ਕੋ ਪਰਧਾਨ ਸਮੀਪ ਰਹਜੋ।
ਤਤਕਾਲ ਦਯੋ ਜਿਨ ਜੋਇ ਚਹਜੋ ॥੨੪॥
ਸਭਿ ਰੀਤਿ ਕਰੀ ਬਹੁ ਸੇਵ ਤਬੈ।
ਮਧੁਰੇ ਤੁਰਸ਼ਾਨ ਅਚਾਰ ਸਬੈ।
ਫਲ ਫੂਲ ਪਠੇ ਨਿਜ ਬਾਗਨ ਤੇ।
ਸੁਧਿ ਲੇਤਿ ਸਭੀ ਅਨੁਰਾਗਨ ਤੇ ॥੨੫॥
ਦਲ ਬ੍ਰਿੰਦ ਬਿਖੈ ਬਹੁ ਬਾਰਿ ਫਿਰਜੋ।
ਪਹੁੰਚਜੋ ਸਭਿ ਪਾਸ ਪ੍ਰਮੋਦ ਕਰਜੋ।
ਇਮ ਖਾਨ ਰੁ ਪਾਨ ਸੁ ਸੈਨਹਿ ਮੈਂ[1]।
ਸੁਪਤੇ ਸੁਖ ਪਾਇ ਸੁ ਰੈਨਹਿ ਮੈਂ ॥੨੬॥
ਭੁਨਸਾਰ ਬਡੀ ਸਭਿ ਜਾਗ ਰਹੇ।
ਸਿਮਰੈਂ ਸਤਿਨਾਮ ਅਨੰਦ ਲਹੇ।
ਬਹੁ ਗਾਇੰ ਗਿਰਾ ਗੁਰ ਕੀ[1] ਸੁਖ ਸੋਂ।
ਜਿਸ ਤੇ ਬਚਿ ਅੰਤਕ ਕੈ ਦੁਖ ਸੋਂ[1] ॥੨੭॥
ਕਲਗ਼ੀਧਰ ਸ਼ੌਚ ਸ਼ਨਾਨ ਕਰੇ।
ਬਰ ਬਸਤਰ ਸ਼ਸਤ੍ਰਨ ਅੰਗ ਧਰੇ।
ਜਬਿ ਦਜੋਸ ਚਢਜੋ ਪਰਯੰਕ ਥਿਰੇ।
ਸਭਿ ਆਇ ਨਮੋ ਕਰਿ ਮੋਦ ਭਰੇ ॥੨੮॥
ਮਿਦਨੀ ਪਰਕਾਸ਼ ਨਰੇਸ਼ ਤਬੈ।
ਬਰ ਬੀਰ ਅਮਾਤਨ ਸੰਗ[1] ਸਬੈ।
ਹੱਥਜਾਰਨ ਕੋ ਧਰਿ ਆਇ ਗਯੋ।
ਕਰ ਬੰਦਿ ਮਹੀਪ ਸਮੀਪ ਭਯੋ ॥੨੯॥
ਪਗ ਪੰਕਜ ਕੋ ਪਰਨਾਮ ਕਰਜੋ।
ਗੁਰ ਆਇਸੁ ਤੇ ਢਿਗ ਬੈਠਿ ਥਿਰਜੋ।
'ਥਲ ਸੈਲ ਭਲੇ ਫਿਰ ਸੈਲ ਕਰੋ।
ਬਨ ਬੀਚ ਅਖੇਰ ਭਿਲਾਖ ਧਰੋ ॥੩੦॥
ਸਮੁਦਾਇ ਫਿਰੈਂ ਮ੍ਰਿਗ ਜਾਤਿ ਘਨੀ।

[1]ਸੈਨਾ ਵਿਚ ਹੋਇਆ।

[1]ਗੁਰੂ ਜੀ ਦੀ ਬਾਣੀ।

[1]ਜਿਸ (ਗੁਰਬਾਣੀ) ਕਰਕੇ ਜਮ ਦੇ ਦੁਖ ਤੋਂ ਬਚ ਜਾਈਦਾ ਹੈ।

[1]ਵਜ਼ੀਰਾਂ ਨਾਲ।

ਪਰਚੋ ਬਿਚਰੰਤਿ ਸੁ ਲੇਹੁ ਹਨੀ[1]। [1]ਮਾਰ ਲਓ।
ਚਿਤ ਰਾਵਰ ਕੇਰਿ ਖੁਸ਼ੀ ਜਿਤ ਹ੍ਵੈ।
ਥਿਰਿਬੇ ਹਿਤ ਥਾਨ ਪਿਖੋ ਤਿਤ ਹ੍ਵੈ ॥੩੧॥
ਅਟਕਾਉ ਨਹੀਂ ਕਿਤ ਕੋ ਹਮਰੇ।
ਚਿਤ ਚਾਹਤਿ ਮੋਦ ਵਧੈ ਤੁਮਰੇ।
ਕਰਿ ਲੇਹੁ ਪਸਿੰਦ ਬਿਲੋਕਨ ਕੈ।
ਗਢ[1] ਪਾਇ ਲਿਜੈ ਰਿਪੁ ਰੋਕਨਿ ਕੈ' ॥੩੨॥ [1]ਕਿਲ੍ਹਾ।
ਸੁਨਿ ਸ਼੍ਰੋਨ ਗੁਰੂ ਤਿਹ ਵਾਕ ਕਹ੍ਯੋ।
'ਜਹਿਂ ਤੈਂ ਸ਼ੁਭ ਥਾਨ ਬਿਲੋਕਿ ਲਹ੍ਯੋ।
ਤਿਤ ਸੰਗ ਚਲੋ ਚਢਿ ਕੈ ਹਮਰੇ।
ਸਭਿ ਭੇਦ ਰਿਦੇ ਬਿਦਤ੍ਯੋ ਤੁਮਰੇ ॥੩੩॥
ਤਿਤ ਹੇਰਿ ਅਖੇਰ ਸੁ ਖੇਲਹਿਂਗੇ।
ਗਨ ਬਾਜ ਰੁ ਸ੍ਵਾਨ ਸੁ ਪੇਲਹਿਂਗੇ[1]।' [1]ਦਬਾਵਾਂਗੇ।
ਕਰ ਜੋਰਿ ਨਰੇਸ਼੍ਵਰ ਬਾਤ ਕਹੈ।
'ਧਨ ਭਾਗ ਅਹੈਂ ਮੁਹਿ ਸੰਗ ਚਹੇ[1] ॥੩੪॥ [1]ਜੇ (ਆਪ ਨੇ) ਮੇਰਾ ਸੰਗ ਚਾਹਿਆ ਹੈ।
ਦਿਨ ਆਜ ਮੁਕਾਮ ਇਹਾਂ ਕਰਿਯੋ।
ਭੁਨਸਾਰ ਭਏ ਇਤ ਤੇ ਚਰਿਯੋ।
ਸਭਿ ਥਾਨ ਦਿਖਾਵਨਿ ਆਪ ਕਰੌਂ।
ਤੁਮ ਹੋਹਿ ਖੁਸ਼ੀ ਚਿਤ ਚਾਹਿ ਧਰੌਂ' ॥੩੫॥
ਇੱਤਜਾਦਿਕ ਵਾਕ ਅਨੇਕ ਕਹੇ।
ਚਿਰਕਾਲ ਸਰੂਪ ਬਿਲੋਕਿ ਰਹੇ।
ਕਰ ਬੰਦਨ ਕੋ ਨਿਜ ਧਾਮ ਗਯੋ।
ਸਮ ਪੂਰਬ ਸੇਵ ਕਰੰਤਿ ਭਯੋ ॥੩੬॥
ਹਰਖ੍ਯੋ ਦਲ ਭੂਪ ਸਰਾਹਤਿ ਹੈ।
ਪਿਖਿ ਦੇਸ਼ ਵਿਸ਼ੇਸ਼ਹਿਂ ਚਾਹਤਿ ਹੈ।
ਦਿਨ ਰੈਨ ਮੁਕਾਮ ਤਹਾਂ ਕਰਿ ਕੈ।
ਭੁਨਸਾਰ ਭਈ ਸੁਚਿਤਾ ਧਰਿ ਕੈ ॥੩੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਨਾਹਣ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚ ਚਤ੍ਵਾਰਿੰਸਤੀ ਅੰਸੂ ॥੪੫॥

੪੬. [ਜਮਨਾ ਦੇ ਕੰਢੇ ਥਾਂ ਪਸੰਦ ਕਰਨੀ]

੪੫<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੭

ਦੋਹਰਾ:

ਬਜਯੋ ਨਗਾਰਾ ਕੂਚ ਕੋ, ਜ਼ੀਨ ਤੁਰੰਗਨਿ ਪਾਇ।
ਭਯੋ ਤਯਾਰ ਡੇਰਾ ਸਕਲ, ਉਤ ਨਾਹਣਪਤਿ ਰਾਇ ॥ ੧ ॥

ਕਬਿੱਤ:

ਖੇਲਿਬੇ ਅਖੇਰ ਕੋ ਸਮਾਜਿ ਰਾਜਿ ਲੀਨਿ ਬਾਜ[1]
ਬਾਜ ਪੈ ਅਰੂੜ ਹ੍ਵੈ[1] ਗੁਰੂ ਕੇ ਤੀਰ ਆਯੋ ਹੈ।
ਕੀਨਿ ਪਦ ਬੰਦਨਾ ਆਨੰਦ ਹ੍ਵੈ ਮੁਕੰਦ ਜਾਨਿ,
ਚਢੇ ਪ੍ਰਭੁ ਬਾਹ ਕਰਿ ਤੁੰਦ ਕੋ ਚਲਾਯੋ ਹੈ।
ਬਾਜਤਿ ਨਗਾਰੇ ਗਿਰ ਭਾਰੇ ਭਾਰੇ ਨਾਦਤਿ ਹ੍ਵੈ[1],
ਕਾਨਨ ਪਧਾਰੇ ਗਨ ਪਾਦਪ[1] ਸੁਹਾਯੋ ਹੈਂ।
ਮ੍ਰਿਗ ਕੋ ਪ੍ਰਹਾਰੈਂ ਛੋਰਿ ਤੁਪਕ ਪ੍ਰਹਾਰੇ ਕੇਈ,
ਗੁਰੂ ਬਾਨ ਮਾਰੇ ਨਹੀਂ ਕੋਊ ਜਾਨਿ ਪਾਯੋ ਹੈ ॥ ੨ ॥

[1]ਰਾਜਾ ਬਾਜ ਆਦਿ ਸਮਾਜ ਲੈਕੇ।
[1]ਘੋੜੇ ਪਰ ਚੜ੍ਹਕੇ।
[1]ਭਾਰੀ ਪਹਾੜ ਭਾਰੀ ਗੂੰਜਦੇ ਹਨ।
[1]ਬ੍ਰਿੱਛ।

ਗਿਰਵਰ ਤਰੇ ਤਰੇ ਤਰੋਵਰ ਤਰਾ ਤਰ,
ਬਾਟ ਅਰੁ ਪੀਪਰ ਬਰਨਬਰ ਜਾਲ ਹੈਂ[1]।
ਹਰੜ, ਬਹੇੜੇਖਰੇ ਆਂਵਰੇ[1] ਉਚੇਰੇ ਪੀਨ,
ਸਜੰਦਨ[1]† ਬਡੇਰੇ ਪੈ ਘਨੇਰੇ ਕ੍ਰਿਤਮਾਲ[2] ਹੈਂ।
ਕਦਰ[1], ਖਦਰ[2], ਗਨ ਕਦਲੀ[3], ਕਟਰ[4], ਜੰਬੂ[5],
ਸਿੰਸਮਾ[1], ਕਦੰਬ[2], ਸੋ ਮਧੂਕ[3], ਕਚਨਾਲ ਹੈਂ।
ਉਗੇ ਸੁ ਏਕਨਾਲ[1] ਉਦਾਲਕ[2], ਰਸਾਲ[3] ਹੈਂ,
ਸਰਲ[1], ਦੀਹ ਸਾਲ[2] ਹੈਂ, ਕਨੇਰੇ ਫੂਲ ਮਾਲ ਹੈਂ[3] ॥ ੩ ॥

[1]ਪਹਾੜ ਦੇ ਹੇਠ ਹੇਠ ਬ੍ਰਿੱਛ ਹਨ (ਤਰਾ ਤਰ =) ਬਹੁਤੇ ਬੋਹੜ ਤੇ ਪਿਪਲ (ਆਦਿਕ) ਸਾਰੇ ਸ਼੍ਰੇਸ਼ਟ ਰੰਗ ਦੇ ਹਨ।
[1]ਆਮਲੇ।
[1]ਤਿਨੀਖ ਬ੍ਰਿੱਛ। (ਅ) ਗਿਆਨੀ ਇਸ ਦਾ ਅਰਥ ਤੁਣ ਵੀ ਕਰਦੇ ਹਨ। [2]ਅੰਬਲਤਾਸ। †ਪਾ:-ਸਜੰਮਲ।
[1]ਚਿੱਟੀ ਖੈਰ। [2]ਖੈਰ। [3]ਕੇਲੇ। [4]ਕਟਹਿਰ। [5]ਜਾਮਨੂੰ।
[1]ਟਾਹਲੀ। [2]ਇਕ ਬ੍ਰਿੱਛ ਜਿਸ ਨੂੰ ਬਰਸਾਤ ਵਿਚ ਗੋਲ ਗੋਲ ਪੀਲੇ ਫੁੱਲ ਲਗਦੇ ਹਨ। [3]ਮਹੂਏ।
[1]ਭਾਵ ਨਾਲੋ ਨਾਲ ਉੱਗੇ ਹੋਏ ਹਨ। [2]ਲਸੂੜੀ [ਸੰਸ. ਉਦਦਾਲ]। [3]ਅੰਬ।
[1]ਸਿੱਧੇ (ਅ) ਪੂਤੀਕਾਸਟ ਨਾਮੇ ਬ੍ਰਿੱਛ। (ੲ) ਚੀੜ ਜਿਸ ਵਿਚੋਂ ਗੰਦਾ ਬਰੋਜ਼ਾ ਨਿਕਲਦਾ ਹੈ। [2]ਲੰਮੇ ਸਾਲ ਬ੍ਰਿੱਛ।

[3]ਕਨੇਰ ਦੇ ਫੁੱਲਾਂ ਦੀਆਂ ਪੰਗਤੀਆਂ ਹਨ।

ਫਲੇ ਫਲ ਫੂਲਨਿ ਸੋਂ[1], ਝੁਕੇ ਝੁਪ[2] ਝੂਲਨਿ ਸੋਂ,
[1]ਫਲਾਂ ਫੁੱਲਾਂ ਨਾਲ। [2]ਸਮੂਹ।

ਗਾਢੇ ਤੀਨ ਮੂਲਨਿ ਸੋਂ[1] ਖਰੇ ਏਕ ਸਾਰ ਹੈਂ।
[1]ਮੁੱਢਾਂ ਤੋਂ ਬਹੁਤ ਮੋਟੇ।

ਪਾਤਨ ਨਿਪਾਤ ਹੈਂ, ਅਨੇਕ ਪਾਤ ਜਾਤਿ ਹੈਂ[1],
[1]ਪੱਤੇ ਡਿੱਗਦੇ ਹਨ, ਅਨੇਕਾਂ ਜਾਤਾਂ ਪਾਤਾਂ ਦੇ ਹਨ।

ਦਿਪਤ ਬਹੁ ਭਾਂਤਿ ਹੈਂ ਸੁ ਆਰੂ ਤੇ ਅਨਾਰ ਹੈਂ।

ਬਾਤਪੋਤ[1], ਤਿੰਦਕ[2], ਸਪਤਦਲ[3], ਸਿੰਧਕ[4] ਹੈਂ,
[1]ਛਿੱਛਰਾ, ਪਲਾਸ [ਸੰਸ. ਵਾਤਪੋਥ]। [2]ਤੇਂਦੂ, ਆਬਨੂਸ ਦੀ ਇਕ ਕਿਸਮ ਦਾ ਪੇੜ। (ਅ) ਪੀਲਕ। [3]ਛਤਵਨ ਦਾ ਬੂਟਾ। ਵਿਸ਼ਾਲ ਤ੍ਵਚ:, ਸਪਤ ਪੁੜਾ। [4]ਸੰਭਾਲੂ।

ਇੰਗੁਦੀ[1], ਉਦਾਲਕ[੧੩], ਤਿਲਕ[2], ਦੇਵਦਾਰ[3] ਹੈ।
[1]ਹਿੰਗੋਟ ਨਾਮੇ ਬ੍ਰਿੱਛ। ਤਾਪਸ ਤਰੂ। (ਅ) ਜੀਆ ਪੋਤਾ [ਸੰ. ਇਗੁਦੀ]। [2]ਸ੍ਰੀ ਮਤ ਨਾਮੇ ਬੂਟਾ। (ਅ) ਪੁੰਨਾਗ ਦੀ ਇਕ ਜਾਤੀ। (ੲ) ਫੁਲਾਹ। [3]ਦਿਆਰ।

ਵਧੇ ਸਮੂਹ ਡਾਰ ਹੈਂ, ਅਧਿਕ ਬਿਸਤਾਰ ਹੈਂ,

ਬਹੇ ਸੁ ਬਹੁ ਬਾਰਿ ਹੈ[1], ਬਿਸਾਲ ਗੁਲਜ਼ਾਰ ਹੈ ॥੪॥
[1]ਬੜੀ ਵਾਯੂ ਵਗਦੀ ਹੈ।

ਸ੍ਵੈਯਾ:

ਕੋਰਨ ਕੇ ਮੁਖ ਚੈਮੁਕਲੈ ਬਿਕਸੇ ਰੰਗ ਫੂਲਨ ਕੋਰਨ ਕੇ।
ਕੋਰਨ ਕੇ ਧਰਤਾ ਤਰੁ ਰਾਜਤਿ ਬਾਜਤਿ ਪਾਤਿ ਪਤੇਰਨ ਕੇ।
ਤੋਰਨ ਕੇ ਨਹਿੰ ਦਾਇਬਡੇ ਫਲ ਬੂਟ ਬਿਸਾਲ ਬਿਜੋਰਨ ਕੇ।
ਜੋਰਨ ਕੇ ਸਿਖਰੇ ਜਨੁ ਗੁੰਦਤਿ ਬਾਯੁ ਕੇ ਬੇਗ ਅਕੋਰਨ ਕੇ[†] ॥੫॥

[†]ਇਹ ਸ੍ਵੈਯਾ ਰਾਸ ੧੧ ਅੰਸੂ ੪੯ ਅੰਕ ੧੯ ਵਿਚ ਆ ਚੁਕਾ ਹੈ, ਸਾਰੇ ਦੇ ਅਰਥ ਉਥੇ ਦਿੱਤੇ ਹੋਏ ਹਨ।

ਚਿੱਤ੍ਰਪਦਾ ਛੰਦ:

ਮੋਰ ਬਿਸਾਲ ਅਨੇਕ ਬਿਹੰਗ
ਕਬੂਤਰ ਕੋਕਿਲ[1] ਕੀਰ ਅਘੋਰ।
[1]ਕੋਇਲ।
ਘੋਰਨਿ ਤੇ ਘਨ ਬੋਲ ਉਠਹਿੰ ਪਿਕ,
ਚਾਤ੍ਰਿਕ ਔਚਕਵਾਨਨ ਸ਼ੋਰ।
ਸੋ ਰਹਿੰ ਸੇਵਤਿ ਕਾਨਨ ਕੋ

ਨਿਤ ਦੰਪਤਿ ਕੀ ਮਿਲਿ ਕੈ ਬਰ[1] ਜੋਰ।
ਜੋਰ ਕਰੇ ਰਵ ਕੂੰਜਤਿ ਹੈਂ,
ਰੁਚਿ ਪੂਜਤਿ ਬੈਠਤਿ ਹੈਂ ਪਰ ਮੋਰਿ[1†] ॥੬॥

[1]ਨਰ ਮਾਦਾ ਦੇ ਸੁਹਣੇ ਸੁਹਣੇ ਜੋੜੇ ਮਿਲਕੇ।
[1]ਉੱਚੀ ਅਵਾਜ਼ ਕਰਕੇ ਕੂਜਦੇ ਹਨ, (ਜਿਨਾਂ ਦੀ) ਰੁਚੀ ਪੂਰਨ ਹੋ ਰਹੀ ਹੈ, ਉਹ ਪਰ ਮੋੜ ਮੋੜ ਕੇ ਬੈਠਦੇ ਹਨ।
[†]ਇਹ ਛੰਦ ਬੀ ਪਿਛੇ ਥੋੜੇ ਥੋੜੇ ਪਾਠਾਂ ਦੇ ਫਰਕ ਨਾਲ ਰਾਸ ੧੧ ਅੰਸੂ ੪੯ ਅੰਕ ੨੧ ਵਿਚ ਆ ਚੁੱਕਾ ਹੈ, ਸਾਰੇ ਦੇ ਅਰਥ ਉਥੇ ਤੱਕੋ।

ਦਾਇਕ ਜੇ ਸੁਖ, ਸੁੰਦਰ ਹੈਂ ਮੁਖ,
ਹੀਨ ਰਹੈਂ ਦੁਖ ਤੇ ਹਰਖਾਇ[1]।

[1]ਜਿਨ੍ਹਾਂ ਦੇ ਮੂੰਹ ਸੁਹਣੇ ਹਨ ਤੇ ਸੁਖਾਂ ਦੇ ਦੇਣ ਵਾਲੇ ਹਨ ਤੇ ਜੋ ਦੁੱਖਾਂ ਤੋਂ ਹੀਨ ਹੋਕੇ ਹਰਖ ਵਿਚ ਰਹਿੰਦੇ ਹਨ (ਪੰਛੀ)।

ਖਾਇ ਸਦਾ ਮਨ ਭਾਵਤਿ ਜੇ ਫਲ,
ਭੌਰ ਗੁੰਜਾਰਤਿ ਹੈਂ ਅਕੁਲਾਇ[1]।

[1]ਕਾਹਲੀ ਨਾਲ।

ਲਾਇਕ ਜੇ ਮਨ ਪ੍ਰੇਮ ਧਰੇ,
ਮਨ ਪੀਨ ਭਏ ਤਨ ਜੇ ਬਿਰਧਾਇ।
ਧਾਇ ਕਹਾਂ[1] ਮ੍ਰਿਗ ਮਾਲ ਫਿਰੈ,

[1]ਕਿਧਰੇ ਤਾਂ ਦੌੜਦੀ ਫਿਰਦੀ ਹੈ।

ਗ੍ਰਿਝ, ਰੋਝ[1] ਝੰਖਾਰਨ[2] ਕੇ ਸਮੁਦਾਇ[†] ॥੭॥

[1]ਨੀਲਗਾਏ। [2]ਬਾਰਾਸਿੰਗਾ। [†]ਪਾਠਾਂਤ੍ਰ ਭੇਦ ਨਾਲ ਇਹ ਛੰਦ ਰਾਸ ੧੧ ਅੰਸੂ ੪੯ ਅੰਕ ੨੨ ਵਿਚ ਵੀ ਆ ਚੁੱਕਾ ਹੈ ਅਰਥ ਵੀ ਓਥੇ ਦਿਤੇ ਹਨ।

ਕੇਹਰਿ ਭਾਲਕ ਡੋਲਤਿ ਹੈਂ
ਗਜ ਬੋਲਤਿ ਹੈਂ ਕਰਨੀ ਅਵਿਲੋਕ।
ਇੰਗਦ ਦੀਰਘ ਸੂਕਰ ਧਾਰਤਿ[1]

[1]ਵਡੀਆਂ ਵਡੀਆਂ ਹੁੱਡਾਂ ਸੂਰ ਧਾਰਦੇ ਹਨ।

ਬ੍ਰਿੰਦ ਸਸੇ ਸੁ ਬਸੇ ਕਰਿ ਓਕ[1]।

[1]ਘਰ ਬਣਾ ਕੇ ਰਹਿੰਦੇ ਹਨ।

ਸ਼੍ਰਿੰਗ ਉਤੰਗ ਝੰਖਾਰਨ ਕੇ[1],

[1]ਬਾਰਾਸਿੰਗਿਆਂ ਦੇ।

ਪਲਪੀਨ[1] ਫਿਰੈਂ ਕਿਤਹੂੰ ਨਹਿੰ ਰੋਕ।

[1]ਮੋਟੇ ਮਾਸ ਵਾਲੇ।

ਤੀਤਰ, ਆਰਨ ਚੂੜ[1], ਬਟੇਰਨ,

[1]ਕੁੱਕੜ।

ਜਾਇ ਸਕੈਂ ਨ ਜਹਾਂ ਬਹੁ ਲੋਕ[†] ॥੮॥

[†]ਪਾਠ ਦੇ ਥੋੜੇ ਥੋੜੇ ਫਰਕ ਨਾਲ ਰਾਸ ੧੧ ਅੰਸੂ ੪੯ ਅੰਕ ੨੩ ਵਿਚ ਇਹ ਬੀ ਆ ਚੁੱਕਾ ਹੈ ਤੇ ਅਰਥ ਬੀ ਓਥੇ ਦਿਤੇ ਹਨ।

ਕਬਿੱਤ:

ਲੈ ਕੇ ਸੰਗ ਨਾਹਣੇਸ਼ ਗੁਰੂ ਜਗਤੇਸ਼ ਹੂੰ ਕੋ,
ਖੇਲਿਬੇ ਅਖੇਰ ਕੇ ਬਹਾਨੇ ਬਨ ਗਾਹਈ।
ਫਿਰੈ ਦੂਰ ਦੂਰ ਲੌਂ ਹਜ਼ੂਰ ਸੋਂ ਬਖਾਨੈ ਬਾਕ
'ਹੇਰੋ ਪ੍ਰਭੁ ਪੂਰਨ ਜਹਾਂ ਕੋ ਚਿਤ ਚਾਹਿਈ।
ਹੋਇ ਸਭਿ ਰੀਤਿ ਸੁਖ, ਕੋਈ ਰੁਤ ਮੈਂ ਨ ਦੁਖ,

ਦੀਜੈ ਫੁਰਮਾਇ ਮੁਖ -ਇਹਾਂ† ਨਿਰਬਾਹਈ[1]-।
ਤਹਾਂ ਘਾਲਿ ਡੇਰਾ ਕਰੋ ਅਨੰਦ ਬਸੇਰਾ ਨਿਤ,
ਨਗਰ ਬਡੇਰਾ ਬਨੈ ਆਪ ਜੋ ਉਮਾਹਈ[1]' ॥੯॥

[1]ਏਥੇ ਨਿਰਬਾਹ ਹੋ ਜਾਵੇਗਾ। †ਪਾ:-ਜਹਾਂ।

[1]ਜੇ ਆਪ ਚਾਹੋਗੇ।

ਊਚ ਨੀਚ ਥਾਨ ਫਿਰੇ ਗੁਰੂ ਭਗਵਾਨ ਬਹੁ
ਮਨ ਮੈਂ ਬਿਲੰਦ ਹੀ ਪਸੰਦ ਕੋ ਨ ਆਵਈ।
ਬਿਚਰਤਿ ਗਏ ਰੰਮ[1] ਜਮੁਨਾ ਪ੍ਰਵਾਹ ਜਹਾਂ,
ਹੇਰਿ ਹਰਖਾਨੇ ਨੀਰ ਅਧਿਕ ਸੁਹਾਵਈ।
ਦੀਰਘ ਜੁ ਦੂਨ ਤਾਂ ਕੀ ਦੁਤਿ ਕੌ ਚਊਨ[1] ਕਰੈ,
ਲੋਕਨ ਤੇ ਸੂੰਨ[1] ਬਨ ਜਹਾਂ ਦ੍ਰਿਸ਼ਟਾਵਈ।
ਸਭਿ ਜੀ ਕੇ ਹਾਰ ਹੈ ਕਿ ਸਬਜ਼ੀ ਬਹਾਰ ਹੈ
ਸੁ ਮੰਜੁਸ ਬਿਹਾਰ ਹੈ[1] ਅਨੰਦ ਉਪਜਾਵਈ ॥੧੦॥

[1]ਸੁੰਦਰ।

[1]ਚਉਗਣਾ।

[1]ਭਾਵ ਏਕਾਂਤ।

[1]ਸਭ ਦੇ ਜੀ ਦੇ ਹਰਨਹਾਰੀ ਹਰਿਆਵਲ ਦੀ ਬਹਾਰ ਹੋ ਰਹੀ ਹੈ ਤੇ ਮਨੋਹਰ ਵਿਚਰਦੀ ਹੈ (ਜਮੁਨਾ) [ਸੰਸ. ਮੰਜੁ = ਮਨੋਹਰ]।

ਸੁਤਾ ਸਪਤਾਸੁ ਕੀ, ਨਸੱਯਾ ਪਾਪ ਰਾਸਿ ਕੀ
ਦਿਵੱਯਾ ਮੋਖ ਦਾਸ ਕੀ ਲਖੈਂ ਜੁ ਨੇਮ ਜਮਨਾ।
ਏਕ ਬਾਰਿ ਬਾਰਿ ਛੁਏ ਪਾਵਨਤਾ ਪਾਵਨ ਕੈ
ਪਾਨ ਤੇ ਸ਼ਨਾਨ ਤੇ ਦੁਖਤਿ ਤਿਨ ਜਮ ਨਾ।
ਸ਼ਯਾਮ ਜਲ ਜਲਜ ਬਿਲੋਚਨਿ ਕੀ ਸ਼ਯਾਮ ਪਤਿ
ਚੰਚਲ, ਅਛਲ, ਜਿਨ ਛਲਯੋ ਕਾਲਜਮੁਨਾ।
ਜਾਂ ਕੇ ਆਨ ਸਮ ਨਾ† ਬਿਘਨ ਗਨ ਸ਼ਮਨਾ
ਸਦੀਵ ਸਿੰਧ ਗਮਨਾ ਸੁਹਾਇ ਸ਼ੁਭ

†ਇਹ ਟਿਕਾਣਾ ਸੱਚਮੁਚ ਬੜਾ ਸੁਹਣਾ ਤੇ ਰਮਣੀਕ ਹੈ, ਜਮਨਾ ਦਾ ਪ੍ਰਵਾਹ ਏਥੇ ਉਪਰੋਂ ਆਉਂਦਾ ਸ਼ਿਵਾਲਕ ਨਾਲ ਟੱਕਰ ਖਾਕੇ ਹੇਠ ਨੂੰ ਮੁੜਦਾ ਡਾਢਾ ਖੂਬਸੂਰਤ ਲਗਦਾ ਹੈ। ਜਲ ਦਾ ਰੰਗ ਬੀ ਸਿਆਲੇ ਵਿਚ ਅਜੀਬ ਨੀਲਾ ਨੀਲਾ ਹੁੰਦਾ ਹੈ, ਕਿਨਾਰਾ ਉਚਾ ਹੈ। ਕਦੇ ਖਾਲਸਾ ਏਥੇ ਰੌਣਕ ਵਧਾਵੇ ਤਾਂ ਚੰਗਾ ਹੋਵੇ, ਬੜਾ ਸੁਹਣਾ ਥਾਉਂ ਹੈ।

†ਇਹ ਕਬਿਤ ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤ੍ਰਾਰਧ

ਜਮਨਾ[†] ॥੧੧ ॥

ਅਧਯਾਯ ੫੭ ਅੰਕ ੧੦੨ ਵਿਚ ਆ ਚੁਕਾ ਹੈ। ਅਰਥ ਵੀ ਉਥੇ ਦਿਤੇ ਹਨ।

ਕੇਤੀ ਦੂਰ ਤੀਰ ਤੀਰ ਫਿਰੇ ਬਰ ਬੀਰ ਧੀਰ
ਹੇਰਤਿ ਗੰਭੀਰ ਨੀਰ ਸੀਰ ਸ਼ੁਭ ਚਾਲਤੇ।
ਕਹੂੰ ਬੇਗ ਜ਼ੋਰ ਤੇ ਮਰੋਰਤੇ ਸੁ ਭੌਰੀ ਪਰੈ[1],

[1]ਘੁੰਮਰ ਪੈਂਦਾ ਹੈ।

ਕਹੂੰ ਫੇਨ ਫੋਰਤੇ ਕਹੂੰਕ ਸੋ ਉਠਾਲਤੇ[1]।

[1]ਕਿਤੇ ਓਹ (ਘੁੰਮਰ) ਝੱਗ ਫੋੜਦੇ ਹਨ ਤੇ ਕਿਤੇ (ਓਹ ਝੱਗ) ਬਣਾਉਂਦੇ ਹਨ।

ਕਤਹੂੰ ਉਤੰਗ ਸ਼ਯਾਮ ਰੰਗ ਕੇ ਤਰੰਗ ਬ੍ਰਿੰਦ
ਕਤਹੂੰ ਮਤੰਗ ਅੰਗ ਸੰਗਨਿ ਉਛਾਲਤੇ[1]।

[1]ਕਿਤੇ ਹਾਥੀ (ਜਲ ਕ੍ਰੀੜਾ ਕਰਦੇ) ਅੰਗਾਂ ਨਾਲ (ਪਾਣੀ) ਉਛਾਲਦੇ ਹਨ (ਜੰਗਲੀ ਹਾਥੀ ਸ਼ਿਵਾਲਕ ਵਿਚ ਹੈਨ)। (ਅ) ਮਾਨੋ ਹਾਥੀ...।

ਪਾਥਰ ਪਖਾਲਤੇ, ਕਹੂੰਕ ਤਟ ਡਾਲਤੇ[1],

[1]ਕਿਨਾਰੇ ਢਹਿ ਰਹੇ ਹਨ।

ਕਿਤੇਕ ਜਲ ਹਾਲਤੇ ਝਖਾਦਿ ਜੰਤੁ ਜਾਲ ਤੇ[1] ॥੧੨ ॥

[1]ਤੇ ਕਿਤੇ ਕੁ ਸਮੂਹ ਮੱਛੀ ਆਦਿ ਜੰਤੂਆਂ ਕਰਕੇ ਜਲ ਹਿੱਲਦਾ ਹੈ।

ਬਿਚਰੇ ਬਿਲੋਕਤਿ ਸੁ ਥਲ ਹੇਤੁ ਰੋਕਨਿ ਕੇ
ਭੇਤੀ ਜੇ ਹੈਂ ਲੋਕ ਹਾਥ ਜੋਰਿ ਸੋ ਬਤਾਵਤੇ।
ਸੁੰਦਰ ਸਿਲਾਨ ਕੂਲ ਜਾਨਜੋ ਅਨਕੂਲ ਆਛੇ
ਖਰੇ ਦਿਢ ਮੂਲ ਜਹਾਂ ਬਿਟਪ ਸੁਹਾਵਤੇ।
ਗੁਰੂ ਕੇ ਪਸੰਦ ਆਯੋ ਆਨੰਦ ਬਿਲੰਦ ਪਾਯੋ
ਭਾਖਤਿ ਨਰਿੰਦ ਸੰਗ 'ਏਈ ਮਨ ਭਾਵਤੇ।
ਪਿਖੈਂ ਸੁ ਪੂਰ ਆਵਤੇ[1] ਸਮੁਖ ਛਬਿ ਪਾਵਤੇ

[1]ਪੂਰਨ (ਜਲ ਦਾ ਵੇਗ) ਆਉਂਦਾ ਦਿੱਸਦਾ ਹੈ।

ਰਿਦੇ ਕੋ ਹਰਖਾਵਤੇ ਸੁ ਬੇਗ ਜਲ ਜਾਵਤੇ' ॥੧੩ ॥
ਮੇਦਨੀ ਪ੍ਰਕਾਸ਼ ਕੋ ਸੁਨਾਇ ਨਿਜ ਬਾਸ ਕੋ
ਸੁ ਹੋਇ ਜਲ ਪਾਸ ਕੋ, ਤੁਰੰਗ ਕੋ ਟਿਕਾਇ ਕੈ।
ਹੇਰਿ ਤਰੁ ਮੂਲ ਕੋ ਸੁ ਜਮਨਾ ਕੇ ਕੂਲ ਕੋ
ਨਿਵੇਸ ਹੇਤੁ ਉਤਰੇ ਅਨੰਦ ਕੋ ਬਢਾਇ ਕੈ।
ਤਾਤਕਾਲ ਡਾਲਿ ਕਰਿ ਫਰਸ਼ ਉਤਾਲ ਕਰਿ
ਗਾਦੀ ਰੰਗ ਲਾਲ ਕੀ ਸੁ ਦਾਸਨਿ ਡਸਾਇ ਕੈ।
ਬੈਠਿ ਸ਼੍ਰੀ ਗੁਬਿੰਦ ਸਿੰਘ ਬੋਲਤਿ ਨਰਿੰਦ

ਸੰਗ
'ਸੁੰਦਰ ਬਿਲੰਦ ਹੈ ਪਸੰਦ ਮਨ ਭਾਇ ਕੈ
॥੧੪॥
ਜਮਨਾ ਪ੍ਰਵਾਹ ਇਕ, ਦੂਸਰੇ ਉਤੰਗ ਤਟ[1], [1]ਉੱਚਾ ਹੈ ਕਿਨਾਰਾ।
ਤੀਸਰੇ ਤਰੁਨਿ ਠਟ[1] ਸੈਲਨ ਕੀ ਸੈਲ ਹੈ[2]। [1]ਤੀਸਰੇ ਬ੍ਰਿੱਛਾਂ ਦਾ ਠਾਠ (ਖੂਬ ਹੈ)। (ਅ) ਸੂਰਜ ਦੀ ਸ਼ੋਭਾ ਭੀ ਅਰਥ ਲਾਉਂਦੇ ਹਨ। [2]ਪਹਾੜਾਂ ਦੀ ਸੈਰ ਹੈ।
ਸਬਜ਼ੀ ਸੁਹਾਇ, ਬਿਨ ਪੰਕ ਹੈ ਸੁ ਥਾਇ, ਸੁਭ
ਦੂਣ ਬਿਸਤਾਰ ਸੋ ਉਦਾਰ ਚਲੈ ਗੈਲ ਹੈ[1]।' [1]ਬੜਾ ਰਾਹ ਚਲਦਾ ਹੈ।
ਮੇਦਨੀ ਪ੍ਰਕਾਸ਼ ਸੁਨਿ ਹਾਥ ਜੋਰਿ ਬਾਕ ਭਨਿ
'ਮਨ ਕੀ ਪਛਾਨੋ ਤੁਮ ਦੇਖਯੋ ਥਲ ਛੈਲ ਹੈ[1]। [1]ਸੁੰਦਰ।
ਈਹਾਂ ਲਗਿ ਹੱਦ ਹਮ ਕਰੀ ਰਿਪੁ ਸੰਗ ਬਦ[1] [1]ਨੀਯਤ ਕੀਤੀ ਹੋਈ ਹੈ।
ਕੇਤੀ ਬਾਰ ਜਿਦੈਂ ਕਰਿ ਜੰਗ ਭਯੋ ਐਲ ਹੈ[1] [1]ਜੰਗ ਦਾ ਰੌਲਾ ਪਿਆ ਹੈ।
॥੧੫॥
ਫਤੇ ਸ਼ਾਹ ਮਹੀਪਾਲ ਹਮ ਤੇ ਬਿਸਾਲ ਦੇਸ਼
ਧਾਰਤਿ ਗ਼ਰੂਰ ਸੂਰ ਲੈ ਕੇ ਸਮੁਹਾਤਿ ਹੈ।
ਦੇਤਿ ਹੈ ਬਿਖਾਦ ਕੋ ਨ ਰਾਖੈ ਮਿਰਜਾਦ ਕੋ,
ਬਿਰੋਧ ਪਰਯੋ ਆਦਿ ਕੋ ਨ ਹੋਤਿ ਕਬਿ ਸ਼ਾਂਤਿ ਹੈ।
ਯਾਂ ਤੇ ਮੈਂ ਅਰਾਧੇ ਉਰ, ਆਏ ਆਪ ਬਲੀ ਗੁਰ,
ਕਾਮਨਾ ਕੋ ਜਾਨਿ ਮਨ ਪੂਰੀ ਸਭਿ ਭਾਂਤਿ ਹੈ।
ਹੱਦ ਪੈ ਨਿਵੇਸ ਕੀਨਿ ਭਯੋ ਸਭਿ ਤ੍ਰਾਸ ਹੀਨ,
ਮੋ ਕੋ ਦਾਸ ਚੀਨ ਪਾਸ ਲੀਨਿ ਬਾਸ ਖਜਾਤ ਹੈ[1]' ॥੧੬॥ [1]ਨੇੜੇ ਵਾਸਾ ਲਿਆ ਹੈ ਪ੍ਰਗਟ ਹੀ।
ਸੁਨਿ ਕੈ ਨਰਿੰਦ ਪੀਰ[1] ਸ੍ਰੀ ਗੁਵਿੰਦ ਸਿੰਘ ਬੀਰ, [1]ਰਾਜੇ ਦਾ ਦੁਖ।
ਦਈ ਕਹਿ ਧੀਰ 'ਜੌ ਲੌ ਹਮ ਥਿਰੈਂ ਥਾਨ

ਮੈਂ।
ਕੌਨ ਸੀਸ ਧਾਰੇ ਦੋਇ, ਆਇ ਕੈ ਸਮੁਖ ਹੋਇ[1]
ਤੀਰਨਿ ਪੁਰੋਇ ਰਿਪੁ ਕਰੌਂ ਘਮਸਾਨ ਮੈਂ।
ਬਾਪੁਰੇ ਅਪਰ ਇਨ ਗਿਨਤੀ ਬਖਾਨੈ ਕਹਾਂ
ਲਰੈ ਜੇ ਨੁਰੰਗ ਸਾਰੇ ਰੰਗ ਦੇਊ ਹਾਨ ਮੈਂ[1]।'
ਅਭੈ ਦਾਨ ਦੀਨਿ 'ਰਹੋ ਸੁਖ ਮੈਂ ਅਸੀਨ[1] ਅਬਿ,
ਚਿੰਤ ਤੇ ਬਿਹੀਨ ਕਾਨ ਆਨ ਕੀ ਨ ਮਾਨ ਮੈਂ[1]' ॥੧੭॥

[1]ਕੌਣ ਦੋ ਸਿਰਾਂ ਵਾਲਾ ਜੰਮਿਆ ਹੈ ਜੋ ਸਾਹਮਣੇ ਹੋਵੇ।
[1]ਰੰਗ (ਅਨੰਦ) ਨਾਸ਼ ਕਰ ਦਿਆਂਗਾ।
[1]ਸੁਖਾਂ ਵਿਚ ਟਿਕ ਕੇ।
[1]ਮਨ ਵਿਚ ਨਾਂ (ਜਾਣੋ)।

ਸ੍ਵੈਯਾ:
ਬਾਕ ਬਿਲਾਸ ਪ੍ਰਭੂ ਇਮ ਕੀਨਿ
ਨਰਿੰਦ ਬਲਿੰਦ ਅਨੰਦ ਕਿਯੋ।
ਭੀਰ ਬਿਹੀਰ ਕੀ ਮਾਰਗ ਤੇ
ਸਮੁਦਾਇ ਸਮਾਜ ਪਹੁੰਚਿ ਗਯੇ।
ਕੀਨਿ ਨਿਵੇਸ਼ ਅਸ਼ੇਸ਼ ਹੀ ਸੈਨ,
ਤੁਰੰਗ ਕੋ ਬ੍ਰਿੰਦ ਲਗਾਇ ਦਯੋ।
ਆਪਨੇ ਆਪਨੇ ਥਾਨ ਸਭੀ,
ਅਵਿਲੋਕਿ ਕੁਸ਼ਾਦ[1] ਕੋ ਰੋਕ ਲਯੋ ॥੧੮॥

[1]ਖੁੱਲ੍ਹਾ (ਥਾਂ)।

ਕਬਿੱਤ:
ਤਨ ਦੀਨ[1] ਚਾਨਣੀ ਚਕੋਦ[2] ਚਾਰੁ ਚਹੂੰ ਦਿਸ਼ਿ
ਝਾਲਰ ਜ਼ਰੀ ਕੀ ਗਨ ਲਰੀ ਮੁਕਤਾਨ ਕੀ।
ਰੇਸ਼ਮ ਕੀ ਡੋਰਨ ਸੋਂ ਐਂਚਿ ਕਰਿ ਜੋਰਨ ਸੋਂ[1]
ਬੰਧਿ ਚਹੂੰ ਓਰਨ ਸੋਂ ਗਾਢੀ ਕੈ ਮਹਾਨ ਕੀ[1]।
ਤੰਬੂ ਜੁ ਕਦੰਬ ਆਡ ਦੀਨੇ ਹੈਂ[1] ਬਿਲੰਬ ਬਿਨ,
ਤਾਨੀ ਹੈ ਬਨਾਤ ਕੀ ਕਨਾਤ ਓਟ ਠਾਨਿ ਕੀ[1]।

[1]ਤਾਣ ਦਿਤੀ। [2]ਚਾਰ ਕੋਨਿਆਂ ਵਾਲੀ ਚਾਨਣੀ।
[1]ਜ਼ੋਰ ਨਾਲ।
[1]ਬਹੁਤ ਤਕੜੀ ਕੱਸ ਦਿੱਤੀ।
[1]ਤੰਬੂ ਸਾਰੇ ਤਾਣ ਦਿੱਤੇ।
[1]ਓਟ ਕਰ ਦਿੱਤੀ।

ਲੈਨ[1] ਹੈ ਕਿਕਾਨ ਕੀ ਸੁਹਾਈ ਦੁਤਿਵਾਨ ਕੀ
ਬਨਾਈ ਬੁੱਧਿਵਾਨ ਕੀ ਦਿਖਾਈ ਰੰਗਵਾਨ ਕੀ[1] ॥੧੯॥
ਲਾਗਜੋ ਹੈ ਅਸ਼ੇਸ਼ ਡੇਰਾ ਉਠਿ ਕੈ ਨਰੇਸ਼ ਹੇਰਾ
ਲੈ ਕੈ ਗੁਰ ਆਇਸੁ ਕੋ ਆਪ ਜਾਨਿ ਕੀਨਿਯੋ।
ਦੂਨ ਅਭਿਰਾਮਨੀ ਮੈਂ ਜਾਮਨੀ ਬਿਤੀਤ ਕਰੀ,
ਜਮੁਨਾ ਕੇ ਜਲ ਮੈਂ ਸ਼ਨਾਨ ਕਰਿ ਲੀਨਿਯੋਂ।
ਚਾਰ ਘਰੀ ਦਿਨ ਚਰੇ ਨਾਹਣੇਸ਼ ਪਾਸ ਆਯੋ
ਬੰਦਨਾ ਕੋ ਠਾਨਿ ਪਗ ਪ੍ਰਭੁ ਪ੍ਰੇਮ ਭੀਨਿਯੋ।
ਬੈਠਿ ਕੈ ਪ੍ਰਸੰਗ ਕੋਈ ਬੋਲਜੋ ਰਸ ਰੰਗ ਸੋਈ
ਬੂਝਜੋ ਜਜੋਂ ਬਤਾਇ ਦੇਤਿ ਬਿਲਮ ਬਿਹੀਨਯੋ ॥੨੦॥
ਬਾਕ ਕੋ ਪ੍ਰਕਾਸ਼ ਕੀਨਿ ਮੇਦਨੀ ਪ੍ਰਕਾਸ਼ ਸੰਗ
'ਸੁਨੋਂ ਮਹਿਪਾਲਕ ! ਜਜੋਂ ਰੀਤਿ ਰਾਜਨੀਤਿ ਕੀ।
ਸੁਭਟ ਪ੍ਰਚੰਡ ਕੋ ਘਮੰਡ ਹੁਇ ਆਗੇ ਬਹੁ
ਕੈਸੇ ਬਿਨ ਜੰਗ ਤੇ ਧਰੈਂਗੇ ਧੀਰ ਚੀਤ ਕੀ[1]।
ਵਧੈ ਗੋ ਵਿਰੋਧ, ਸ਼ਮਸ਼ੇਰ ਕੇ ਬਸਨ ਜੋਧ[1],
ਹਤੈਂ ਸ਼ਮਸ਼ੇਰ ਕ੍ਰੋਧ, ਰੱਛਾ ਕਰੈਂ ਮੀਤ ਕੀ।
ਚਾਹੀਏ ਮਵਾਸ ਕੋਟ ਬਨੈ[1] ਆਪ ਪਾਸ ਓਟ,
ਤ੍ਰਾਸ ਦੇ ਰਿਪੁਨ, ਪੁਨ ਆਸ ਧਰੈਂ ਜੀਤ ਕੀ[1]' ॥੨੧॥
ਨਾਹਣ ਨਰਿੰਦ ਹਾਥ ਬੰਦਿ ਕੇ ਬਖਾਨਜੋ ਤਬਿ

[1]ਕਤਾਰ। [ਅੰਗ੍ਰੇਜ਼ੀ, ਲਾਈਨ]।

[1]ਬੁਧੀਵਾਨਾਂ ਨੇ (ਅੱਡੋ ਅੱਡ) ਰੰਗ (ਦੋ ਘੋੜਿਆਂ) ਦੀ (ਕਤਾਰ) ਬਨਾ ਦਿਖਾਈ ਹੈ।

[1]ਚਿਤ ਵਿੱਚ ਧੀਰਜ ਕੀਕੂੰ ਧਾਰਨਗੇ ਭਾਵ ਟਿਕ ਕੇ ਕੀਕੂੰ ਬੈਠਣਗੇ।

[1]ਜੋਧਿਆਂ ਦਾ ਵੱਸਣਾ ਸ਼ੇਰਾਂ ਵਾਂਙੂ ਹੋਵੇਗਾ ਭਾਵ ਹਰ ਵੇਲੇ ਜੰਗ ਨੂੰ ਤਿਆਰ।

[1]ਰਖਜਾ ਦਾ ਥਾਉਂ ਕੋਈ ਕਿਲਾ ਬਣੇ। [ਸੰਸ. ਮਵਾਸ = ਰਾਖੀ ਦਾ ਥਾਉਂ]।

[1]ਜੋ ਵੈਰੀਆਂ ਨੂੰ ਡਰ ਦੇਵੇ, ਫਿਰ (ਸੂਰਮੇ) ਜਿੱਤ ਦੀ ਆਸਾ ਰੱਖਣ।

'ਬਨੈ ਤਾਤਕਾਲ ਨ ਬਿਲਮ ਮੋਹਿ ਭਾਇ ਹੈ।
ਸਗਰੀ ਅਣੀਕ[1] ਔਰ ਪ੍ਰਜਾ ਜੇਤੀ ਦੇਸ਼ ਬੀਚ
ਕਰਿਹੌਂ ਬਟੋਰਨਿ ਪਹੁੰਚੈ ਸਹਿਸਾਇ ਹੈ।
ਕਰੀਏ ਹਕਾਰਨਿ ਮਜੂਰ ਔਰ ਕਾਰੀਗਰ
ਸੁਨਿਬੇ ਤੇ ਜਹਾਂ ਕਹਾਂ ਆਇੰ ਉਤਲਾਇ ਹੈਂ।
ਅਪਨਿ ਲਗਾਵੌਂ ਸੈਨ, ਸ਼ੀਘ੍ਰ ਹੁਇੰ ਤਜਾਰ ਐਨ,
ਹਮੈਂ ਕਾਹੂੰ ਭੈ ਨ ਰਿਪੁਤ੍ਰਾਸ ਘਨੇ ਪਾਇਹੈ' ॥੨੨॥

[1]ਸੈਨਾ।

ਸ੍ਵੈਯਾ:
ਸ੍ਰੀ ਕਲਗੀਧਰ ਸੋਂ ਕਹਿ ਕੈ
ਸਭਿ ਗ੍ਰਾਮਨਿ ਮੈਂ ਤਤਕਾਲ ਪਠਾਏ।
ਮਾਨਵ ਬ੍ਰਿੰਦ ਬਟੋਰਨਿ ਕੀਨਿ
ਹੁਤੇ ਨਿਜ ਦੇਸ਼ ਮੈਂ ਸਾਰੇ ਬੁਲਾਏ।
ਆਇ ਹਜ਼ਾਰਨ ਕੋਟ ਬਨਾਵਨਿ
ਬ੍ਰਿੰਦ ਮਜੂਰ ਸੁਨੇ ਚਲਿ ਆਏ।
ਭੀਰ ਭਈ ਗੁਰ ਦੇਗ ਚਲੈ
ਬਿਨ ਤੋਟ ਰਹੈ ਪਿਖਿ ਕੈ ਬਿਸਮਾਏ ॥੨੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜਗ੍ਰਿੰਥੇ ਪ੍ਰਥਮਰੁਤੇ 'ਜਮਨਾਤਟ ਆਗਮਨ' ਪ੍ਰਸੰਗ ਬਰਨਨੰ ਨਾਮ ਖਸ਼ਟਚਤ੍ਵਾਰਿਸਤੀ ਅੰਸੂ ॥੪੬॥

੪੭. [ਪਾਂਵਟਾ ਰਚਿਆ]

੪੬<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੮

ਦੋਹਰਾ:

ਭਈ ਭੀਰ ਜਿਤ ਕਿਤਹੁ ਤੇ, ਨਰ ਪਹੁੰਚੇ ਸਮੁਦਾਇ।
ਜੰਗਲ ਮਹਿਂ ਮੰਗਲ ਕਰਜੋ, ਕਲ਼ਗੀਧਰ ਹਰਿਖਾਇ ॥੧॥

ਤੋਟਕ ਛੰਦ:

ਹਿਤ ਕੋਟ ਚਿਨਾਵਨਿ ਚਾਹਿ ਧਰੀ।
ਕਲ਼ਗੀਧਰ ਆਇਸੁ ਏਵ ਕਰੀ।
'ਅਬਿ ਲੇਹੁ ਹਜ਼ਾਰ ਕਰਾਹ ਕਰੋ[1]।
ਜਮਨਾ ਤਟ ਲਜਾਇ ਬਨਾਇ ਧਰੋ' ॥੨॥
ਸੁਨਿ ਆਇਸੁ ਦਾਸਨਿ ਸ਼ੀਘ੍ਰ ਧਰੀ।
ਬਨਵਾਇ ਭਲੇ ਬਿਧਿ ਸੰਚ ਕਰੀ।
ਸਭਿ ਆਨਿ ਧਰਜੋ ਤਤਕਾਲ ਤਹਾਂ।
ਜਮਨਾ ਤਟ ਬੈਠਨਿ ਥਾਨ ਜਹਾਂ ॥੩॥
ਗੁਰ ਨਾਨਕ ਆਦਿਕ ਨਾਮ ਲਿਏ।
ਕਰ ਜੋਰਿ ਖਰੇ ਅਰਦਾਸ ਕਿਏ।
'ਦਸਮੋ ਪਤਿਸ਼ਾਹ ਚਿਨਾਵਤਿ ਹੈਂ।
ਜਮਨਾ ਤਟ ਕੋਟ ਬਨਾਵਤਿ ਹੈਂ ॥੪॥
ਦਿਨ ਰੈਨ ਸਹਾਇਕ ਆਪ ਬਨੋ।
ਬਿਘਨਾਗਨ ਕੋ ਤਤਕਾਲ ਹਨੋ।'
ਇਮ ਹੋਇ ਖਰੇ ਅਰਦਾਸ ਕਰੀ।
ਕਰ ਬੰਦਿ ਭਲੇ ਪਰਣਾਮ ਕਰੀ ॥੫॥
ਬਹੁਰੋ ਸਭਿ ਮੈਂ ਬਰਤਾਇ ਦਿਯੋ।
ਕਰਿ ਆਦਰ ਲੇ ਮੁਖ ਖਾਨਿ ਕਿਯੋ।
ਪੁਨ ਆਪ ਉਠੇ ਨ੍ਰਿਪ ਸੰਗ ਲਿਯੋ।
ਪਰਧਾਨ ਸਮੂਹ ਸੁ ਸੰਗ ਭਯੋ ॥੬॥
ਬਿਸਤਾਰ ਜਿਤੇਕ ਬਿਸਾਲ ਚਹਜੋ।
ਚਿਨਿਬੇ ਕਹੁ ਕੋਟ ਸੁਨਾਇ ਕਹਜੋ।
ਜਿਸ ਬੀਚ ਹਜ਼ਾਰਹੁ ਬੀਰ ਰਹੈਂ।
ਹਯ ਬਿੰਦਨਿ ਕੋ ਜਹਿਂ ਥਾਨ ਲਹੈਂ ॥੭॥
ਲਰਿਬੇ ਹਿਤ ਘਾਤ ਬਨਾਇ ਕਰੋ।
ਹਤਿ ਹੇਤੁ ਤੁਫੰਗ ਬਿਧਾਨ ਧਰੋ[1]।

[1]ਹਜ਼ਾਰ ਰੁਪੱਯੇ ਦਾ ਕੜਾਹ ਪ੍ਰਸ਼ਾਦ ਕਰੋ।

[1]ਮਾਰਨੇ ਲਈ ਬੰਦੂਕਾਂ ਦੀ ਬਿਧੀ ਬਨਾਓ।

ਗੁਰ ਪੂਰਬ ਹਾਥ ਲਗਾਇ ਦਯੋ।
ਰਣ ਲੇਨਿ ਫਤੇ ਉਤਸਾਹ ਹਿਯੋ ॥੮॥
ਸਮੁਦਾਇ ਲਗੇ ਸਭਿ ਕਾਰ ਕਰੈਂ।
ਗਨ ਪਾਹਨ ਆਨਿ ਬਨਾਇ ਧਰੈਂ।
ਮ੍ਰਿਤਕਾ ਗਨ ਡਾਲਤਿ ਪੰਕ[1] ਘਨੋ।
ਬਹੁ ਰੌਰ ਪਰੋ ਬਡ ਜੰਗ ਮਨੋ ॥੯॥
ਸਿਰ ਊਪਰ ਕੋਇ ਉਠਾਵਤਿ ਹੈ।
ਗਨ ਪਾਥਰ ਕੋ ਉਖਰਾਵਤਿ ਹੈ।
ਰਘੁਬੀਰ ਮਨੋ ਦਧਿ ਸੇਤੁ ਕਰਜੋ[1]।
ਨਰ ਬ੍ਰਿੰਦਨਿ ਤੇ ਇਮ ਰੌਰ ਪਰਜੋ ॥੧੦॥
ਕਹਿ ਕੋਇਕ ਕਾਰ ਕਰਾਵਤਿ ਹੈਂ।
ਬਿਧਿ ਰਾਖਨਿ ਕੋ ਸੁ ਬਤਾਵਤਿ ਹੈਂ।
ਗੁਰ ਸੰਝ ਸਕਾਰ[1] ਨਿਹਾਰਤਿ ਹੈਂ।
ਮੁਖ ਸਾਧਹਿ ਸਾਧ[1] ਉਚਾਰਤਿ ਹੈਂ ॥੧੧॥
ਮਹਿਪਾਲਿਕ ਸੈਨ ਕਰੈ ਕ੍ਰਿਤ ਕੋ।
ਗੁਰ ਸੰਗਤਿ ਭਾਉ ਧਰੇ ਚਿਤ ਕੋ।
ਕਲਗ਼ੀਧਰ ਕੇ ਭਟ ਕਾਰ ਕਰੈਂ।
ਪੰਚ ਭ੍ਰਾਤ ਕਰਾਵਤਿ ਤੀਰ ਥਿਰੈਂ ॥੧੨॥
ਬਡ ਬ੍ਰਿੰਦ ਮਸੰਦਨਿ ਸੰਗ ਲਿਯੇ।
ਨੰਦ ਚੰਦ ਕਹੈ ਉਤਸਾਹ ਦਿਯੇ।
ਨਰ ਹੋਇ ਹਜ਼ਾਰਹੁ ਆਨਤਿ ਹੈਂ।
ਕਰਿ ਤੂਰਨਤਾ ਗਢ ਠਾਨਤਿ ਹੈਂ ॥੧੩॥
ਸਭਿ ਬਾਸੁਰ ਦੇਗ਼ ਬਿਸਾਲ ਚਲੇ।
ਮਨ ਭਾਵਤਿ ਭੋਜਨ ਭੂਰ ਮਿਲੇ।
ਗੁਰ ਲੇ ਕਰਿ ਸੰਗ ਮਹੀਪਤਿ ਕੋ।
ਫਿਰਿ ਹੇਰਤਿ ਹੈਂ ਸਗਰੀ ਕ੍ਰਿਤ ਕੋ ॥੧੪॥
ਬਹੁ ਸ਼ੀਘ੍ਰ ਬਨਜੋ ਉਤਸਾਹਤਿ ਹੈਂ।
ਗਢ ਕੋ ਦਿਢ ਠਾਨਿ ਉਮਾਹਤਿ ਹੈਂ।
ਦਿਨ ਦ੍ਵਾਦਸ਼ ਮੈਂ ਸਭਿ ਤਜਾਰ ਕਰਜੋ।

[1]ਚਿੱਕੜ ਭਾਵ ਗਾਰਾ।
[1]ਰਾਮਚੰਦ੍ਰ ਮਾਨੋ ਸਮੁੰਦਰ ਤੇ ਪੁਲ ਬਨ੍ਹਾ ਰਿਹਾ ਹੈ।
[1]ਸ਼ਾਮਾਂ ਨੂੰ ਤੇ ਸਵੇਰੇ।
[1]ਸ਼ਾਬਾਸ਼ ਸਾਬਾਸ਼।

ਗਨ ਪਾਹਨ ਪੰਕ ਮਹਾਨ ਧਰਜੋ ॥੧੫॥
ਰਚਿ ਸੁੰਦਰ ਦ੍ਵਾਰ ਉਦਾਰ ਮਹਾਂ[1]।
ਦ੍ਰਿੜ੍ਹਤਾ ਬਹੁ ਠਾਨਿ ਜਹਾਂ ਸੁ ਕਹਾਂ।
ਰਿਪੁ ਆਇ ਸਮੀਪ ਸਕੈ ਨ ਕਬੈ।
ਰਹਿ ਅੰਤਰਿ ਮਾਰਤਿ ਬਾਹਜ ਸਬੈ[1] ॥੧੬॥
ਗੜ੍ਹ ਪੂਰਨ ਕੀਨਿ ਬਨਾਇ ਗਨੰ।
ਜਿਸ ਮੈਂ ਰਚਿਰੀਤਿ ਮਹਾ ਨਰਨੰ[1]।
ਗੁਰ ਪਾਸ ਮਹੀਪਤ ਜਾਤਿ ਭਯੋ।
ਪਿਖਿ ਕੋਟ ਬਿਸਾਲ ਅਨੰਦ ਹਿਯੋ[†] ॥੧੭॥
-ਅਰਿ ਬ੍ਰਿੰਦਨ ਕੀ ਨਹਿਂ ਚਿੰਤ ਰਹੀ।
ਗੁਰ ਪੂਰਨ ਕੀ ਕਰੁਨਾ ਸੁ ਲਹੀ-।
ਪਦ ਪੰਕਜ ਬੰਦਤਿ ਬੈਠਿ ਗਯੋ।
ਮਨ ਕੀ ਤਿਹ[1] ਜਾਨਿ ਬਖਾਨਿ ਕਿਯੋ ॥੧੮॥
'ਸੁਨਿ ਭੂਪਤਿ! ਤ੍ਰਾਸ ਨ ਤਾਵਦ ਹੈ।
ਇਸ ਥਾਨ ਬਿਖੈ ਹਮ ਜਾਵਦ ਹੈਂ।
ਅਸ ਕੋ ਬਲਵਾਨ ਜੁ ਆਇ ਸਕੈ।
ਕਰਿ ਭੌਂਹਨ ਬੰਕ ਜੁ ਤੇਹਿ ਤਕੈ ॥੧੯॥
ਪਗ ਪਾਵਨ ਦੇਉਂ ਨਹੀ ਕਿਹ ਕੋ।
ਚਢਿ ਆਇ, ਲਖੋ ਮ੍ਰਿਤੁ ਹ੍ਵੈ ਤਿਹ ਕੋ।
ਨਿਸ਼ਚਿੰਤ ਸਦਾ ਨਿਜ ਰਾਜ ਕਰੋ।
ਗੁਰਧਾਮ ਬਿਖੈ ਨਿਤ ਭਾਉ ਧਰੋ ॥੨੦॥
ਜੁਗ ਲੋਗ ਸਹਾਇਕ ਹੋਵਹਿਂਗੇ।
ਬਿਘਨੰ ਗਨ ਪਾਪਹਿਂ ਖੋਵਹਿਂਗੇ।'
ਕਰ ਜੋਰਿ ਬਿਨੈ ਮਹਿਪਾਲ ਕਰੈ।
'ਮਨ ਮੋਰ ਭਰੋਸ ਇਹੀ ਸੁ ਧਰੈ ॥੨੧॥
ਮਨ ਕਾਮਨ ਪੂਰਨ ਮੋਹਿ ਕਰੀ।
ਹਦ ਪੈ ਰਚਿ ਕੋਟ ਸੁ ਚਿੰਤ ਹਰੀ।

[1]ਵਡੇ ਵਡੇ ਸੁਹਣੇ ਦਰਵਾਜ਼ੇ ਬਣਾਏ।

[1]ਅੰਦਰ ਰਹਿਕੇ (ਅੰਦਰਲਾ ਬਾਹਰਲਿਆਂ ਨੂੰ ਮਾਰਦਾ ਰਹੇ ਗੋਲੀਆਂ)।

[1]ਬਹੁਤੇ ਪੁਰਸ਼ਾਂ ਦੇ ਰਹਿਣ ਦੀ ਤਰਕੀਬ ਕੀਤੀ। (ਅ) ਮਹਾਨ ਰਨੰ = ਮਹਾਨ ਜੰਗ ਦੀ ਰੀਤਿ ਮੁਜਬ ਰਚੀ।

[†]ਗੜ ਦੇ ਅੰਦਰ ਦਾ ਪੱਕਾ ਸਥਾਨ ਸਤਿਗੁਰ ਦਾ ਗੁਰਦਵਾਰੇ ਦੇ ਰੂਪ ਵਿਚ ਖੜਾ ਹੈ। ਪਰੰਤੂ ਗਾਰੇ ਤੇ ਪੱਥਰਾਂ ਦਾ ਕੋਟ ਅਰ ਕੱਚੇ ਕੋਠੇ ਸਭ ਸਫਾ ਹੋ ਚੁਕੇ ਹਨ। ਨਗਰ ਪਾਉਂਟਾ ਹੁਣ ਤੱਕ ਵਸਦਾ ਹੈ। ਸਤਿਗੁਰ ਦੇ ਟਿਕਾਣੇ ਹੋਰ ਬੀ ਲਾਗੇ ਹਨ।

[1]ਤਿਸ ਦੇ ਮਨ ਦੀ ਜਾਣਕੇ।

ਨਿਤ ਰਾਵਰ ਕੇਰ ਪ੍ਰਤਾਪ ਮਹਾਂ।
ਸੁਨਿਯੰਤਿ ਪ੍ਰਿਥੀ ਤਲ ਜਾਂਹਿ ਤਹਾਂ'
॥੨੨॥
ਇਮ ਧੀਰਜ ਦੀਨਿ ਮਹੀਸ਼ੁਰ ਕੋ।
ਲਖਿ ਲੀਨਿ ਗੁਰੂ ਤਨ ਈਸ਼ੁਰ ਕੋ[1]।
ਕਰ ਜੋਰਤਿ ਸੇਵਤਿ ਭਾਉ ਧਰੇ।
ਬਹੁ ਬਾਰਨ ਬਾਕ ਬਿਲਾਸ ਕਰੇ ॥੨੩॥
ਗੁਰ ਸੰਗ ਅਖੇਰ ਪਯਾਨਤਿ ਹੈ।
ਜਿਤ ਕਾਨਨ ਦੀਹ ਬਖਾਨਤਿ ਹੈ।
ਮ੍ਰਿਗ ਕੇਹਰਿ ਆਇ ਸੰਘਾਰਿਤ ਹੈਂ।
ਤੁਪਕਾਨ ਕੈ ਬਾਨ ਪ੍ਰਹਾਰਤਿ ਹੈਂ ॥੨੪॥
ਬਹੁ ਬਾਜ ਸਿਚਾਨਨਿ ਸ੍ਵਾਨਨਿ ਕੌਂ।
ਇਮ ਛੋਰਤਿ ਗਾਹਤਿ[1] ਕਾਨਨ ਕੋ।
ਕਲਗੀਧਰ ਕੋ ਹਰਖਾਵਤਿ ਹੈ।
ਬਨ ਕੀ ਬਹੁ ਘਾਤ ਬਤਾਵਤਿ ਹੈ ॥੨੫॥
ਥਿਰਤਾ ਪੁਨ ਆਇ ਨਿਵੇਸ ਕਰੈਂ।
ਮਿਲਿ ਬੈਠਤਿ ਹੈਂ ਉਰ ਭਾਉ ਧਰੈਂ।
ਨਰ ਕੋ ਨਿਜ ਦੇਸ਼ ਪਠਾਵਤਿ ਹੈ।
ਵਸਤੂ ਗੁਰ ਹੇਤੁ ਅਨਾਵਤਿ ਹੈ ॥੨੬॥
ਦਿਨ ਕੇਤਿਕ ਭੂਪ ਸਮੀਪ ਰਹਜੋ।
ਪੁਰਿ ਨਾਹਨ ਕੋ ਪੁਨ ਜਾਨਿ ਚਹਜੋ।
ਉਰ ਕੀ ਗੁਰ ਜਾਨਿ ਬਿਦਾ ਸੁ ਕਰਜੋ।
ਪਗਪੰਕਜ ਪੈ ਨ੍ਰਿਪ ਹਾਥ ਧਰਜੋ ॥੨੭॥
'ਨਿਤ ਬਾਤ ਸਮੀਪਹਿ ਆਪਨ ਕੋ[1]।
ਬਿਸਵਾਸ ਬਡੋ ਰਿਪੁ ਖਾਪਨਿ ਕੋ।
ਸਿਮਰੋ ਤਤਕਾਲਹਿ ਆਵਨ ਹ੍ਵੈ[1]।
ਰੁਚਿ ਸੰਗ ਬਸੋ ਥਲ ਪਾਵਨ ਹ੍ਵੈ' ॥੨੮॥
ਬਖਸ਼ਜੋ ਸਿਰੁਪਾਉ ਘਨੇ ਧਨ ਕੋ।
ਸਿਰ ਪੈ ਧਰਿ ਮੋਦ ਕੀਯੋ ਮਨ ਕੋ।
ਚਢਿ ਵਾਹਨ ਪੈ ਤਬਿ ਜਾਤਿ ਭਯੋ।
ਪੁਨਿ ਨਾਹਣ ਜਾਇ ਨਚਿੰਤ ਭਯੋ ॥੨੯॥
ਇਤ ਸ਼੍ਰੀ ਕਲਗੀਧਰ ਬਾਸ ਕਰਜੋ।

[1]ਗੁਰੂ ਜੀ ਨੂੰ ਈਸ਼ਵਰ ਸਰੂਪ ਜਾਣ ਲਿਆ (ਰਾਜੇ ਨੇ)।

[1]ਗਾਹੁੰਦੇ ਹਨ।

[1]ਆਪ ਦਾ ਵਾਸ ਹੋਇਆ।

[1]ਜਦੋਂ ਆਪ ਮੈਨੂੰ ਯਾਦ ਕਰੋਗੇ ਤਤਕਾਲ ਆਵਾਂਗਾ।

ਜਸ ਦੇਸ਼ ਬਿਦੇਸ਼ ਬਿਖੈ ਪਸਰਯੋ।
ਭਟ ਰਾਖਤਿ ਜੋ ਚਲਿ ਆਵਤਿ ਹੈਂ।
ਪ੍ਰਤਿ ਬਾਸੁਰ ਸੈਨ ਬਧਾਵਤਿ ਹੈਂ ॥ ੩੦ ॥
ਹੁਇ ਹਿੰਦ ਕਿਧੌਂ ਤੁਰਕਾਨ ਕੁਊ।
ਧਰਿ ਆਯੁਧ ਜਾਇ ਸਮੀਪ ਜੁਊ।
ਦਰਮਾਹਨ ਕੋ ਤਿਸ ਬੰਧਿ ਰਖੈਂ[1]। — [1]ਮਾਹਵਾਰੀ ਤਨਖਾਹ ਮੁਕਰਰ ਕਰਕੇ (ਨੌਕਰ) ਰਖ ਲੈਂਦੇ ਹਨ।
ਕਹਿ ਮੇਲਤਿ ਹੈਂ ਮਿਸਲਾਨ ਬਿਖੈ[1] ॥ ੩੧ ॥ — [1]ਜਥਿਆਂ ਵਿਚ ਰੱਖ ਲੈਂਦੇ ਹਨ।
ਦਲ ਦੀਰਘ ਕੀਨਿ ਬਟੋਰਨਕੋ।
ਸ਼ਲਖੈਂ ਚਲਿਵਾਇ ਸੁ ਜ਼ੋਰਨ ਕੋ[1]। — [1]ਜ਼ੋਰ ਨਾਲ।
ਧੁਨਿ ਦੂਰ ਲਗੇ ਸੁਨਿਯੰਤਿ ਮਹਾਂ।
ਤਿਨ ਦੇਸ਼ਨਿ ਬਾਤ ਜਹਾਂ ਸੁ ਕਹਾਂ ॥ ੩੨ ॥
'ਗਢ ਕੋ ਦਿਢ ਕੀਨਿ ਗੁਰੂ ਇਤ ਹੈ।
ਜਿਹ ਦੁੰਦ ਮਚਾਵਨਿ ਕੋ ਚਿਤ ਹੈ।
ਦਲ ਰੋਜ ਬਿਸਾਲ ਸਕੇਲਤਿ ਹੈਂ।
ਫਿਰਿ ਦੂਣ ਅਖੇਰਨਿ ਖੇਲਤਿ ਹੈਂ ॥ ੩੩ ॥
ਚਲਿਵਾਇ ਬਿਸ਼ਾਲ ਤੁਫੰਗਨ ਕੋ।
ਬਖਸ਼ੈਂ ਧਨ ਦੀਰਘ ਸੰਗਨ ਕੋ[1]।' — [1]ਸਾਥੀਆਂ ਨੂੰ।
ਸੁਨਿ ਕੈ ਭਟ ਚਾਕਰ ਹੋਵਨਿ ਕੋ।
ਬਹੁ ਆਇੰ ਚਲੇ ਸੁਖ ਜੋਵਨਿ ਕੋ ॥ ੩੪ ॥
ਕਬਿ ਰਾਖਤਿ ਬੀਸ ਪਚੀਸਨ ਕੋ।
ਚਿਹਰਾ ਲਿਖਤੇ[1] ਕਬਿ ਤੀਸਨ ਕੋ। — [1]ਹੁਲੀਆ ਲਿਖਦੇ ਹਨ।
ਬਹੁ ਬੇਚਨਿ ਕੋ ਹਯ ਆਨਤਿ ਹੈਂ।
ਗੁਰ ਤੇ ਧਨ ਲੇਤਿ ਪਯਾਨਤਿ ਹੈਂ ॥ ੩੫ ॥
ਬਲਵਾਨ ਤੁਰੰਗ ਕਿ ਬੀਰ ਕੁਊ।
ਗੁਰ ਪਾਸ ਪਹੁੰਚਤਿ ਆਨਿ ਜੁਊ।
ਸਭਿ ਕੋ ਕਰਿ ਲੇਤਿ ਸਮੀਪ ਤਬੈ।
ਧਨ ਦੇਤਿ ਛਿਮਾਹਨਿ ਹੋਤਿ ਜਬੈ ॥ ੩੬ ॥
ਜਮੁਨਾ ਤਟ ਬੈਠਿ ਬਿਲਾਸ ਕਰੈਂ।
ਸਬਜ਼ੀ ਚਹੁੰ ਓਰ ਅਨੰਦ ਧਰੈਂ।

ਮਲ ਹੀਨ ਪ੍ਰਵਾਹ ਸ਼ਨਾਨਤਿ ਹੈਂ।
ਸਿਖ ਬੈਠਿ ਤਹਾਂ ਜਪ ਠਾਨਤਿ ਹੈਂ ॥੩੭॥
ਤ੍ਰਿਣ ਈਂਧਨ ਕੀ ਨ ਕਮੀ ਕਿਹ ਕੋ।
ਗਨ ਸੰਗਤਿ ਆਇ ਚਲੀ ਤਿਹ ਕੋ।
ਦਰਬਾਰ ਲਗੈ ਦਰਸੰਨ ਕਰੈਂ।
ਕਰ ਜੋਰਿ ਅਕੋਰਨਿ ਅੱਗ੍ਰ ਧਰੈਂ ॥੩੮॥
ਗਨ ਆਯੁਧ ਦੇਂ ਬਹੁ ਭਾਂਤਿਨਿ ਕੇ।
ਅਰਪੈਂ ਹਯ ਜੇ ਗਨ ਜਾਤਿਨਿ ਕੇ।
ਬਹੁ ਮੋਲਨਿ ਕੇ ਪਟ ਆਨਤਿ ਹੈਂ।
ਮਨ ਕਾਮਨ ਪੂਰਨ ਠਾਨਤਿ ਹੈਂ ॥੩੯॥
ਤਿਨ ਦੂਣ ਬਿਖੇ ਨਰ ਬ੍ਰਿੰਦ ਮਿਲੇ।
ਇਕ ਆਵਤਿ ਹੈਂ ਇਕ ਜਾਤਿ ਚਲੇ।
ਇਕ ਪਾਸ ਰਹੈਂ ਕਲਗੀਧਰ ਕੇ।
ਕਰਿ ਪੂਰ ਮਨੋਰਥ ਜੇ ਉਰ ਕੇ ॥੪੦॥

ਦੋਹਰਾ:
ਉਤੈ ਰਾਜ ਸ਼੍ਰੀ ਨਗਰ† ਕੋ, ਇਤ ਨਾਹਣ ਕੀ ਹੱਦ।
ਸੈਲਪਤੀ ਦੋਹਾਨ ਮਹਿਂ, ਲਗਜੋ ਗੁਰੂ ਕੋ ਗੱਦ[1]† ॥੪੧॥
ਪਾਂਵ ਟਿਕਜੋ ਸਤਿਗੁਰੂ ਕੋ, ਆਨੰਦਪੁਰਿ ਤੇ ਆਇ।
ਨਾਮ ਧਰਜੋ ਇਮ ਪਾਂਵਟਾ†, ਸਭਿ ਦੇਸ਼ਨਿ ਪ੍ਰਗਟਾਇ ॥੪੨॥

†ਗੜ੍ਹਵਾਲ ਦੀ ਤਦੋਂ ਇਹ ਨਗਰ ਰਾਜਧਾਨੀ ਸੀ, ਇੱਥੇ ਗੁਰੂ ਨਾਨਕ ਦੇਵ ਜੀ ਦਾ ਗੁਰਦਵਾਰਾ ਬੀ ਹੈ ਸੀ। ਹੜ੍ਹ ਨਾਲ ਨਗਰ ਰੁੜ੍ਹ ਗਿਆ ਦੱਸੀਦਾ ਹੈ।

[1]ਗੱਦੀ, ਸਿੰਘਾਸਨ। †ਇਹ ਦੋਹਾ ਗੁਰ ਬਿਲਾਸ ਦਸਮੀ ਪਾਤਸ਼ਹੀ ਦੇ ਵਿੱਚੋਂ ਦਾ ਹੈ ਕੁਛ ਰਤਾ ਰਤਾ ਫਰਕ ਹੈ।

†ਹੁਣ ਤਕ ਨਾਮ ਇਹੋ ਹੈ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਦੁਰਗ ਰਚਨਿ' ਪ੍ਰਸੰਗ ਬਰਨਨੰ ਨਾਮ ਸਪਤ ਚੱਤਵਾਰਿੰਸਤੀ ਅੰਸੂ ॥੪੭॥

੪੮. [ਨੰਦ ਚੰਦ ਤੇ ਦਯਾਰਾਮ ਰਾਮ ਰਾਇ ਪਾਸ ਗਏ]

੪੭<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੪੯

ਦੋਹਰਾ:

ਭਯੋ ਸੁਭਟ ਸਮੁਦਾਇ ਬਡ, ਗਾਢੋ ਗਢ ਜਬਿ ਪਾਇ।
ਜੇ ਤਰਕਤਿ[1] ਗੁਰ ਸਦਨ ਕੋ, ਤਿਨਹੁੰ ਤ੍ਰਾਸ ਉਰ ਪਾਇ ॥੧॥ [1]ਜੋ ਦੋਸ਼ ਦੇਂਦੇ ਸੀ।

ਚੌਪਈ:

ਨਿਕਟ ਪਾਂਵਟੇ ਪੁਰਿ ਕੇ ਜਿਤੇ।
ਦਸ ਦਸ ਬੀਸ ਕੋਸ ਮਹਿਂ ਹੁਤੇ।
ਤੇ ਸਭਿ ਮਿਲਿ ਮਿਲਿ ਕਰਹਿਂ ਬਿਚਾਰਾ।
'ਜੋਧਾ ਗੁਰੂ ਭਯੋ ਬਲਿ ਭਾਰਾ ॥੨॥
ਚਲਹਿ ਤੀਰ ਕੋ ਸਕਹਿ ਸਹਾਰੀ।
ਦਲ ਬਲ ਤੇ ਕੋ ਟਿਕਹਿ ਅਗਾਰੀ।'
ਇਮ ਕਲਗ਼ੀਧਰ ਕੀ ਸੁਧਿ ਸਾਰੀ।
ਰਾਮਰਾਇ ਢਿਗ ਜਾਇ ਉਚਾਰੀ ॥੩॥
ਬੀਸ ਕੋਸ ਗੁਰ ਪੁਰਿ ਤੇ ਪਰੇ[†]।

[†]ਪਾਂਵਟੇ ਤੋਂ ਤ੍ਰੈ ਕੁ ਮੀਲ ਉਪਰ ਜਾਕੇ ਪੱਤਣ ਹੈ ਇਸ ਤੋਂ ਜਮਨਾ ਪਾਰ ਹੋਕੇ ਸਿੱਦੇ ਰਸਤੇ ਡੇਹਰਾਦੂਨ ਹੈ ਪਾਰਲੇ ਕਿਨਾਰੇ। ਏਥੇ ਅੱਜ ਕੱਲ ਜੰਗਲ ਦਾ ਬੰਗਲਾ ਹੈ। ਜਮਨਾ ਦਾ ਇਹ ਪਾਸਾ (ਡੇਹਰਾਦੂਨ ਵਾਲਾ) ਤਦੋਂ ਗੜ੍ਹਵਾਲੀਏ ਦਾ ਸੀ।

ਤਿਸੀ ਦੂਣ ਮਹਿਂ ਬਾਸੋ ਕਰੇ।
ਸੰਗਤਿ ਘਨੀ ਆਨਿ ਕਰਿ ਸੇਵੈ।
ਕਰ ਕੋ ਜੋਰਿ ਅਕੋਰਨ ਦੇਵੈ ॥੪॥
ਦੇਸ਼ਨ ਮਹਿਂ ਮਸੰਦ ਗਨ ਫਿਰੈਂ।
ਜਹਿਂ ਕਹਿਂ ਤੇ ਧਨ ਲਜਾਵਨਿ ਕਰੈਂ।
ਜਬਿ ਤੇ ਚਵੱਗਤਾ ਚਢਿ ਗਯੋ[1]। [1]ਭਾਵ ਦੱਖਣ ਨੂੰ ਚੜ੍ਹਕੇ ਗਿਆ ਸੀ।
ਗੁਰ ਕੇ ਦਾਸ[1] ਨਿਕਾਸਨ ਕਿਯੋ ॥੫॥ [1]ਭਾਵ ਮਤੀਦਾਸ ਨੇ।
ਤਬਿ ਤੇ ਇਤ ਦਿਸ਼ਿ ਕੋ ਚਲਿ ਆਯੋ[1]। [1]ਚਲ ਆਇਆ ਸੀ (ਰਾਮ ਰਾਇ)।
ਕੇਤਿਕ ਗ੍ਰਾਮ ਨ੍ਰਿਪਨ ਤੇ ਪਾਯੋ[†]। [†]ਹੁਣ ਤਕ ਮਹੰਤਾਂ ਪਾਸ ਰਾਜਿਆਂ ਦੇ ਦਿਤੇ ਤ੍ਰਾਮੇ ਦੇ ਪਟੇ ਪਏ ਹਨ।

ਜਹਿਂ ਕਹਿਂ ਅਜ਼ਮਤ ਦੇ ਬਹੁ ਬਾਰੀ।
ਪੂਜਾ ਅਪਨੀ ਜਗਤ ਪਸਾਰੀ ॥੬॥
ਘਨੇ ਮਸੰਦ ਕਿ ਰਹੈਂ ਫਕੀਰ।
ਰਣ ਸਮਾਜ ਥੋਰੇ ਸੰਗ ਬੀਰ।
ਜੋਧਾ ਸ਼ਸਤ੍ਰ ਧਰਨਿ ਕਹੁ ਨਾਂਹੀ।

ਸਾਧ ਮਤੋ ਜਿਸ ਕੇ ਮਨ ਮਾਂਹੀ ॥੭॥
ਸ਼੍ਰੀ ਕਲਗ਼ੀਧਰ ਕੋ ਆਗਵਨੂੰ।
ਸੁਨਜੋ ਸ਼੍ਰੋਨ ਇਹ ਨਿਜ -ਰਿਪੁ ਦਮਨੂੰ[1]।
ਸਰ ਧਨ ਜੋਰਤਿ ਬਲਿ ਕਰਿ ਛੋਰਤਿ।
ਰਿਪੁ ਓਰਨ ਰਿਸ ਤੇ ਉਰ ਫੋਰਤਿ ॥੮॥
ਜਾਇਂ ਦੂਰ ਲਗਿ ਸਰਪ ਸਮਾਨਾ।
ਸ਼ੂਕਤਿ ਹਤਹਿਂ ਅਚੂਕ ਨਿਸ਼ਾਨਾ।
ਜਿਨ ਕੇ ਤੀਰਨਿ ਕੋ ਡਰਿ ਧਰਿ ਕੈ।
ਧੀਰਜ ਤਜਜੋ ਗਿਰੇਸ਼ੁਰ ਡਰਿ ਕੈ ॥੯॥
ਸਭਿ ਮਹਿਂ ਦੁੰਦਭਿ ਫਿਰਤਿ ਬਜਾਵਤਿ।
ਕੋ ਨਹਿਂ ਬੋਲਿ ਸਕੈ ਡਰਪਾਵਤਿ।
ਮੋ ਸੰਗ ਪੂਰਬ ਬੈਰ ਸੰਭਾਰਹਿਂ।
ਅਸ ਨਹਿਂ ਹੋਇ ਆਇ ਇਤ ਮਾਰੈਂ ॥੧੦॥
ਨਹਿਂ ਰੋਕਨਿ ਕੋ ਸਮਰਥ ਕੋਈ।
ਸਕਲ ਰੀਤਿ ਜ਼ੋਰਾਵਰ ਸੋਈ।
ਅਧਿਕ ਬੀਰਤਾ ਧਰਿ ਸਵਧਾਨਾ।
ਕਰਾਮਾਤ ਮਹਿਂ[†] ਕ੍ਵੈ ਨ ਸਮਾਨਾ- ॥੧੧॥
ਮਹਿਦ ਮੁਸਾਹਿਬ ਇਕ ਰਹਿ ਪਾਸ[1]।
ਭਾਈ ਬਹਿਲੋ ਕੋ ਗੁਰਦਾਸ।
ਸਪਤਮ ਸਤਿਗੁਰ ਸ਼੍ਰੀ ਹਰਿਰਾਇ।
ਤੁਰਕੇਸ਼ਰ ਨੇ ਪਠੇ ਬੁਲਾਇ ॥੧੨॥
ਰਾਮਰਾਇ ਕਹਿ ਤਬਹਿ ਪਠਾਏ[1]।
ਕੇਤਿਕ ਸਿੱਖ ਮਸੰਦ ਮਿਲਾਏ।
ਤਬਿ ਕੋ ਸੰਗ ਰਹਜੋ ਗੁਰਦਾਸ।
ਮਸਲਤ ਕਰਨਿ ਬਿਖੈ ਰਹਿ ਪਾਸ ॥੧੩॥
ਇਸ ਤੇ ਆਦਿ ਮਸੰਦ ਫਕੀਰ।
ਕਰੇ ਹਕਾਰਨਿ ਅਪਨੇ ਤੀਰ।
ਚਿਤ ਕੀ ਚਿੰਤਾ ਸਕਲ ਸੁਨਾਈ।
ਫੁਰੀ ਰਿਦੇ ਜਿਮ ਕੀਨਿ ਬੁਰਾਈ ॥੧੪॥

[1]ਆਪਣੇ ਕੰਨੀ (ਰਾਮ ਰਾਇ ਨੇ) ਸੁਣਿਆਂ ਕਿ ਸ਼ੱਤ੍ਰੂਆਂ ਦੇ ਨਾਸ਼ ਕਰਤਾ (ਗੁਰੂ ਜੀ)...।

[†]ਪਾ:-ਸਹਿ।

[1]ਰਾਮ ਰਾਇ ਜੀ ਦੇ ਪਾਸ।)

[1]ਰਾਮ ਰਾਇ ਨੂੰ) ਕਹਿ ਕੇ ਘੱਲਿਆ ਸੀ (ਸਤਵੇਂ ਗੁਰੂ ਜੀ ਨੇ)।

'ਸ਼੍ਰੀ ਗੁਰ ਗੋਵਿੰਦ ਸਿੰਘ ਹਠੀਲਾ।
ਗੁਰ ਖਸ਼ਟਮ ਸਮ ਜਿਸ ਕੀ ਲੀਲਾ।
ਤਿਨ ਤੇ ਭੀ ਕੇਤਿਕ ਅਧਿਕਾਈ।
ਕਰਤਿ ਰਹਿਤਿ ਹਮ ਸਭਿ ਸੁਨਿ ਪਾਈ ॥੧੫॥
ਨਿਕਟ ਆਨਿ ਗਢ ਦਿਢ ਬਡ ਪਾਯਹੁ।
ਸੁਭਟ ਬਟੋਰਤਿ ਦਲ ਬਿਰਧਾਯਹੁ।
ਜੇ ਰਿਸ ਧਰਿ ਇਤ ਕੋ ਚਲਿ ਆਵੈ।
ਬਿਗਰ ਪਰੈ ਤਬਿ ਕੋ ਅਟਕਾਵੈ? ॥੧੬॥
ਧਨੁ ਵਿੱਦਜਾ ਮਹਿਂ ਮਹਿਦ ਮਹਾਨਾ।
ਬਲ ਤੇ ਤਜੈ ਸਰਪ ਸਮ ਬਾਨਾ।
ਕੋਸਨ ਲਗਿ ਪਹੁੰਚਤਿ ਜਬ ਛੋਰੈ।
ਕੋ ਅਸ ਜੋਧਾ ਤਿਨਹੁਂ ਬਹੋਰੈ ॥੧੭॥
ਧੀਰਜ ਨਹੀਂ ਰਹਿਤਿ ਮੁਰ ਉਰ ਕੋ।
ਚਲਹੁ ਅਨਤ[1] ਤਜਿ ਕਰਿ ਨਿਜ ਪੁਰਿ ਕੋ। [1]ਹੋਰਥੇ।
ਬਿਗਰਹਿ ਪਾਛੇ ਕੁਛ ਨ ਹਮਾਰਾ।
ਡੇਰਾ ਰਹੈ ਬਸਯੋ ਇਹ ਸਾਰਾ ॥੧੮॥
ਜਬਹਿ ਦੂਣ ਇਹ ਤਜਿ ਕਰਿ ਜਾਵੈਂ।
ਆਪਨਿ ਥਾਨ ਬਸਹਿਂ ਪੁਨ ਆਵੈਂ।'
ਇਮ ਸੁਨਿ ਕਰਿ ਬੋਲਯੋ ਗੁਰਦਾਸ।
'ਨਹਿਂ ਕੀਜਹਿ ਚਿਤ ਮਹਿਂ ਇਮ ਤ੍ਰਾਸ ॥੧੯॥
ਬੈਠੇ ਰਹਹੁ ਆਪਨੇ ਪੁਰਿ ਮੈਂ।
ਕਿਮ ਧੀਰਜ ਛੋਰਤਿ ਰਹੁ ਉਰ ਮੈਂ।
ਮੇਰੋ ਭ੍ਰਾਤ ਨਾਮ ਜਿਸ ਤਾਰਾ।
ਤੀਰ ਪ੍ਰਹਾਰਨਿ ਮਹਿਂ ਬਲਿ ਭਾਰਾ ॥੨੦॥
ਗੁਰਗੋਵਿੰਦ ਸਿੰਘ ਕੇ ਜਿਮ ਸੁਨੇ।
ਤਿਸੀ ਪ੍ਰਕਾਰ ਚਲਾਵਤਿ ਘਨੇ।
ਪ੍ਰਥਮੈਂ ਤੋਂ ਇਹ ਬਾਤ ਨ ਬਨੈ।
ਤੁਮ ਲਗਿ ਆਵਨਿ ਗੁਰ ਨਹਿਂ ਭਨੈਂ ॥੨੧॥

ਹੌਰੀ[1] ਬਾਤ ਨਹੀਂ ਅਸ ਕਰੈ। [1]ਹਲਕੀ (ਹੋਛੀ)।
ਨਿਜ ਘਰ ਸੰਗ ਨਹੀਂ ਇਮ ਲਰੈ।
ਬਨਹਿ ਕਦਾਚਿਤ ਜੇ ਅਸ ਆਇ।
ਤੌ ਮਮ ਭ੍ਰਾਤਾ ਤੀਰ ਚਲਾਇ ॥੨੨॥
ਕਰਹਿ ਮਵਾਸ ਆਪਨੇ ਪੁਰਿ ਕੋ।
ਬੈਠੇ ਰਹਹੁ ਧੀਰ ਧਰਿ ਉਰ ਕੋ।
ਜੇ ਬਹੁ ਪ੍ਰਬਲ ਪਿਖੈਂਗੇ ਤਬੈ।
ਨਿਸ ਮਹਿਂ ਨਿਕਸਿ ਚਲੈਂਗੇ ਸਬੈ ॥੨੩॥
ਨਿਜ ਪਰ ਸਰ ਬਿਨ ਦੇਖਿ ਦਿਖਾਏ[1]। [1]ਆਪਣੇ ਪਰਾਏ ਤੀਰਾਂ ਦੇ ਬਿਨਾਂ ਦੇਖੇ ਦਿਖਾਏ।
ਉਚਿਤ ਨ ਤੁਮ ਕੋ ਚਲਹੁ ਪਲਾਏ।
ਨਿੰਦਾ ਪ੍ਰਗਟ ਹੋਇ ਜਗ ਮਾਂਹੀ।
ਦਰਬ ਸੰਗਤਾਂ ਦੇਂ ਕੁਛ ਨਾਂਹੀ ॥੨੪॥
ਇੱਤਜਾਦਿਕ ਬਹੁ ਬਿਗਰਹਿ ਬਾਤ।'
ਸੁਨਿ ਸ਼੍ਰੀ ਰਾਮਰਾਇ ਸਭਿ ਗਾਤ।
ਕੁਛ ਧੀਰਜ ਧਰਿ ਥਿਰਤਾ ਕੀਨਿ।
ਤਉ ਤ੍ਰਾਸ ਮਹਿ ਕੁਛ ਚਿਤ ਲੀਨਿ ॥੨੫॥
ਰਾਖਿ ਨਿਕਟ ਕੁਛ ਆਯੁਧ ਧਾਰੀ।
ਦ੍ਰਿੜ੍ਹਤਾ ਕਰਤਿ ਰਹਤਿ ਨਿਜ ਤਜਾਰੀ।
ਵਹਿਰ ਦੂਰ ਨਹਿਂ ਕਿਤਹੁਂ ਸਿਧਾਵੈ।
ਸੁਧ ਹਿਤ ਨਿਤ ਮਗ[1] ਨਰਨ ਬਿਠਾਵੈ ॥੨੬॥ [1]ਰਾਹ ਵਿਚ।
ਕੇਤਿਕ ਆਇ ਪਾਂਵਟੇ ਜਾਈਂ।
ਲੇ ਲੇ ਸੁਧਿ ਸਭਿ ਜਾਇ ਸੁਨਾਈਂ।
'ਆਜ ਸਿੰਘਾਸਨ ਪਰ ਥਿਰ ਰਹੇ।'
'ਆਜ ਅਖੇਰ ਖੇਲਿਬੋ ਚਹੇ' ॥੨੭॥
'ਏਤਿਕ ਸੈਨਾ ਹੈ ਅਬਿ ਤਜਾਰੀ।'
'ਆਜ ਸਭਾ ਮੈਂ ਏਵ ਉਚਾਰੀ।'
ਇੱਤਜਾਦਿਕ ਸੁਧ ਸਕਲ ਸੁਨਾਵੈਂ।
ਦਿਨ ਪ੍ਰਤਿ ਧੀਰਜ ਧਰਿਤੋ ਜਾਵੈ ॥੨੮॥
ਕ੍ਰਿਪਾ ਨਿਧਾਨ[1] ਸਕਲ ਗਤਿ ਜਾਨੀ। [1]ਭਾਵ ਗੁਰੂ ਜੀ ਨੇ।
ਕਰਜੋ ਚਹਿਤ ਤਿਹ ਚਿਤ ਡਰ ਹਾਨੀ।

ਨੰਦ ਚੰਦ ਕੋ ਸਭਿ ਸਮੁਝਾਯੋ।
ਰਾਮਰਾਇ ਕੇ ਨਿਕਟ ਪਠਾਯੋ ॥੨੯॥
ਦਯਾਰਾਮ ਪ੍ਰੋਹਿਤ ਦ੍ਵੈ ਮਿਲਿ ਕੈ।
ਪਹੁੰਚੈ ਤਹਾਂ ਹਯਨਿ ਪਰ ਚਲਿ ਕੈ।
ਪੂਰਬ ਸੁਧਿ ਸਮੀਪ ਪਹੁੰਚਾਈ।
'ਸ਼੍ਰੀ ਕਲਗੀਧਰ ਦਯਾ ਉਪਾਈ ॥੩੦॥
ਹਮ ਕੋ ਪਠਜੋ ਆਪ ਕੇ ਪਾਸ।
ਜਾਨੇ ਇਮ ਨ ਕਰਹਿ ਉਰ ਤ੍ਰਾਸ[1]।'

[1]ਕਿ ਰਾਮਰਾਇ) ਇਉਂ ਜਾਣ ਲਵੇ ਕਿ ਚਿੱਤ ਵਿਚ ਡਰੇ ਨਾਂ।

ਸੁਨਿ ਸ਼੍ਰੀ ਰਾਮਰਾਇ ਹਰਖਾਇ।
ਤਤਛਿਨ ਦੋਨਹੁ ਨਿਕਟ ਬੁਲਾਇ ॥੩੧॥
ਨਮੋ ਠਾਨਿ ਕਰਿ ਬੈਠੇ ਜਾਇ।
ਗੁਰ ਦਿਸ਼ਿ ਕੀ ਸੁਧਿ ਸਕਲ ਸੁਨਾਇ।
'ਕੁਸ਼ਲ ਆਪ ਕੀ ਬੂਝਨ ਹੇਤੁ।
ਹਮਹਿਂ ਪਠਾਯਹੁ ਕ੍ਰਿਪਾ ਨਿਕੇਤ ॥੩੨॥
ਏਕੋ ਸਦਨ ਹਮਾਰ ਤੁਮਾਰੋ।
ਨਹੀਂ ਭੇਦ ਕੁਛ ਉਰ ਮਹਿਂ ਧਾਰੋ।
ਖ਼ਬਰ ਕੁਸ਼ਲ ਕੀ ਲਿਖਹੁ ਪਠਾਵਹੁ।
ਕਛੁ ਫਰਕ ਨਹਿਂ ਮਨ ਮਹਿਂ ਲਜਾਵਹੁ ॥੩੩॥
ਅਪਨੇ ਪਰ ਗੁਰ ਕਰੁਣਾ ਧਰੈਂ।
ਇਹ ਬਿਧਿ ਬਿਰਦ ਤਿਨਹੁ ਲਖਿ ਪਰੈ।
ਤੁਮ ਤੇ ਬਡੇ ਸਥਾਨ ਪਛਾਨਹੁਂ।
ਮੇਲਿ ਕਰਨਿ ਕੋ ਮਨ ਮਹਿਂ ਠਾਨਹੁ' ॥੩੪॥
ਦਯਾਰਾਮ ਸਭਿ ਬਿਧਿ ਸਮੁਝਾਈ।
'ਮੈਂ ਪ੍ਰੋਹਿਤ ਸੋਢਿਨ ਸਮੁਦਾਈ।
ਅਪਨੇ ਬਿਖੇ ਕਰੋਧ ਨ ਧਰੀਅਹਿ[†]।

[†]ਪਾ:-ਅਪਨੇ ਸੋਂ ਬਿਰੋਧ ਜੋ ਧਰੀਅਹਿ। ਨਿਸ ਬਾਸਰ ਤਿਨਹੂੰ ਤੇ ਡਰੀਅਹਿ।

ਨਿਸ ਬਾਸੁਰ ਨਹਿਂ ਤਿਨ ਤੇ ਡਰੀਅਹਿ* ॥੩੫॥
ਧੀਰਮੱਲ ਕੇ ਧੀਰਜ ਨਾਂਹੀ।
ਪਿਖਿ ਮਤਸਰ ਪਾਵਕ ਉਰ ਮਾਹੀ।

ਜਰਹਿ ਅਧਿਕ ਨਹਿਂ ਜਰਹਿ ਪ੍ਰਤਾਪੂ।
ਇਸ ਪ੍ਰਕਾਰ ਨਹਿਂ ਚਹੀਏ ਆਪੂ[1] ॥ ੩੬ ॥ [1]ਆਪ ਨੂੰ।
ਸੋ ਆਛੀ ਦੁਹਿ ਦਿਸ਼ਿ ਕੋ ਨਾਂਹੀ।
ਅਰੁ ਨਿੰਦਾ ਬਿਦਤਹਿ ਜਗ ਮਾਂਹੀ।
ਜਿਸ ਤੇ ਕਾਰਜ ਸੁਧਰੈ ਕੋਇ ਨ।
ਤਿਸ ਕੋ ਗ੍ਰਹਨਿ ਕਰਨਿ ਸ਼ੁਭਿ ਹੋਇ ਨ ॥ ੩੭ ॥
ਹਰਖਹੁ ਮਿਲਹੁ ਤ੍ਰਾਸ ਬਿਸਰਾਵਹੁ।
ਏਕ ਰੂਪ ਹੁਇ ਸੁਖ ਉਪਜਾਵਹੁ।'
ਸੁਨਿ ਸ਼੍ਰੀ ਰਾਮਰਾਇ ਡਰ ਛੋਰਾ।
ਮਿਲਬੇ ਹੇਤੁ ਕੁਛਕ ਮਨ ਮੋਰਾ ॥ ੩੮ ॥
'ਦਯਾਰਾਮ ਪ੍ਰੋਹਿਤ ! ਸੁਨਿ ਲੀਜੈ।
ਤਿਮ ਬਰਤਈਯਤਿ[1] ਜਥਾ ਜਨੀਜੈ। [1]ਵਰਤਾਉ ਕਰੀਏ।
ਆਸ਼ੈ ਲਖੇ ਬਿਨਾ ਕਜਾ ਜਾਨੈਂ।
ਮਿਲਿ ਬੋਲਨਿ ਤੇ ਸਕਲ ਪਛਾਨੈਂ ॥ ੩੯ ॥
ਅਬਿ ਤੁਮ ਆਇ ਜਥਾ ਸਮੁਝਾਈ।
ਬਨਹਿ ਮੇਲ ਸਭਿ ਭੇਦ ਮਿਟਾਈ।
ਚਚੇ ਹਮਾਰੇ ਥਾਨ ਬਡੇਰੇ।
ਬੰਦਨ ਕਰਿਬੇ ਉਚਿਤ ਸੁ ਮੇਰੇ ॥ ੪੦ ॥
ਜੋ ਇਮ ਕਰੁਨਾ ਮੋ ਪਰ ਕਰੈਂ।
ਤੌ ਕਿਮ ਫਰਕ ਬਿਧੀ ਉਰ ਧਰੈਂ।
ਜਿਮ ਉਚਰਹਿਂ ਤਿਮ ਹਮ ਅਨੁਸਾਰੇ।
ਧੀਰਮੱਲ ਕੇ ਸਮ ਨ ਬਿਚਾਰੇ' ॥ ੪੧ ॥
ਮੇਲ ਕਰਨਿ ਇੱਤਜਾਦਿਕ ਗਾਥਾ।
ਕਹਤਿ ਭਯੋ ਦੋਨਹੁੰ ਕੇ ਸਾਥਾ।
ਪੁਨ ਆਛੇ ਦੇ ਕਰਿ ਸਿਰੁਪਾਊ।
ਸਨਮਾਨੇ ਪੁਨ ਕੀਨਿ ਬਿਦਾਊ ॥ ੪੨ ॥
ਨੰਦ ਚੰਦ ਬੰਦਨ ਕਰਿ ਉਠਜੋ।
ਦਯਾਰਾਮ ਨੇ ਆਸ਼ਿਖ ਪਠਜੋ[1]। [1]ਅਸ਼ੀਰਵਾਦ ਪੜ੍ਹੀ ਭਾਵ ਦਿੱਤੀ।
ਨਿਜ ਕੁਲ ਪ੍ਰੋਹਿਤ ਜਾਨਿ ਬਡੇਰਾ।

ਕਿਤਿਕ ਦਰਬ ਦੀਨਿਸਿ ਤਿਸ ਬੇਰਾ
॥ ੪੩ ॥
ਚਢੇ ਤੁਰੰਗਨ ਪਰ ਚਲਿ ਆਏ।
ਨਗਰ ਪਾਂਵਟੇ ਕੇ ਨਿਯਰਾਏ।
ਨਿਜ ਡੇਰਨਿ ਮਹਿਂ ਉਤਰੇ ਆਇ।
ਪਰੀ ਨਿਸਾ ਤੇ ਰਹਿ ਸੁਪਤਾਇ ॥ ੪੪ ॥
ਭਈ ਭੋਰ ਉਠਿ ਕੀਨਿ ਸ਼ਨਾਨਾ।
ਸ਼ਸਤ੍ਰ ਬਸਤ੍ਰ ਪਹਿਰੇ ਸਵਧਾਨਾ।
ਸ੍ਰੀ ਕਲਗ਼ੀਧਰ ਕੇ ਦਰਬਾਰ।
ਸੁਨਿ ਕਰਿ ਪਹੁੰਚੇ ਆਨੰਦ ਧਾਰਿ ॥ ੪੫ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਿਥਮ ਰੁਤੇ 'ਸ੍ਰੀ ਰਾਮ ਰਾਇ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤਵਾਰਿੰਸਤੀ ਅੰਸੂ ॥ ੪੮ ॥

੪੯. [ਬੁੱਧੂ ਸ਼ਾਹ। ਫਤੇਸ਼ਾਹ ਮਿਲਿਆ]

੪੮<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੦

ਦੋਹਰਾ:

ਨਿਕਟ ਪਹੁੰਚਿ ਸਤਿਗੁਰੂ ਕੇ, ਪਦ ਅਰਬਿੰਦ ਨਿਹਾਰਿ।
ਹਾਥ ਬੰਦਿ ਬੰਦਨ ਕਰੀ, ਬੈਠੇ ਸਭਾ ਮਝਾਰ ॥੧॥

ਚੌਪਈ:

ਸ਼੍ਰੀ ਕਲਗੀਧਰ ਕੋ ਰੁਖ਼ ਪਾਯੋ।
ਜੋ ਪ੍ਰਸੰਗ ਭਾ ਸਕਲ ਸੁਨਾਯੋ।
'ਪ੍ਰਭੂ ! ਆਪ ਤੁਮ ਅੰਤਰਯਾਮੀ।
ਸਭਿ ਘਟ ਕੇ ਮਾਲਿਕ ਜਗ ਸ੍ਵਾਮੀ ॥੨॥
ਕਰੀ ਕ੍ਰਿਪਾ ਤਿਨ ਤ੍ਰਾਸ ਮਿਟਾਯੋ।
ਸਭਿ ਪੁਰਿ ਕੇ ਧੀਰਜ ਅਬਿ ਆਯੋ।
ਕਹਜੋ ਆਪ ਕੋ ਜਬਹਿ ਸੁਨਾਇਵ।
ਬਨਜੋ ਮ੍ਰਿਦੁਲ ਅਰੁ ਮਿਲਨਿ ਅਲਾਇਵ ॥੩॥
ਹਰਖਜੋ ਉਰ ਕਹਿ ਹਮ ਅਨਸਾਰੇ।
ਆਸ਼ੈ ਲਖੇ ਬਿਨਾ ਭ੍ਰਮ ਧਾਰੇ-।
ਸੁਨਜੋ ਨਰਨਿ ਤੇ ਚਲਜੋ ਪਲਾਈ।
ਕਹਿ ਬਹਿਲੋ ਕੇ[1] ਧੀਰ ਉਪਾਈ ॥੪॥
ਤਉ ਨ ਠਹਿਰਤਿ ਜਾਨਜੋ ਪਰੈ।
ਅਨਤੈ[1] ਚਲਨਿ ਮਨੋਰਥ ਧਰੈ।
ਆਸ਼ੈ ਤਿਸ ਕੋ ਜਾਨਜੋ ਜਾਈ।
ਮਿਲਹਿ ਕਿਤਿਕ ਬਿਨ ਮਹਿਂ ਤੁਮ ਤਾਈਂ ॥੫॥
ਸਤਿਗੁਰ ਕਹਜੋ 'ਤ੍ਰਾਸ ਕਜੋਂ ਧਾਰਾ।
ਕਹਾਂ ਹਮਾਰੋ ਕਾਜ ਬਿਗਾਰਾ।
ਬਸਹਿ ਨਿਸ਼ੰਕ ਦੂਣ ਕੇ ਮਾਂਹੀ।
ਬਿਨ ਕਾਰਨ ਕੁਛ ਕੋ ਕਹਿ ਨਾਂਹੀ' ॥੬॥
ਇਮ ਕਹਿ ਅਪਰ ਖਜਾਲ ਬਿਰਮਾਏ।
ਨਗਰ ਪਾਂਵਟੇ ਨਰ ਸਮੁਦਾਏ।
ਆਇ ਹਜ਼ਾਰਹੁ ਨਿਤ ਦਰਸੈ ਹੈਂ।
ਕਿਤਿਕ ਜਾਇਂ ਅਰੁ ਕਿਤਿਕ ਬਸੈ ਹੈਂ

[1]ਬਹਿਲੋ ਕੇ (ਗੁਰਦਾਸ ਨੇ)।

[1]ਹੋਰਥੇ।

॥ ੭ ॥
ਕਿਤਿਕ ਦੂਰ ਪੁਰਿ ਬਸਹਿ ਸਢੌਰਾ[1][†]। [1]ਕਿਤਨੀ ਕੁ ਦੂਰ ਸਢੌਰਾ ਨਾਮ ਨਗਰ ਵਸਦਾ ਸੀ।

[†]ਇਹ ਬਹੁਤ ਪੁਰਾਣਾ ਟਿਕਾਣਾ ਬੁੱਧ ਸਮੇਂ ਦਾ ਹੈ, ਤਦੋਂ ਇੱਥੇ ਉਹਨਾਂ ਦੇ ਬਹੁਤ ਮਠ ਸਨ ਤੇ ਸਾਧੂ ਟਿਕਦੇ ਸਨ। ਇਸ ਦਾ ਨਾਮ 'ਸਾਧਵਾਰਾ' ਕਰਕੇ ਸੀ, ਜਿਸ ਦਾ ਬਿਗੜ ਕੇ ਸਢੌਰਾ ਬਣ ਗਿਆ ਹੈ। ਫਿਰ ਇਹ ਮੁਸਲਮਾਨਾਂ ਦਾ ਇਕ ਜ਼ੋਰ ਵਾਲਾ ਟਿਕਾਣਾ ਰਿਹਾ ਹੈ। ਤਸੀਲ ਨਰਾਯਨ ਗੜ੍ਹ ਵਿਚ ਹੈ। ਪਾਉਂਟੇ ਤੋਂ ਸੋਲਾਂ ਸਤਾਰਾਂ ਮੀਲ ਹੋਸੀ।

ਬੁੱਧੂ ਸ਼ਾਹਿ ਸਦਨ ਤਿਸ ਠੌਰਾ।
ਮਗ ਖ਼ੁਦਾਇ ਕੋ ਪ੍ਰੇਮੀ ਅਹੈ।
ਸੰਤਨਿ ਸੰਗ ਮਿਲਿਨਿ ਚਿਤ ਚਹੈ ॥ ੮ ॥
'ਆਏ ਨਿਕਟ ਗੁਰੂ' ਤਿਨ ਸੁਨੇ।
'ਜਿਨ ਕੀ ਉਪਮਾ ਨਰ ਗਨ ਭਨੇ।
ਸ਼੍ਰੀ ਨਾਨਕ ਗਾਦੀ ਕੋ ਮਾਲਿਕ।
ਦੀਨ ਦੁਨੀ ਸਭਿ ਜਿਸ ਕੋ ਤਾਲਿਕ[1] ॥ ੯ ॥ [1]ਜਿਸ ਦੇ ਅਧੀਨ ਹੈ।
ਜਿਸ ਪਰ ਕ੍ਰਿਪਾ ਕਰਹਿਂ ਅਧਿਕਾਇ।
ਮਗ ਖ਼ੁਦਾਇ ਕੋ ਦੇਤਿ ਬਤਾਇ।'
ਇੱਤਜਾਦਿਕ ਮਹਿਮਾ ਸੁਨਿ ਸ਼੍ਰੋਨ।
ਤਯਾਰੀ ਕਰੀ ਚਲਨਿ ਕੀ ਤੌਨ[1] ॥ ੧੦ ॥ [1]ਤਿਸਨੇ।
ਬ੍ਰਿੰਦ ਮੁਰੀਦ ਦੇਸ਼ ਮਹਿਂ ਜਿਸ ਕੇ।
ਨਿਤ ਅਨੁਸਾਰਿ ਕਹੇ ਮਹਿਂ ਤਿਸ ਕੇ।
ਕਿਤਿਕ ਇਕੱਤ੍ਰ ਕਰੇ ਬੁਲਿਵਾਇ।
ਦਰਸ਼ਨ ਹਿਤ ਗਮਨੇ ਉਤਲਾਇ ॥ ੧੧ ॥
ਆਨਿ ਪਾਂਵਟੇ ਡੇਰਾ ਕਰਯੋ।
ਮਿਲਿਨਿ ਮਨੋਰਥ ਕੋ ਉਰ ਧਰਯੋ।
ਬੈਠੇ ਗੁਰ ਲਾਗਯੋ ਦਰਬਾਰ।
ਆਨਿ ਕਰਯੋ ਦਰਸ਼ਨ ਸੁਖਸਾਰ ॥ ੧੨ ॥
ਧਰਿ ਅਕੋਰ ਕੋ ਸੀਸ ਨਿਵਾਯੋ।
ਪਿਖਿ ਸਰੂਪ ਕੋ ਨਹਿਂ ਤ੍ਰਿਪਤਾਯੋ।
ਲਖਿ ਦਰਵੇਸ਼ ਗੁਰਨਿ ਸਨਮਾਨਾ।
ਸਹਿਤ ਮੁਰੀਦਨਿ ਬੈਠਨਿ ਠਾਨਾ ॥ ੧੩ ॥
ਬੂਝਨਿ ਕਰੇ 'ਬਸਤ ਹਹੁ ਕਹਾਂ?
ਕਿਸ ਕਾਰਜ ਤੇ ਆਵਨ ਇਹਾਂ?
ਅਹੋ ਕੌਨ ਕਯਾ ਨਾਮ ਤੁਮਾਰਾ?
ਕਹਹੁ ਪ੍ਰਸੰਗ ਆਪਨੋ ਸਾਰਾ' ॥ ੧੪ ॥

ਸੁਨਿ ਕਰ ਜੋਰਤਿ ਬਾਕ ਬਖਾਨੋ।
'ਸੱਯਦ ਜਾਤਿ ਦੇਹ ਕੀ ਜਾਨੋ।
ਸ਼ਹਿਰ ਸਢੌਰੇ ਮਹਿਂ ਘਰ ਅਹੈਂ।
ਬੁੱਧੂਸ਼ਾਹ ਨਾਮ ਜਗ ਕਹੈ ॥ ੧੫ ॥
ਮਹਿਮਾ ਸੁਨੀ ਘਨੀ ਬਹੁ ਦਿਨ ਤੇ।
ਚਹਤਿ ਮਿਲਨਿ ਕੋ ਪ੍ਰੀਤੀ ਮਨ ਤੇ।
ਅਬਿ ਹਜ਼ੂਰ ਨੇ ਮੇਲਨਿ ਕੀਨਿ।
ਬਨਹਿ ਨ ਬਿਛੁਰਨਿ ਮੈਂ ਲਖਿ ਲੀਨਿ ॥ ੧੬ ॥
ਐਸੀ ਮਿਲਨੀ ਅਬਿ ਮਿਲਿ ਗਯੋ।
ਲੇ ਦਰਸ਼ਨ ਕੋ ਮਨ ਦੇ ਦਿਯੋ।
ਅਸ ਬਿਵਹਾਰ ਬਿਨਾ ਮੁਖ ਬੋਲੇ।
ਹੋਇ ਚੁਕ੍ਯੋ ਤੂਰਨ ਬਿਨ ਤੋਲੇ[1] ॥ ੧੭ ॥

[1]ਬਿਨਾ ਤੋਲੇ ਤੇ ਬਿਨਾ ਮੁਖੋਂ ਬੋਲੇ ਹੀ ਐਸਾ ਵਿਹਾਰ ਦਰਸ਼ਨ ਲੈਕੇ ਮਨ ਦੇ ਦੇਣ ਦਾ) ਹੋ ਚੁਕਾ ਹੈ।

ਜਿਸ ਤੇ ਫੇਰ ਨ ਫਿਰਨਾ ਹੋਇ।
ਬਹੁ ਦਿਨ ਕੇ ਦਾਰਿਦ ਦੁਖ ਖੋਇ।'
ਉਕਤਿ ਜੁਗਤਿ ਸਤਿਗੁਰ ਜਬਿ ਸੁਨੀ।
ਰੀਝਿ ਮੌਜ ਕਰੁਨਾ ਕਿਯ ਘਨੀ[1] ॥ ੧੮ ॥

[1]ਖੁਸ਼ੀ ਦੀ ਲਹਿਰ ਵਿਚ ਕਿਰਪਾ ਕੀਤੀ ਬਹੁਤੀ।

ਗੁਰ ਦਰਬਾਰ ਰਹ੍ਯੋ ਲਗਿ ਜਾਵਤ[1]।

[1]ਗੁਰ ਦਰਬਾਰ ਲੱਗਾ ਰਿਹਾ ਜਦ ਤਕ।

ਲੇਤਿ ਰਹ੍ਯੋ ਦਰਸ਼ਨ ਕੋ ਤਾਵਤ।
ਪੁਨ ਉਠਿ ਪ੍ਰਭੁ ਜੀ ਭਏ ਇਕੰਤ।
ਸਭਿ ਨਿਜ ਥਾਨ ਗਏ ਹਰਖੰਤਿ ॥ ੧੯ ॥
ਨੰਦ ਚੰਦ ਕੋ ਕਹ੍ਯੋ ਸੁਨਾਈ।
'ਸੱਯਦ ਕੀ ਸੁਧਿ ਲੀਜਹਿ ਜਾਈ।
ਆਛੇ ਥਾਨ ਕਰਾਇ ਨਿਵੇਸ਼।
ਖਾਨ ਪਾਨ ਪਹੁੰਚਾਇ ਅਸ਼ੇਸ਼ ॥ ੨੦ ॥
ਬ੍ਰਿੰਦ ਮੁਰੀਦ ਸੰਗ ਜਿਸ ਅਹੈਂ।
ਗੁਰ ਘਰ ਮਹਿਂ ਸ਼ਰਧਾ ਉਰ ਲਹੈ।'
ਸੁਨਿ ਦਿਵਾਨ ਸਭਿ ਵਸਤੁ ਪੁਚਾਈ।
ਸੁਖ ਸਮੇਤ ਨਿਸ ਤਿਨਹੁ ਬਿਤਾਈ ॥ ੨੧ ॥
ਪ੍ਰਾਤਿ ਹੋਤਿ ਗੁਰ ਚਢੇ ਅਖੇਰ।

ਜੁਰਰੇ[1] ਬਾਜ ਸਮਾਜ ਬਡੇਰ।

[1]ਨਰ ਬਾਜ਼। [ਫਾ. ਜ਼ੁੱਰਹ੍]।

ਪਾਂਚਹੁਂ ਭ੍ਰਾਤ ਤੁਰੰਗ ਅਰੂਢੇ।
ਸੈਨ ਸੰਗ ਗਮਨੇ ਬਨ ਗੂਢੇ[1] ॥੨੨॥

[1]ਸੰਘਨੇ ਬਨ (ਵਿੱਚ)।

ਕਬਿ ਸਤਿਗੁਰ ਆਰੋਹਿ ਮਤੰਗੰ।
ਕਬਿਹੂੰ ਚੰਚਲ ਬਲੀ ਤੁਰੰਗੰ।
ਸੁਨਹਿਂ ਸ਼ੇਰ, ਤਿਤ ਕੋ ਚਢਿ ਜਾਵੈਂ।
ਨਿਜ ਸੁਭਟਨਿ ਕੋ ਕਹਿ ਹਤਵਾਵੈਂ[1] ॥੨੩॥

[1]ਮਰਵਾ ਦੇਂਦੇ ਹਨ।

ਅਨਿਕ ਜਾਤਿ ਕੇ ਮ੍ਰਿਗ ਸਮੁਦਾਯਾ।
ਰੋਝ ਝੰਖਾਰਨ ਕੇਤਿਕ ਆਯਾ।
ਹਤਹਿ ਸ਼ੇਰ[†] ਇਕ ਦੁਇ ਜਬਿ ਚਢਹਿਂ।

[†]ਉਂਞ ਤਾਂ ਨਾਹਨ ਵਿਚ ਬੀ ਬੜਾ ਸ਼ਿਕਾਰ ਤੇ ਜੰਗਲ ਸਨ ਪਰ ਸ਼ਿਵਾਲਕ ਦੀਆਂ ਪਹਾੜੀਆਂ ਹਰਦੁਆਰ ਤਕ ਮਹਾਨ ਜੰਗਲਾਂ ਨਾਲ ਭਰਪੂਰ ਹਨ, ਜਿਨ੍ਹਾਂ ਵਿੱਚ ਸ਼ੇਰਾਂ ਤੇ ਹਾਥੀਆਂ ਦਾ ਬੀ ਨਿਵਾਸ ਹੈ।

ਭੈਦਾਯਕ ਬਨ ਬੀਨਤਿ ਕਢਹਿਂ[1] ॥੨੪॥

[1]ਭਯਾਨਕ ਬਨ ਵਿਚੋਂ ਚੁਣ ਕੇ ਕੱਢਦੇ ਹਨ।

ਏਕ ਜਾਮ, ਜੁਗ ਜਾਮ ਬਿਹਾਰੈਂ।
ਜਿਤ ਕਿਤ ਖੇਲਤਿ ਰੌਰ ਪਸਾਰੈਂ।
ਬਡ ਬਾਜਤਿ ਰਣਜੀਤ ਨਗਾਰਾ।
ਦੂਰ ਦੂਰ ਲਗਿ ਸੁਨਹਿਂ ਉਦਾਰਾ ॥੨੫॥
ਭਏ ਦੁਪਹਿਰੇ ਲਗਿ ਗੁਰ ਆਵਹਿਂ।
ਭੋਜਨ ਕਰਿ ਅਰਾਮ ਕੋ ਪਾਵਹਿਂ।
ਉਠਹਿਂ ਛਕਹਿਂ ਸੁੱਖਾ[†] ਸੁਖ ਕੇਰਾ।

[†]ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

ਸੌਚ ਸ਼ਨਾਨ ਕਰਹਿਂ ਤਿਸ ਬੇਰਾ ॥੨੬॥
ਦੇਖਿ ਦੇਖਿ ਦਰਸ਼ਨ ਅਰੁ ਦਲ ਕੋ[1]।

[1]ਸਾਰੀ ਦੂਣ (ਦੇ ਲੋਕ) ਬੈਠਕੇ (ਗੁਰੂ ਜੀ ਦੇ) ਬਲ ਨੂੰ ਉਚਾਰਦੇ ਹਨ।

ਸਕਲ ਦੂਨ ਬਹਿ ਬਰਨਹਿਂ ਬਲ ਕੋ।
ਪੁਰਿ ਸ਼੍ਰੀ ਨਗਰ ਰਾਜ ਕੋ ਕਰਿਹੀ।
ਫਤੇਸ਼ਾਹ ਤਿਹ ਨਾਮ ਉਚਰਿਹੀ ॥੨੭॥
ਤਿਹ ਸਮੀਪ ਬਹੁ ਜਾਇ ਕਹੰਤੇ।
'ਸਤਿਗੁਰ ਜੋਧੇ ਅਤਿ ਬਲਵੰਤੇ।
ਸੁੰਦਰ ਮੰਦਿਰ ਗੁਨਨਿ ਸਰੂਪ[1]।

[1]ਸੁੰਦਰ ਸਰੂਪ ਤੇ ਗੁਣਾਂ ਦੇ ਮੰਦਰ ਹਨ।

ਸੁਨਜੋ ਮਦਨ[1] ਅਸ ਹੋਇ ਅਨੂਪ ॥੨੮॥

[1]ਕਾਮਦੇਵ।

ਅਪਰ ਨ ਜਗ ਮਹਿਂ ਪਈਯਤਿ ਕੋਈ।
ਰੁਚਿਰ ਸਰੀਰ ਹੋਇ ਸਮ ਜੋਈ[1]।
[1]ਸੁੰਦਰ ਸਰੀਰ (ਜੋ ਗੁਰੂ ਜੀ ਦੇ ਸਰੀਰ ਦੇ) ਤੁਲ ਹੋਵੇ।
ਅਧਿਕ ਸੁਸ਼ੀਲ ਬੀਰਤਾ ਭਰਜੋ।
ਕਰਾਮਾਤ ਪੂਰਨ, ਦੁਖਦਰਜੋ[1] ॥੨੯॥
[1]ਦੁਖਾਂ ਦੇ ਨਾਸ਼ ਕਰਤਾ ਹਨ।
ਇੱਤਜਾਦਿਕ ਜਸੁ ਕਹਿ ਸਭ ਕੋਈ।
ਸੁਨਜੋ ਨ੍ਰਿਪਤਿ ਰੁਚਿ ਮਿਲਿਬੇ ਹੋਈ।
ਸਗਰੀ ਸੈਨ ਬਟੋਰਨਿ ਕੀਨਿ।
ਅਧਿਕ ਅਕੋਰਨ ਸੰਗਹਿ ਲੀਨਿ ॥੩੦॥
ਫਤੇਸ਼ਾਹ ਹੁਇ ਤਜਾਰ ਮਹੀਪਾ।
ਆਯਹੁ ਮਿਲਿਬੇ ਹੇਤ ਸਮੀਪਾ।
ਪ੍ਰਥਮ ਦਈ ਸੁਧਿ ਪਠਜੋ ਵਕੀਲਾ।
ਗੁਰ ਦਰਬਾਰ ਲਗਾਇ ਛਬੀਲਾ ॥੩੧॥
ਨਰਨਿ ਹਜ਼ਾਰਨਿ ਕੋ ਸੰਗ ਲਜਾਯੋ।
ਮਿਲਜੋ ਗੁਰੂ ਪਗ ਸੀਸ ਨਿਵਾਯੋ।
ਸੁਭਟਨਿ ਸਹਿਤ ਸ਼ਸਤ੍ਰ ਤਨ ਧਾਰੇ।
ਥਿਰਜੋ ਭੂਪ ਤਬਿ ਪ੍ਰਭੁ ਅਗਾਰੇ ॥੩੨॥
ਬੂਝਜੋ 'ਕੁਸ਼ਲ ਸ਼ਰੀਰ ਸੁ ਦੇਸ਼।
ਸੈਨਾ, ਮੰਤ੍ਰੀ, ਕੋਸ਼ ਅਸ਼ੇਸ਼।'
[1] 'ਸਭਿ ਕੇ ਹੈ ਕੱਲਜਾਨ ਸਦੀਵਾ।'
[1]ਰਾਜੇ ਨੇ) ਦੱਸਿਆ।
ਸੁਨਤਿ ਬਤਾਈ ਨ੍ਰਿਪ ਹ੍ਵੈ ਨੀਵਾ ॥੩੩॥
'ਰਾਜ ਕਿਤਿਕ?' ਪੁਨ ਬੂਝਨ ਕਰਜੋ।
ਜਥਾ ਜੋਗ ਗੁਰ ਤੀਰ ਉਚਰਜੋ[1]।
[1]ਸ਼੍ਰੀ ਗੁਰੂ ਜੀ) ਚਾਹੁੰਦੇ ਹਨ।
ਕਰਨਿ ਅਖੇਰ ਅਨੇਕ ਪ੍ਰਸੰਗੰ।
ਕਹੇ ਪਰਸਪਰ ਹਰਖਿ ਉਮੰਗੰ ॥੩੪॥
ਬਸਤ੍ਰ ਦਰਬ ਅਰੁ ਏਕ ਤੁਰੰਗਾ।
ਅਰਪਨਿ ਕੀਨਿ ਭਾਵ ਕੇ ਸੰਗਾ।
ਕਿਤਿਕ ਕਾਲ ਮਹਿਂ ਚਢਿਬੇ ਚਾਹਾ।
ਪ੍ਰਭੁ ਬਹੁ ਕਹਿ ਡੇਰਾ ਉਤਰਾਹਾ ॥੩੫॥
ਸੰਧਿ ਕਰਾਵਨਿ ਚਹਿਂ ਨ੍ਰਿਪ ਦੋਊ।
'ਬਧਜੋ ਬਿਰੋਧ ਅਧਿਕ, ਦਿਹੁ ਖੋਊ।'
ਨਿਸ ਮਹਿਂ ਨ੍ਰਿਪ ਮੁਕਾਮ ਜਬਿ ਕੀਨਾ।
ਸ਼੍ਰੀ ਪ੍ਰਭੁ ਤਬਿ ਕ੍ਰਿਪਾਲ[1] ਪਠਿ ਦੀਨਾ[2]
[1]ਮਾਮਾ ਕ੍ਰਿਪਾਲ ਜੀ ਨੂੰ। [2]ਭੇਜ ਦਿਤਾ (ਸ਼੍ਰੀ ਨਗਰ ਦੇ ਰਾਜੇ

॥ ੩੬ ॥ ਪਾਸ)।

ਗੁਰ ਮਾਤੁਲ ਜਾਨਜੋ ਜਬਿ ਆਯੋ।
ਕਰਿ ਸਨਮਾਨ ਸਮੀਪ ਬਿਠਾਯੋ।
ਮ੍ਰਿਦੁਲ ਬਾਕ ਭਾਖੇ ਅਰੁ ਸੁਨੇ।
ਜਿਸ ਤੇ ਹੋਇ ਪ੍ਰੇਮ ਰਸ ਸਨੇ ॥ ੩੭ ॥
[1] 'ਸੁਨਹੁ ਭੂਪ ਮੁਹਿ ਪ੍ਰਭੁ ਪਠਾਵਾ। — [1]ਮਾਮਾ ਕ੍ਰਿਪਾਲ ਜੀ ਨੇ ਕਹਿਆ।
ਅਭਿਲਾਖਤਿ ਚਿਤ ਬੈਰ ਮਿਟਾਵਾ।
ਕਰੇ ਬੈਰ ਕੁਛ ਪ੍ਰਾਪਤਿ ਨਾਂਹੀ।
ਤੌਂ ਜਾਨਹੁ ਨਿਸ਼ਫਲ ਨਿਜ ਮਾਂਹੀ ॥ ੩੮ ॥
ਨਾਹਿਣੇਸ਼ ਮਹਿਂ ਜੋ ਵਟ[1] ਹੋਇ। — [1]ਦਿਲ ਵਿਚ ਗੁੱਸੇ ਦੇ ਰਖੇ ਹੋਏ ਭਾਵ ਨੂੰ 'ਵੱਟ' ਕਹਿੰਦੇ ਹਨ।
ਸਤਿਗੁਰ ਕਹੇ[1] ਸਕਲ ਦੇ ਖੋਇ। — [1]ਸਤਿਗੁਰ ਜੀ ਦੇ ਕਹਿਣ ਤੇ।
ਇਤ ਮਾਨਹੁ ਤੁਮ ਮਿਲਿਬੇ ਬਾਤੀ।
ਤਿਸੇ ਹਕਾਰ ਲੇਤਿ ਪ੍ਰਭੁ ਪ੍ਰਾਤੀ ॥ ੩੯ ॥
ਸੋ ਨਹਿਂ ਮੋਰੈ ਗੁਰ ਕੋ ਕਹਜੋ।
ਤੁਮ ਭੀ ਤਿਮ ਮਾਨਹੁ ਹਿਤ ਲਹਜੋ[1]।' — [1]ਭਲਾ ਦੇਖਕੇ।
ਸੁਨਿ ਕਰਿ ਫਤੇਸ਼ਾਹ ਕਹਿ ਬਾਨੀ।
'ਭਨਹਿਂ ਪ੍ਰਭੂ ਹਮ ਸਾਦਰ ਮਾਨੀ ॥ ੪੦ ॥
ਦੋਨਹੁਂ ਕੇ ਉਗਾਹ ਗੁਰ ਹੋਇਂ।
ਬਹੁਰ ਬਖੇਰਾ ਕਰੈ ਨ ਕੋਇ।'
ਇੱਤਜਾਦਿਕ ਸੁਨਿ ਕਰਿ ਕਿਰਪਾਲ†। — †ਪਾ:-ਭਨੇ ਕ੍ਰਿਪਾਲ।
ਆਨਿ ਬਤਾਯੋ ਨਿਕਟ ਕ੍ਰਿਪਾਲ[1] ॥ ੪੧ ॥ — [1]ਭਾਵ ਗੁਰੁ ਜੀ ਦੇ ਪਾਸ।
ਤਬਿ ਪ੍ਰਭੁ ਨੰਦ ਚੰਦ ਸੋਂ ਭਾਖਾ।
'ਪ੍ਰਾਤਿ ਜਾਹੁ ਨਾਹਿਨ ਕਰਿ ਕਾਂਖਾ[1]। — [1]ਚਾਹਨਾ ਕਰਕੇ, ਖੁਸ਼ੀ ਨਾਲ।
ਸੰਗ ਪ੍ਰਕਾਸ਼ ਮੇਦਨੀ ਲਜਾਓ।
ਜੁਗਮ ਮਹੀਪ ਸਮੀਪ† ਮਿਲਾਓ' ॥ ੪੨ ॥ — †ਪਾ:-ਜੁਗਮ ਮਹੀਪਤ ਆਨਿ।
ਫਤੇਸ਼ਾਹ ਕੀ ਜ਼ਾਫਤ ਕੀਨਿ[1]। — [1]ਪ੍ਰਾਹੁਣਚਾਰੀ ਕੀਤੀ।
ਖਾਨ ਪਾਨ ਸਭਿ ਕੁਛ ਪਠਿ ਦੀਨਿ।
ਸੁਪਤਿ ਜਥਾ ਸੁਖ ਰਾਤਿ ਬਿਤਾਈ।
ਜਾਗੇ ਸਭਿ ਪ੍ਰਭਾਤਿ ਹੁਇ ਆਈ ॥ ੪੩ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਪ੍ਰਥਮ ਰੁਤੇ 'ਫਤੇਸ਼ਾਹ ਮਿਲਨ' ਪ੍ਰਸੰਗ ਬਰਨਨੰ ਨਾਮ ਏਕ ਊਨ ਪੰਚਾਸਤਿ ਅੰਸੂ ॥੪੯॥

੫੦. [ਫਤੇਸ਼ਾਹ ਤੇ ਨਾਹਣੇਸ਼ ਦਾ ਮੇਲ ਕਰਾਇਆ। ਸ਼ੇਰ ਸ਼ਿਕਾਰ]

੪੯<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>੫੧

ਦੋਹਰਾ:

ਬਡੀ ਪ੍ਰਾਤਿ ਉਠਿ ਕਰਿ ਗਯੋ, ਨੰਦਚੰਦ ਨ੍ਰਿਪ ਪਾਸ।
ਸਮੁਝਾਯਹੁ ਬਹੁ ਬਿਧਿ ਕਹਜੋ, 'ਕੀਜੈ ਬੈਰ ਬਿਨਾਸ ॥ ੧ ॥

ਚੌਪਈ:

ਫਤੇਸ਼ਾਹ ਨ੍ਰਿਪ ਨਿਕਟ ਰਹਾਯੋ[1†]।
ਤੁਝ ਲੈਬੇ ਹਿਤ ਮੋਹਿ ਪਠਾਯੋ।
ਸਭਿ ਗਿਨਤੀ ਤਜਿ ਹੁਜਹਿ ਸਾਥ[1]।
ਕਰਹਿਂ ਪ੍ਰਤੀਖਨ ਤੋ ਕਹੁ ਨਾਥ' ॥ ੨ ॥
ਗੁਰ ਦਿਸ਼ਿ ਤੇ ਇਮ ਬਹੁ ਸਮੁਝਾਯੋ।
ਜਤੋਂ ਕਤੋਂ ਕਰਿ ਨ੍ਰਿਪ ਸੰਗ ਚਢਾਯੋ।
ਚਢਿ ਨਾਹਣ ਤੇ ਮਾਰਗ ਚਾਲਾ।
ਸਾਥ ਅਨੀਕਹਿ[1] ਲੀਨਿ ਬਿਸਾਲਾ ॥ ੩ ॥
ਸਗਰੋ ਪੰਥ ਉਲੰਘਤਿ ਆਯੋ।
ਨਗਰ ਪਾਂਵਟੇ ਡੇਰਾ ਪਾਯੋ।
ਇਕ ਦਿਸ਼ਿ ਫਤੇਸ਼ਾਹ ਦਲ ਪਰਯੋ।
ਦਿਸ਼ਿ ਦੂਸਰਿ ਮਹਿਂ ਆਨਿ ਉਤਰਯੋ ॥ ੪ ॥
ਤਬਿ ਪ੍ਰਭੁ ਕੋ ਮਿਲਿਬੇ ਹਿਤ ਚਾਹਜੋ।
ਪ੍ਰਥਮ ਬੂਝਿ ਆਵਤਿ ਭਾ ਪਾਹਜੋ[1]।
ਪਗ ਪੰਕਜ ਕੋ ਕੀਨਿ ਪ੍ਰਨਾਮ।
ਹਰਖਜੋ ਦਰਸ ਪਾਇ ਅਭਿਰਾਮ ॥ ੫ ॥
ਸ਼੍ਰੀ ਕਲਗ਼ੀਧਰ ਨ੍ਰਿਪ ਸਨਮਾਨਾ।
ਮਿਟਨਿ ਬਿਰੋਧ ਪ੍ਰਸੰਗ ਬਖਾਨਾ।
ਸੁਨਤਿ ਭਾਉ ਕੇ ਬਾਕ ਬਖਾਨੈ।
'ਕਹਜੋ ਆਪ ਕੋ ਹਮ ਸਭਿ ਮਾਨੈਂ ॥ ੬ ॥
ਜਿਸ ਪ੍ਰਕਾਰ ਹਿਤ ਹੋਇ ਹਮਾਰਾ।
ਕ੍ਰਿਪਾ ਧਾਰਿ ਸੋ ਕਰਹੁ ਉਚਾਰਾ।'
ਸਤਿਗੁਰ ਕਹਜੋ 'ਪ੍ਰਾਤਿ ਜਬਿ ਹੋਇ।
ਕਰੈਂ ਹਕਾਰਨਿ ਆਵਹੁ ਦੋਇ ॥ ੭ ॥
ਮਿਲਹੁ ਪ੍ਰੇਮ ਤੇ ਤਜਹੁ ਬਿਕਾਰ[1]।

[1]ਗੁਰੂ ਜੀ ਨੇ) ਰੱਖਿਆ ਹੈ ਪਾਸ। †ਪਾ:-ਟਿਕਾਯੋ।

[1]ਭਾਵ ਮੇਰੇ ਨਾਲ ਚੱਲੋ।

[1]ਸੈਨਾ।

[1]ਪਹਿਲਾਂ ਪੁੱਛ ਕੇ ਪਾਸ ਆਇਆ (ਨਾਹਨ ਦਾ ਰਾਜਾ)।

[1]ਵਿਗਾੜ।

ਹਮ ਨੇ ਤੁਮਰੋ ਹਿਤ ਨਿਰਧਾਰ।'
ਇਮ ਠਹਿਰਾਇ ਗਯੋ ਨਿਜ ਡੇਰੇ।
ਫਿਰੇ ਦੌਨ ਦਿਸ਼ਿ ਮਨੁਜ ਬਡੇਰੇ ॥ ੮ ॥
ਸੁਪਤਿ ਸਕਲ ਸਰਵਰੀ[1] ਬਿਤਾਈ। [1]ਰਾਤ।
ਭਈ ਪ੍ਰਾਤਿ ਤਜਾਰੀ ਕਰਿਵਾਈ।
ਕਰਯੋ ਫਰਾਸ਼ਨ ਫਰਸ਼ ਬਿਸਾਲਾ।
ਰੰਗ ਅਨੇਕਨ ਕੋ, ਛਬਿ ਵਾਲਾ ॥ ੯ ॥
ਬੀਚ ਸਿੰਘਾਸਨ ਕਰਯੋ ਡਸਾਵਨਿ।
ਕਰੇ ਮਸੰਦ ਸੁਭਟ ਬੁਲਿਵਾਵਨਿ।
ਲਗਯੋ ਦਿਵਾਨ ਮਹਾਨ ਸੁਜਾਨਾ।
ਬਸਤ੍ਰ ਸ਼ਸਤ੍ਰ ਤੇ ਛਬਿ ਜਿਹ ਨਾਨਾ
॥ ੧੦ ॥
ਪੁਨ ਕਲ਼ਗੀਧਰ ਗਰ ਸ਼ਮਸ਼ੇਰ।
ਧਨੁ ਸਰ ਕਰ ਦੀਪਤਿ ਸਮ ਸ਼ੇਰ।
ਆਵਤਿ ਪੇਖਿ ਉਠੇ ਸਭਿ ਆਗੇ।
ਬੰਦਤਿ ਅਨੁਰਾਗੇ ਪਗ ਲਾਗੇ ॥ ੧੧ ॥
ਬੈਠੇ ਪੁਨ ਸੁੰਦਰ ਸਿੰਘਾਸਨ।
ਨਿਕਟ ਨਿਠੁਰ ਬਡ ਧਰਯੋ ਸਰਾਸਨ।
ਚਮਰ ਢੁਰਨਿ ਲਾਗਯੋ ਚਹੁ ਫੇਰੇ।
ਖਰੇ ਦੰਡਧਰਿ ਕੰਚਨ ਕੇਰੇ ॥ ੧੨ ॥
ਰਾਜ ਸਾਜ ਇੱਤਜਾਦਿਕ ਸਾਰਾ।
ਦੀਪਤਿ ਸਤਿਗੁਰ ਕੇ ਦਰਬਾਰਾ।
ਪਠੇ ਦੁਹਨ ਨ੍ਰਿਪ ਨਿਕਟ ਮਸੰਦਾ।
ਕਰੇ ਹਕਾਰਨਿ ਸੁਨਤਿ ਅਨੰਦਾ ॥ ੧੩ ॥
ਨਿਜ ਨਿਜ ਸੈਨਾ ਲੇ ਸਮੁਦਾਏ।
ਦੁਹੁ ਦਿਸ਼ਿ ਤੇ ਦੋਨਹੁ ਚਲਿ ਆਏ।
ਪਦ ਅਰਬਿੰਦ ਬੰਦਨਾ ਕਰੇ।
ਸਨਮਾਨੇ ਸਭਿ ਕੇ ਮਧ ਥਿਰੇ ॥ ੧੪ ॥
ਸਤਿਗੁਰ ਕਹਯੋ 'ਪਰਸਪਰ ਕੌਰੀ[1]। [1]ਜੱਫੀ।
ਭਰਿ ਕਰਿ ਮਿਲਹੁ ਮੁਦਤਿ ਇਸ ਠੌਰੀ।
ਬਧਯੋ ਬਿਰੋਧ ਛੋਰਿ ਸਭਿ ਦੀਜੈ।
ਪ੍ਰਥਮ ਬਾਰਤਾ ਨਹਿਂ ਸਿਮਰੀਜੈ' ॥ ੧੫ ॥

ਮਾਨਿ ਹੁਕਮ ਦੋਨਹੁੰ ਉਠਿ ਕਰਿ ਕੈ।
ਮਿਲਿ ਆਪਸ ਮਹਿਂ ਬੈਰ ਬਿਸਰਿ ਕੈ।
ਬੰਦਨ ਕਰਿ ਬੈਠੇ ਸਤਿਗੁਰ ਕੋ।
ਭੇਦ ਮਿਟਾਇ ਅਨੰਦ ਭਰਿ ਉਰ ਕੋ ॥੧੬॥
ਕਰਹਿਂ ਪ੍ਰੇਮ ਕੀ ਬਾਤ ਬਹੋਰੀ।
ਦੇਖਿ ਦੇਖਿ ਸ਼੍ਰੀ ਪ੍ਰਭੁ ਕੀ ਓਰੀ।
ਕਰਨਿ ਅਖੇਰ ਸ਼ੇਰ ਕੋ ਮਾਰਨਿ।
'ਦੂਣ ਸੁੰਦਰੀ' ਕਰਹਿਂ ਉਚਾਰਨ ॥੧੭॥
ਇੱਤਜਾਦਿਕ ਹੋਈ ਬਹੁ ਗਾਥਾ।
ਦੋਨਹੁਂ ਭੂਪਨਿ ਕੀ ਪ੍ਰਭੁ ਸਾਥਾ।
ਭਯੋ ਜਾਮ ਲਗਿ ਤਬਿ ਦਰਬਾਰਾ।
ਕਲਗ਼ੀਧਰ ਕੋ ਲਖਿ ਰੁਖ਼ ਸਾਰਾ ॥੧੮॥
ਉਠਿ ਭੂਪਤਿ ਕਰਿ ਬੰਦਨ ਗਏ।
ਨਿਜ ਨਿਜ ਸਿਵਰ ਪਹੂੰਚਤਿ ਭਏ।
ਉਠੇ ਆਪ ਭੋਜਨ ਤਬਿ ਖਾਯਹੁ।
ਪੁਨ ਅਰਾਮ ਹਿਤ ਮਨ ਬਿਰਮਾਯਹੁ ॥੧੯॥
ਉਠੇ ਬਹੁਰ ਸੁੱਖਾ ਛਕਿ† ਲੀਨਿ।

†ਹੁਣ ਤਕ ਸਤਿਗੁਰ ਦੇ ਦਰਬਾਰ ਵਿਚ ਸੁੱਖੇ ਦਾ ਜ਼ਿਕਰ ਨਹੀਂ ਆਇਆ। ਅਚਾਨਕ ਏਥੇ ਤੇ ਪਿਛਲੇ ਅੰਸੂ ਦੇ ਅੰਕ ੨੬ ਵਿਚ ਆਇਆ ਹੈ। ਇਹ ਠੀਕ ਨਹੀਂ ਹੈ। ਕਵਿ ਜੀ ਆਪਣੇ ਸਮੇਂ ਸੁੱਖਾ ਸਿੱਖਾਂ ਵਿਚ ਪ੍ਰਧਾਨ ਦੇਖਕੇ ਲਿਖ ਰਹੇ ਹਨ। ਇਸ ਚੜ੍ਹਦੀ ਜਵਾਨੀ ਵਿਚ ਸੁੱਖੇ ਦਾ ਪ੍ਰਵੇਸ਼ ਹੋ ਸਕਣਾ ਤੇ ਉਸ ਗੁਰੂ ਦੇ ਘਰ ਵਿਚ, ਜੋ ਜੁੱਧ ਵਿਦਿਆ ਤੇ ਬੀਰਰਸ ਭਰ ਰਿਹਾ ਹੈ, ਦਲਿੱਦਰ ਕੱਢ ਰਿਹਾ ਹੈ ਤੇ ਤਮਾਕੂ ਤੱਕ ਮਨ੍ਹਾਂ ਕਰ ਰਿਹਾ ਹੈ ਤੇ ਸਭ ਨਸ਼ਿਆਂ ਤੋਂ ਵਰਜ ਰਿਹਾ ਹੈ, ਕਦ ਹੋ ਸਕਦਾ ਹੈ ਕਿ ਇਸ ਸ਼ਰੀਰ ਨਾਸ਼ਕ ਬਲ ਬੁਧਿ ਨਾਸ਼ਕ ਭੰਗ ਨੂੰ ਆਪਣੇ ਬੀਰਾਂ ਵਿਚ ਵਾੜੇ। ਸ਼ੋਕ ਹੈ ਕਿ ਇਸ ਸੁੱਖੇ ਨੇ ਨਿਹੰਗਾਂ ਸਿੰਘਾਂ ਜੈਸੀ ਬੀਤਰਾਗ ਤੇ ਬਲੀ ਸੰਪ੍ਰਦਾ ਨੂੰ ਸਖਤ ਹਾਨੀ ਪੁਚਾਈ ਹੈ।

ਸੌਚ ਸ਼ਨਾਨ ਸਕਲ ਤਨ ਕੀਨਿ।
ਜਾਮ ਦਿਵਸ ਤੇ ਹੇਤੁ ਅਖੇਰ।
ਭਏ ਅਰੂਢਿ ਤੁਰੰਗਮ ਫੇਰ ॥੨੦॥
ਦੋਨਹੁਂ ਭੂਪਤਿ ਸੰਗ ਚਢਾਏ।
ਬਨ ਮਹਿਂ ਬਿਚਰੇ ਖਗ ਮ੍ਰਿਗ ਘਾਏ।
ਅਨਿਕ ਬਿਲਾਸ ਬਿਪਨ ਮਹਿਂ ਕਰੇ।
ਸੰਧਜਾ ਜਾਨਿ ਸਿਵਰ ਕੋ ਫਿਰੇ ॥੨੧॥
ਦੌਰ ਕੋਹੀਆ[1] ਇਕ ਤਬਿ ਆਯੋ।
ਉਚ ਪੁਕਾਰਤਿ ਬਾਕ ਸੁਨਾਯੋ।

[1]ਪਹਾੜੀਆ।

'ਪ੍ਰਭੁ ਜੀ ! ਬਡੋ ਕੇਹਰੀ ਜੋਇ।
ਸਗਰੀ ਦੂਣ ਜਾਨਤੀ ਸੋਇ ॥੨੨॥
ਕੋਇ ਨ ਮਾਰ ਸਕ੍ਯੋ ਬਡ ਦਾਰੁਨ।
ਗੋ ਮਹਿਖੀ ਸੋ ਕਰਤਿ ਸੰਘਾਰਨ।
ਕਿਤਿਕ ਦਿਵਸ ਮਹਿਂ ਇਹ ਦ੍ਰਿਸ਼ਟਾਯੋ।
ਗਯੋ ਹੁਤੋ ਕਿਤ ਅਬਿ ਚਲਿ ਆਯੋ' ॥੨੩॥
ਦੋਨਹੁਂ ਰਾਵ ਗੁਰੂ ਜੁਤਿ ਸੁਨ੍ਯੋਂ।
ਸੰਧ੍ਯਾ ਪਰੀ ਜਾਨਿ ਪ੍ਰਭੁ ਭਨ੍ਯੋਂ।
'ਅਬਿ ਨ ਸਮੋਂ ਮਾਰਨਿ ਕੋ ਰਹ੍ਯੋ।
ਚਲਹਿ ਪ੍ਰਾਤ ਜਿਸ ਥਲ ਤੈਂ ਲਹ੍ਯੋ' ॥੨੪॥
ਪ੍ਰਭੁ ਬਚ ਜੁਗ ਭੂਪਨ ਸਨਮਾਨਾ।
'ਆਪ ਪ੍ਰਭਾਤੀ ਕਰਹੁ ਪਯਾਨਾ।
ਹਮ ਸਭਿ ਚਢਹਿਂ ਤਮਾਸਾ ਲਹੈਂ[1]। — [1]ਦੇਖਾਂਗੇ।
ਮਾਰਹਿਂ ਘੇਰਿ, ਨਹਿਂ ਬਚ ਰਹੈ[1]' ॥੨੫॥ — [1]ਸ਼ੇਰ) ਬਚੇਗਾ ਨਹੀਂ।
ਇਮ ਕਹਿ ਗਮਨੇ ਸਨਮੁਖ ਡੇਰੇ।
ਕਰਹਿਂ ਸਰਾਹਨ, ਸ਼ੇਰ ਬਡੇਰੇ।
ਪ੍ਰਥਮ ਹਤੇ ਤਿਨ ਗਾਥ ਸੁਨਾਵੈਂ[1]। — [1]ਸ੍ਰੀ ਗੁਰੂ ਜੀ ਨੇ ਪਹਿਲੋਂ ਜੋ ਬੜੇ ਸ਼ੇਰ ਮਾਰੇ ਸਨ ਤਿਨ੍ਹਾਂ ਦੀ ਗਲ ਬਾਤ ਸੁਣਾਂਵਦੇ ਹਨ।
ਭੀਰ ਅਨੀਕ ਸਹਿਤ[1] ਚਲਿ ਆਵੈਂ ॥੨੬॥ — [1]ਸੈਨਾ ਦੀ ਭੀੜ ਨਾਲ।
ਤਿਮਰ ਪ੍ਰਬਿਰਤੇ ਉਤਰੇ ਆਇ।
ਨਿਜ ਨਿਜ ਸਿਵਰ ਬਿਖੈ ਸੁਖ ਪਾਇ।
ਬਿਦਤ ਬ੍ਰਿਤੰਤ ਕੇਹਰੀ ਕੇਰਾ।
'ਹੋਹਿ ਜੰਗ ਤਿਹ ਸੰਗ ਸਬੇਰਾ' ॥੨੭॥
ਖਾਨ ਪਾਨ ਕਰਿ ਕੈ ਸਮੁਦਾਏ।
ਸੁਪਤਿ ਜੁਥਾ ਸੁਖ ਰਾਤਿ ਬਿਤਾਏ।
ਸੌਚ ਸ਼ਨਾਨ ਸਕਲ ਕਰਿ ਲੀਨਿ।
ਤਬਿ ਰਣਜੀਤ ਬਜਾਵਨਿ ਕੀਨਿ ॥੨੮॥
ਸੁਨਿ ਸਭਿ ਜ਼ੀਨ ਤੁਰੰਗਨ ਪਾਏ।
ਜੁਗ ਭੂਪਨਿ ਤਜਾਰੀ ਕਰਿਵਾਏ।

ਸੁਭਟਨ ਸਹਿਤ ਅਰੂੜ੍ਹਤਿ ਭਏ।
ਆਯੁਧ ਖੜਗ ਧਾਰਿ ਕਰ ਲਏ ॥੨੯॥
ਸਤਿਗੁਰ ਕਲਗੀ ਸੀਸ ਉਤੰਗ।
ਦਿਪਤਿ ਸਰੂਪ ਬਿਭੂਖਨ ਸੰਗ।
ਗਰ ਸ਼ਮਸ਼ੇਰ ਸਿਪਰ ਕਹੁ ਧਾਰੀ।
ਕਸ ਨਿਖੰਗ, ਗਹਿ ਕਰ ਧਨੁ ਭਾਰੀ[1] ॥੩੦॥ [1]ਵਡਾ ਧਨੁਖ ਰੱਥ ਵਿਚ ਲੈਕੇ।
ਤੁੰਗ ਮਤੰਗ ਅਰੂੜਤਿ ਭਏ।
ਵਹਿਰ ਸਿਵਰ ਤੇ ਨਿਕਸਤਿ ਭਏ।
ਥਿਤ ਹੁਇ ਦੋਨਹੁਂ ਭੂਪ ਮਿਲਾਏ।
ਸੋ ਕੋਹੀਆ[1] ਕੀਨਸਿ ਅਗੁਵਾਏ ॥੩੧॥ [1]ਓਹ ਪਹਾੜੀਆਂ।
ਗਹਬਰ ਬਨ[1] ਕੇ ਪੰਥ ਪਧਾਰੇ। [1]ਸੰਘਣੇ ਬਨ ਦੇ।
ਨ੍ਰਿਪ ਜੁਗ ਸੰਗ ਸੁਭਟ ਗਨ ਭਾਰੇ।
ਦਲ ਕੋ ਪਰ੍ਹਾ[1] ਦੂਰ ਲਗਿ ਕਰਜੋ। [1]ਫੌਜ ਦੀ ਕਤਾਰ।
ਖੋਜਤਿ ਭਏ, ਹੋਇ ਕਿਤ ਥਿਰਜੋ[1] ॥੩੨॥ [1]ਕਿਧਰੇ ਇਸਥਿਤ ਹੋਵੇਗਾ (ਸ਼ੇਰ)।
ਜਬਿ ਬਿਸਾਲ ਬਨ ਗਾਹਨ ਕੀਨਾ।
ਸੁਗਮ ਬਿਖਮ ਥਲ ਖੋਜਿ ਸੁ ਲੀਨਾ।
ਕੇਤਿਕ ਪਾਹੜੇ ਸ਼ੂਕਰ ਮਾਰੇ।
ਹੋਤਿ ਕੁਲਾਹਲ ਬਿਪਨ ਮਝਾਰੇ ॥੩੩॥
ਕੰਟਕ ਸਹਿਤ ਮਹੀਰੁਹ[1] ਖਰੇ। [1]ਬ੍ਰਿੱਛ।
ਸ਼ਾਖਾ ਉਰਝੀ ਸੰਘਨੇ ਖਰੇ।
ਉਚੀ ਸਰਲੀ[1] ਸਾਲ[2] ਬਿਸਾਲਾ। [1]ਚੀੜ। (ਅ) ਸਿੱਧੀ। [2]ਸਾਲ ਨਾਮੇ ਬ੍ਰਿੱਛ।
ਬਦਰੀ[1], ਖਦਰ[2], ਕਰੌਂਜੇ[3] ਜਾਲਾ ॥੩੪॥ [1]ਬੇਰੀ। [2]ਖੈਰ। [3]ਕਰੰਜੂਆ।
ਨੀਠ ਨੀਠ ਜਹਿਂ ਗਮਨਜੋਂ ਜਾਇ।
ਇਮ ਖੋਜਜੋ ਬਿਚਰਤਿ ਸਭਿ ਥਾਇਂ।
ਕਹਜੋ ਕੋਹੀਏ 'ਕੇਹਰਿ ਕੇਰਾ।
ਦੇਖਹੁ ਪਗ ਕੋ ਖੋਜ ਬਡੇਰਾ ॥੩੫॥
ਅਬਿ ਹੀ ਗਯੋ ਰਹੋ ਸਵਧਾਨਾ।
ਨਿਕਸਹਿ ਕਰਹਿ ਚੋਟ ਬਲਵਾਨਾ।'
ਦੋਨਹੁ ਨ੍ਰਿਪ ਬਹੁ ਸੰਗ ਸੁ ਬੀਰਾ।

ਗਮਨਤਿ ਜਾਤਿ ਅੱਗ੍ਰ ਗੁਰ ਧੀਰਾ ॥ ੩੬ ॥
ਸੰਘਨੇ ਬ੍ਰਿੱਖ ਉਲੰਘਤਿ ਭਏ।
ਪੁਨ ਆਛੇ ਥਲ ਮਹਿਂ ਚਲਿ ਗਏ।
ਤਿਸ ਕੇ ਨਿਕਟ ਬਿਖਮ ਇਕ ਥਾਇਂ।
ਕੰਟਕ ਸਹਿਤ ਬ੍ਰਿੱਖ ਕੀ ਛਾਇ ॥ ੩੭ ॥
ਸੁਪਤਿ ਪਰਜੋ ਨਿਜ ਪਾਇਂ ਪਸਾਰੇ।
ਤ੍ਰਿਪਤਜੋ ਆਮਿਖ ਕੀਨਿ ਅਹਾਰੇ।
ਜਬਹਿ ਹਿਰੇਖਾ ਹਯ ਕੀ ਹੋਈ।
ਸੁਨਜੋ ਸ਼ਬਦ ਔਚਕ ਤਿਨ ਸੋਈ ॥ ੩੮ ॥
ਤਜਾਗਿ ਨੀਂਦ ਬਲ ਤੇ ਗੁਰਣਾਯੋ[1][†]।
[1]ਗਰਜਿਆ। [†]ਪਾ:-ਗੁਰੜਾਯੋ।
ਖਰੋ ਹੋਇ ਬੈਠਜੋ ਦ੍ਰਿਗ ਲਾਯੋ।
ਬੋਲਜੋ ਸੁਨਜੋ ਜਾਨਿ ਤਿਨ ਲੀਨੋ।
ਠਾਂਢੇ ਭਏ ਬਿਲੋਕਨ ਕੀਨੋ ॥ ੩੯ ॥
ਦਾਰੁਨ ਪੰਚਾਨਨ ਕੋ ਆਨਨ[1]।
[1]ਸ਼ੇਰ ਦਾ ਮੁਖ।
ਜਿਸ ਸਮਾਨ ਕੋ ਨਾਹਿਨ ਆਨਨ[1][†]।
[1]ਮੁਖ ਨਹੀਂ ਕਿਸੇ ਹੋਰ ਦਾ। [†]ਪਾ:-ਕਾਨਨ ਕੋ ਆਨਨ।
ਕਾਨਨ[1] ਸਬਦ ਸੁਨਜੋ ਤਹਿਂ ਜਬੈ।
[1]ਕੰਨਾਂ ਵਿਚ।
ਕਿਨਹੁੰ ਕਿਨਹੁੰ ਦ੍ਰਿਗ ਦੇਖਜੋ ਤਬੈ ॥ ੪੦ ॥
ਨਖ ਪਾਇਨ ਤੇ ਅੰਕੁਸ ਮਨੋ[1]।
[1]ਪੈਰਾਂ ਉਤੇ ਨਹੁੰ (ਨਹੁੰਦਰਾਂ) ਅੰਕੁਸ ਵਾਂਙੂ (ਭਾਵ ਤਿੱਖੇ ਤੇ ਮੁੜਵੇਂ) ਹਨ।
ਦਾੜ੍ਹਨ ਤੇ ਦਾਰੁਨ ਮੁਖ ਘਨੋ।
ਸਟਾ[1] ਕੰਠ ਪਰ ਦੀਰਘ ਦੀਖੇ।
[1]ਗਰਦਨ ਦੇ ਵਾਲ।
ਲਾਲ ਬਿਲੋਚਨ ਸ਼੍ਰੋਣ ਸਰੀਖੇ[1] ॥ ੪੧ ॥
[1]ਲਹੂ ਵਰਗੇ।
ਲਾਂਗੁਲ[1] ਸਹਿਤ ਲਾਂਬਿਯੇ ਬੇਲਾ[2]।
[1]ਪੂਛ। [2]ਭਾਵ ਪਿੱਠ ਲੰਮੀ ਹੈ।
ਦੀਰਘ ਦਸਨ[†] ਸੁ ਦਿਖਨਿ ਦੁਹੇਲਾ[1]।
[1]ਦੇਖਣਾ ਦੁਖਦਾਈ ਹੈ। [†]ਪਾ:-ਦਰਸ਼ਨ।
ਛਾਤੀ ਗ੍ਰੀਵ ਉਦਰ ਹੈ ਸ੍ਵੇਤਾ[1]।
[1]ਚਿੱਟਾ।
ਕਦ ਬਿਸਾਲ ਬਲ ਅਧਿਕ ਨਿਕੇਤਾ ॥ ੪੨ ॥
ਚੌਰੋ ਚਰਨ ਪੀਨ ਅਰੁ ਦੀਹਾ[1]।
[1]ਮੋਟੇ ਤੇ ਬੜੇ ਭਾਰੀ।
ਪੀਤ ਸੁ ਬਰਨ ਸ਼ਜਾਮ ਗਨ ਲੀਹਾਂ[1]।
[1]ਲਕੀਰਾਂ।
ਸੁਪਨੇ ਮਹਿਂ ਭੀ ਜਾਂਹਿ ਨ ਤ੍ਰਾਸਾ।

ਸਭਿ ਚਾਹਿਤਿ ਹੈਂ ਪਿਖਿਨਿ ਤਮਾਸਾ
॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥ ਰੁਤੇ 'ਅਖੇਰ' ਪ੍ਰਸੰਗ ਪੰਚਾਸਤਿ ਅੰਸੂ ॥੫੦॥

੫੧. [ਸ਼ੇਰ ਮਾਰਿਆ, ਬੁੱਧੂ ਸ਼ਾਹ ਵਿਦਾ ਹੋਯਾ]

੫੦<<ਪਿਛਲਾ ਅੰਸੂ ਸੰਖੇਪ ਲਿੰਕ - ਤਤਕਰਾ ਅਗਲਾ ਅੰਸੂ>>

ਦੋਹਰਾ:

ਸ੍ਰੀ ਕਲਗ਼ੀਧਰ ਦੇਖਿ ਕੈ, ਊਚੇ ਕਹ੍ਯੋ ਪੁਕਾਰਿ।
'ਛੋਰਹੁ ਨਹੀਂ ਤੁਫੰਗ ਕੋ, ਟਿਕੇ ਰਹਹੁ ਬਨ ਲਾਰਿ[1]' ॥੧॥

[1]ਕਤਾਰ ਬਣਾ ਕੇ।

ਚੌਪਈ:

ਦੋਨਹੁਂ ਨ੍ਰਿਪ ਜੁਤਿ ਸੈਨਾ ਸਾਰੀ।
ਹੇਤ ਬੰਗਾਰਨਿ ਗਿਰਾ ਉਚਾਰੀ।
'ਏਕ ਸੁਭਟ ਲੇ ਖੜਗ ਸੁ ਢਾਲ।
ਲਲਕਾਰਹਿ[1] ਸਭਿ ਆਗੇ ਚਾਲਿ ॥੨॥

[1](ਸ਼ੇਰ ਨੂੰ) ਲਲਕਾਰੇ।

ਛਾਰ ਸਹਾਰ ਵਾਰ ਕਰਵਾਰ[1]।

[1](ਸ਼ੇਰ ਦੀ) ਛਾਲ ਨੂੰ ਸਹਾਰੇ ਤੇ ਵਾਰ (ਕਰੇ) ਤਲਵਾਰ ਦਾ (ਸ਼ੇਰ ਉਤੇ)।

ਕਰਹਿ ਜੁੱਧ ਲੇ ਕੇਹਰਿ ਮਾਰ।
ਮੁਖ ਮਾਂਗੇ ਹਮ ਬਖਸ਼ਹਿਂ ਤਾਂਹੀ।
ਨਿਕਸਹਿ ਧੀਰ ਧਾਰਿ ਉਰ ਮਾਂਹੀ' ॥੩॥
ਸੁਨਿ ਕਰਿ ਫਤੇਸ਼ਾਹ ਬਚ ਬੋਲਾ।
'ਪ੍ਰਭੁ ਜੀ ਕੇਹਰਿ ਓਜ ਅਤੋਲਾ।
ਕੋ ਨਰ ਅਸ ਇਸ ਕੋ ਬਲ ਝਾਲੈ।
ਹੁਇ ਸਵਧਾਨ ਵਾਰ ਪੁਨ ਘਾਲੈ ॥੪॥
ਚਿਰੰਕਾਲ ਕੋ ਇਤ ਉਤ ਫਿਰੈ।
ਨਹਿਂ ਕੋ ਧਿਰ[†] ਧਰਿ[1] ਆਗੇ ਅਰੈ।

[1]ਧੀਰਜ ਧਰਕੇ। [†]ਪਾ:-ਸਿਰ।

ਸੈਲਨ ਦੇਸ਼ ਬਿਖੈ ਬੱਖਜਾਤ।
ਕਿਸਹੂੰ ਨਹਿਂ ਕੀਨੋ ਇਹ ਘਾਤਿ ॥੫॥
ਕੋ ਹੈ ਸਮ ਰਾਵਰ ਕੇ ਕਹੋ।
ਤਰੁਨ ਬੈਸ ਬਲ ਸਮਰਥ ਅਹੋ।
ਨਾਂਹਿ ਤ ਚਲਨੈ ਦੇਹੁ ਤੁਫੰਗ।
ਗੁਲਕਾਂ ਬ੍ਰਿੰਦ ਲਗਹਿਂ ਇਕ ਸੰਗ ॥੬॥
ਜੇ ਹਤਿ ਹੋਇ ਪਰੈ ਤਨ ਭੂਪਰ।
ਨਤੁ ਪਹੁੰਚ੍ਯੋ ਜਾਨਹੁ ਕਿਸ ਊਪਰ।
ਮਿਲ੍ਯੋ ਬੀਚ ਤਬਿ ਮੁਸ਼ਕਲ ਮਾਰਨਿ।
ਕਰਹਿ ਪ੍ਰਹਾਰ ਅਨਿਕ ਕਰਵਾਰਨ[1]' ॥੭॥

[1]ਤਲਵਾਰਾਂ ਦੇ ਅਨੇਕਾਂ (ਵਾਰ) ਕੀਤਿਆਂ ਵੀ (ਸ਼ੇਰ) ਮਾਰ ਕਰੇਗਾ।

ਤਬਿ ਕਲਗ਼ੀਧਰ ਦੇਖੇ ਸਬੈ।

ਨਿਕਸਜੋ ਨਹਿਂ ਕੋ ਜੋਧਾ ਜਬੈ।
ਨਿਜ ਹਾਥੀ ਕੋ ਕਹਿ ਬਿਠਵਾਇਵ।
ਚਹੈਂ ਆਪਨੋ ਬਲ ਦਿਖਰਾਇਵ ॥ ੮ ॥
ਹੌਦੇ ਬਿਖੈ ਧਰਜੋ ਧਨੁ ਭਾਥਾ[1]।
ਖੜਗ ਸਿਪਰ ਗਹਿ ਲੀਨਸਿ ਹਾਥਾ।
ਨੰਦ ਚੰਦ ਆਦਿਕ ਪੰਚ ਭ੍ਰਾਤਾ।
ਦੇਖਜੋ ਗੁਰੂ ਬੀਰ ਰਸ ਰਾਤਾ ॥ ੯ ॥
ਸਹਿਤ ਕ੍ਰਿਪਾਲ ਸੁ ਚਹਿਤ ਹਟਾਏ।
ਕਹਜੋ ਨ ਜਾਇ ਤੇਜ ਦਿਪਤਾਏ।
ਨਾਹਣੇਸ਼ ਕਰ ਜੋਰਿ ਉਚਾਰਾ।
'ਗਨ ਗੁਲਕਾਂ ਤਜਿ ਲੇਹਿਂ ਸੰਘਾਰਾ ॥ ੧੦ ॥
ਪਸ਼ੁ ਕੇ ਸਮੁਖ ਆਪ ਕਜੋਂ ਜਾਵਹੁ।
ਗਹੋ ਧਨੁਖ ਕੋ ਬਾਨ ਚਲਾਵਹੁ।'
ਸਤਿਗੁਰ ਬੋਲੇ 'ਪਿਖਹੁ ਤਮਾਸ਼ਾ।
ਇਸ ਤੇ ਕਹਾਂ ਕਰੈਂ ਹਮ ਤ੍ਰਾਸਾ' ॥ ੧੧ ॥
ਇਮ ਕਹਿ ਆਗੇ ਪ੍ਰਭੂ ਸਿਧਾਰੇ।
ਖਰੇ ਦੂਰ ਲੌਂ ਦੇਖਤਿ ਸਾਰੇ।
ਕੇਚਿਤ ਕਹੈਂ 'ਕਹਾਂ ਗੁਰ ਕਰਜੋ !
ਕੇਹਰਿ ਨਿਕਟ ਜਾਨਿ ਹਠ ਧਰਜੋ' ॥ ੧੨ ॥
ਕੇਚਿਤ ਕਹੈਂ 'ਗੁਰੂ ਬਡ ਜੋਧਾ।
ਹਤਹਿ ਕ੍ਰਿਪਾਨ ਸੰਗ ਕਰਿ ਕ੍ਰੋਧਾ।'
ਸਨਮੁਖ ਹੋਇ ਕਰਜੋ ਜਬਿ ਨੇਰ।
ਪਿਖੇ ਪਰਸਪਰ ਅਧਿਕ ਦਲੇਰ ॥ ੧੩ ॥
ਉਠਜੋ ਨਹੀਂ ਬੈਠਜੋ ਤਬਿ ਰਹਜੋ।
ਹੇਤੁ ਬੰਗਾਰਨਿ ਊਚੇ ਕਹਜੋ।
'ਹੋਹੁ ਖਰੋ ਕਜੋਂ ਬੈਠਜੋ ਅਬੈ।
ਬਨਿ ਸਵਧਾਨ ਪਿਖਹਿਂ ਤੁਮ ਸਬੈ' ॥ ੧੪ ॥
ਸੁਨਿ ਪ੍ਰਭੁ ਤੇ ਨਿਜ ਸੀਸ ਨਿਵਾਯੋ।
ਥਿਰਜੋ ਰਹਜੋ ਨਿਜ ਟੌਰ[1] ਭਰਮਾਯੋ।

[1]ਰਖ ਦਿੱਤਾ ਧਨੁਖ ਤੇ ਭੱਥਾ।

[1]ਪੂਛ ਦੇ ਸਿਰੇ ਤੇ ਵਾਲਾਂ ਦਾ ਜੋ ਗੁੱਛਾ ਜੇਹਾ ਹੁੰਦਾ ਹੈ।

ਵਹਿਰ ਮਦਾਨ ਬਿਖੇ ਗੁਰ ਖਰੇ।
ਬਿਖਮ ਬਿਰ੍ਹੇ[1] ਕੇ ਬੀਚ ਨ ਬਰੇ ॥੧੫॥
ਬਚ ਊਚੇ ਕਹਿ ਫੇਰ ਪ੍ਰਚਾਰਜੋ[1]।
'ਖਰੋ ਹੋਹੁ ਕੈਸੇ ਬਲ ਹਾਰਜੋ।
ਤੋਹਿ ਸੰਗ ਹੈ ਜੰਗ ਹਮਾਰਾ।
ਟਰੇ ਬਨਹਿ ਨਹਿਂ, ਕਜੋਂ ਚਿਤ ਹਾਰਾ?'
॥੧੬॥
ਬੈਠਜੋ ਸ਼ੇਰ ਆਪ ਤਹਿਂ ਖਰੇ।
ਜੁਗ ਨ੍ਰਿਪ ਦਲ ਜੁਤਿ ਦੇਖਨਿ ਕਰੇ।
ਬਿਸਮਾਵਹਿਂ ਕਿਮ ਕਿਮ ਨਰ ਕਹੈਂ।
ਇਤ ਉਤ ਕਲਮਲਾਤਿ ਸਭਿ ਲਹੈਂ
॥੧੭॥
ਜਬਿ ਦ੍ਵੈ ਬਾਰ ਕਹਜੋ ਨਹਿਂ ਖਰਜੋ।
ਬਹੁਰ ਕ੍ਰੋਧ ਕਰਿ ਊਚ ਉਚਰਜੋ।
'ਗੀਦੀ ! ਕਹਾਂ ਬਨਜੋ ਸਮ ਸਜਾਲ।
ਬੈਠਜੋ ਤਜਾਗ ਬੰਸ ਕੀ ਚਾਲ ॥੧੮॥
ਕਰਮ ਕੇਹਰੀ ਕੇਰ ਕਰਾਲੇ।
ਕਾਤੁਰ ਕੂਰ ਕਾਰ ਡਰ ਘਾਲੇ[1]।
ਤੋਹਿ ਨ ਛੋਰਹਿਂ ਭਟਿ ਸਭਿ ਘਿਰੈਂ।
ਕਿਮ ਗੀਦੀ ਗਾਦਰ[1] ਹੁਇ ਮਰੈਂ ॥੧੯॥
ਇਮ ਸੁਨ ਕੈ ਸਤਿਗੁਰ ਕੇ ਬੈਨ।
ਉਠਜੋ ਕ੍ਰੋਧ ਕਰਿ ਰਾਤੇ ਨੈਨ।
ਭਭਕਜੋ ਭੀਖਨ ਸਟਾ ਫੁਲਾਏ[1]।
ਨਿਕਸਜੋ ਵਹਿਰ ਪਿਖਜੋ ਸਮੁਦਾਏ
॥੨੦॥
ਬਲ ਬਿਸ਼ਾਲ ਕਰਿ ਛਾਲ ਉਤਾਲਾ।
ਗਰਜਜੋ ਦੀਰਘ ਕਾਲ ਕਰਾਲਾ।
ਪ੍ਰਭੁ ਕੇ ਸਨਮੁਖ ਕੀਨਸਿ ਨੇਰ।
ਉਛਰਜੋ ਛਿੱਪ੍ਰ[1] ਛਾਲ ਕਰਿ ਫੇਰ ॥੨੧॥
ਬਲ ਤੇ ਜਬਿ ਪਹੁਚਜੋ ਪ੍ਰਭੁ ਊਪਰ।
ਚਰਨ ਟਿਕਾਇ ਰਖੇ ਥਿਰ ਭੂਪਰ।

[1]ਬਿੜਾ, ਝਿੜਾ।

[1]ਵੰਗਾਰਿਆ।

[1]ਹੇ ਕਾਇਰਾ। ਡਰ ਕਰਕੇ ਕੂੜਿਆਂ ਵਾਲੀ ਕਾਰ ਕਰਦਾ ਹੈਂ।

[1]ਕਾਇਰ [ਸੰ. ਕਾਤੁਰ। ਹਿੰਦੀ, ਗਾਦਰ]।

[1]ਭਜਾਨਕ ਗਰਦਨ (ਦੇ ਵਾਲ) ਫੁਲਾਕੇ।

[1]ਗੁਰੂ ਜੀ ਨੇ) ਢਾਲ ਕੀਤੀ ਅੱਗੇ।।

ਆਗੈ ਸਿਪਰ ਕਰੀ[1] ਤਤਕਾਲਾ।
ਛਿੱਪ੍ਰ ਨਿਕਾਸਜੋ ਖੜਗ ਕਰਾਲਾ ॥੨੨॥
ਊਚੀ ਛਾਲ ਢਾਲ ਪਰ ਲੈ ਕੈ।
ਕਰਜੋ ਪ੍ਰਹਾਰ[1] ਆਪ ਬਲ ਕੈ ਕੈ।
ਬਦਨ ਬਚਾਇ[1] ਲਾਕ ਪਰ ਮਾਰਾ।
ਬਹਜੋ ਘਾਵ ਜਿਮ ਸਾਬਨ ਤਾਰਾ[1] ॥੨੩॥
ਪਿਛਲੇ ਪਾਇਨ ਪਰ ਗਿਰ ਰਹਜੋ।
ਪਿਖਤਿ ਅਚੰਭਾ ਸਭਿ ਨੇ ਲਹਜੋ।
ਜੁਗਮ ਨਰਿੰਦ ਮਤੰਗ ਧਵਾਏ।
ਪਹੁੰਚਿ ਸਮੀਪ ਦੇਖਿ ਹਰਖਾਏ ॥੨੪॥
'ਧੰਨ ਧੰਨ ਪ੍ਰਭੁ ਬਡੇ ਦਲੇਰ।
ਤੁਮ ਬਿਨ ਕੌਨ ਹਤਹਿ ਅਸਸ਼ੇਰ।
ਅਵਨੀ ਤਲ ਮਹਿਂ ਆਪ ਮਨਿੰਦ।
ਸੁਨਜੋਂ ਨ ਦੇਖਜੋ ਕਿਤਹੁ ਬਿਲੰਦ ॥੨੫॥
ਅਸ ਕੇਹਰਿ ਦੀਰਘ ਨਹਿਂ ਹੇਰਾ।
ਦਾਰੁਨ ਦਾੜਨ ਓਜ ਘਨੇਰਾ।
ਕਰਜੋ ਸੰਘਾਰਨ ਤੂਰਨ ਐਸੇ।
ਛਾਂਗ ਬਿਹੀਨੋ ਬਲ ਤੇ ਜੈਸੇ[1]' ॥੨੬॥
ਸ਼੍ਰੀ ਕਲਗ਼ੀਧਰ ਤਬਹਿ ਸੁਨਾਯੋ।
'ਇਹ ਪਾਂਡਵ ਕੁਲ ਮਹਿਂ ਨਰ ਜਾਯੋ।
ਭਾਰਥ ਮਹਿਂ ਮਰਿ ਰਹਜੋ ਕੁਢਾਲਾ।
ਭਾਵੀ ਬਸ ਤੇ ਧਰ ਤਨ ਜਾਲਾ[1] ॥੨੭॥
ਪਾਛਲ ਜਨਮ ਹੁਤੋ ਇਸ ਕੇਰਾ[1]।
ਕੇਹਰਿ ਭਯੋ ਕਰਾਲ ਬਡੇਰਾ।
ਅਬਿ ਮ੍ਰਿਤੁ ਹੋਇ ਭਲੀ ਗਤਿ ਲਹੀ।
ਜਗ ਮਹਿਂ ਬਹੁਰ ਜਨਮ ਇਸ ਨਹੀਂ' ॥੨੮॥
ਸੁਨ ਕਰਿ 'ਧੰਨ ਧੰਨ' ਸਭਿ ਕਹੈਂ।
ਮਹਾਂ ਪ੍ਰਤਾਪਵਾਨ ਮਨ ਲਹੈਂ।
ਤਿਹ ਉਚਵਾਇ ਪਾਂਵਟੇ ਲਜਾਏ।

[1]ਛੇਤੀ।

[1]ਮਾਰ ਕੀਤੀ।

[1]ਮੂੰਹ ਬਚਾ ਕੇ ਲੱਕ (ਪੇਟ) ਵਿਚ (ਤਲਵਾਰ) ਮਾਰ ਦਿੱਤੀ (ਅ) (ਸ਼ੇਰ ਦੇ) ਮੂੰਹ (ਦੀ ਚੋਟ ਨੂੰ ਢਾਲ ਤੇ) ਬਚਾ ਕੇ।

[1]ਜਿਵੇਂ ਸਾਬੁਨ ਨੂੰ ਤਾਰ ਵੱਢਦੀ ਹੈ।

[1]ਜਿਵੇਂ ਨਿਰਬਲ ਬੱਕਰਾ ਹੁੰਦਾ ਹੈ।

[1]ਬਹੁਤੇ ਸਰੀਰ ਧਾਰੇ ਸੀ (ਏਸ ਨੇ)।

[1]ਇਹ ਜਨਮ) ਇਸ ਦਾ ਅੰਤਲਾ ਹੈਸੀ।

ਕਰਤਿ ਬਤਕ ਨ੍ਰਿਪ ਜੁਤਿ ਪ੍ਰਭੁ ਆਏ
॥੨੯॥
ਉਤਰੇ ਨਿਜ ਨਿਜ ਸਕਲ ਠਿਕਾਨੇ।
ਮਿਲਿ ਆਪਸ ਮਹਿਂ ਸੁਜਸੁ ਬਖਾਨੇ।
ਸਗਰੇ ਲੋਕ ਕੇਹਰੀ ਹੇਰਹਿਂ।
ਮਾਰਨ ਤੇ ਬਿਸਮਾਇ ਬਡੇਰਹਿਂ ॥੩੦॥
ਸੋ ਦਿਨ ਬੀਤਯੋ ਨਿਸਾ ਬਿਤਾਈ।
ਬਿਦਾ ਹੋਇ ਪੁਨ ਦੋਨਹੁਂ ਰਾਈ।
ਜਬਿ ਦਰਬਾਰ ਲਗਯੋ ਤਬਿ ਆਏ।
ਕਰਿ ਬੰਦਨ ਕੋ ਬੈਨ ਸੁਨਾਏ ॥੩੧॥
'ਦੇਗ਼ ਹੇਤੁ ਲਿਹੁ ਹਮ ਤੇ ਗ੍ਰਾਮੂ।
ਭਲੋ ਕਰਹੁ ਰਾਵਰਿ ਗੁਨ ਧਾਮੂ।
ਅੰਗੀਕਾਰ ਭੇਟ ਕੋ ਕਰਹੁ।
ਰਿਦੇ ਮਨੋਰਥ ਹਮਰੇ ਪੁਰਹੁ[1]' ॥੩੨॥ [1]ਪੂਰਨ ਕਰੋ।
ਫਤੇ ਸ਼ਾਹ ਤੇ ਸੁਨਿ ਕਰਿ ਬਾਨੀ।
ਮੁਖ ਮੁਸਕਾਵਤਿ ਪ੍ਰਭੁ ਬਖਾਨੀ।
'ਗੁਰ ਘਰ ਕੀ ਤੁਮ ਸ਼ਰਨੀ ਆਵਹੁ।
ਚਹਹੁ ਅਕਾਲ ਪੁਰਖ ਤੇ ਪਾਵਹੁ ॥੩੩॥
ਕੋਇ ਨ ਕਮੀ ਦੇਗ਼ ਸਤਿਗੁਰ ਕੀ।
ਪੁਰਹਿਂ ਕਾਮਨਾ ਦਾਸਨ ਉਰ ਕੀ।
ਗੁਰ ਕੀ ਦੇਗ਼ ਰੁ ਤੇਗ਼ ਸਵਾਈ।
ਦਿਨ ਪ੍ਰਤਿ ਵਧਹਿ ਸਰਬ ਲਗਿ ਜਾਈ[1] [1]ਸਭ ਥਾਂ ਤਕ ਜਾਵੇਗੀ।
॥੩੪॥
ਗੁਰ ਸਿੱਖੀ ਜੇ ਤੁਮ ਕੋ ਭਾਵੈ।
ਕਹਿ ਸ਼੍ਰੀ ਅਸਧੁਜ[1] ਤੇ ਬਖਸ਼ਾਵੈਂ।' [1]ਅਕਾਲ ਪੁਰਖ।
ਸੁਨਿ ਮੁਸਕਾਵਤਿ ਬਾਕ ਪ੍ਰਕਾਸ਼ੇ।
'ਹਮ ਹੈਂ ਸਦਾ ਆਪ ਕੇ ਦਾਸੇ ॥੩੫॥
ਹਮਰੇ ਭਾਗਨਿ ਤੇ ਇਤ ਆਏ।
ਜਿਸ ਕਰਿ ਇਸ ਪ੍ਰਕਾਰ ਦਰਸਾਏ।'
ਤਬਿ ਸਤਿਗੁਰ ਦੇ ਕਰਿ ਸਿਰੁਪਾਊ।
ਦੋਨਹੁਂ ਕੋ ਤਬਿ ਕੀਨਿ ਬਿਦਾਊ ॥੩੬॥
ਹਾਥ ਬੰਦਿ ਬਹੁ ਬੰਦਨ ਕਰਿ ਕੈ।

ਗਮਨੇ ਗਜ ਬਾਜਿਨ ਪਰ ਚਰਿ ਕੈ।
ਬੈਰ ਬਿਸਾਰ ਸੰਧ ਕਰਿ ਦੋਇ।
ਨਿਜ ਨਿਜ ਰਜਧਾਨੀ ਗੇ ਸੋਇ ॥੩੭॥
ਬੁੱਧੂਸ਼ਾਹ ਬਹੁਤ ਦਿਨ ਰਹ੍ਯੋ।
ਮਗ ਖ਼ੁਦਾਇ ਕੋ ਗੁਰ ਤੇ ਲਹ੍ਯੋ।
ਬ੍ਰਿੰਦ ਮੁਰੀਦ ਸਹਿਤ ਨਿਤ ਦਰਸੈ।
ਕਰ ਤੇ ਚਰਨ ਕਮਲ ਕੋ ਪਰਸੈ ॥੩੮॥
ਕਰੇ ਪ੍ਰੇਮ ਨਿਸ ਬਾਸੁਰ ਧ੍ਯਾਵੈ।
ਗੁਰ ਮੂਰਤਿ ਉਰ ਬਿਖੈ ਟਿਕਾਵੈ।
ਤਿਸ ਪਰ ਸ਼੍ਰੀ ਪ੍ਰਭੁ ਕਰੁਨਾ ਧਰੈਂ।
ਮਗ ਖ਼ੁਦਾਇ ਉਪਦੇਸ਼ਨਿ ਕਰੈਂ ॥੩੯॥
ਕਹਿ ਕਹਿ ਦੇਹਿਂ ਦੇਗ਼ ਤੇ ਅਸਨਾ।
ਨਿਕਟ ਬਿਠਾਇ ਬਾਕ ਮ੍ਰਿਦੁ ਰਸਨਾ।
ਮਹਿਮਾ ਲਖੀ ਮਹਾਂ ਮਹੀਯਾਨਾ।
ਸਕਲ ਕੁਬੰਧਨ ਕੀਨਸਿ ਹਾਨਾ ॥੪੦॥
ਭਯੋ ਨਿਹਾਲ ਪ੍ਰੇਮ ਉਪਜਾਯੋ।
ਬਸ੍ਯੋ ਨਿਕਟ ਕੁਛ ਸਮਾ ਬਿਤਾਯੋ।
ਪੁਨ ਸਤਿਗੁਰ ਕੋ ਬੰਦਨ ਕੀਨਿ।
ਚਲਨਿ ਸਦਨ ਕੋ ਬਚ ਕਹਿ ਦੀਨ
॥੪੧॥
ਸਿਰੇਪਾਉ ਤਬਿ ਪ੍ਰਭੂ ਦਿਵਾਯੋ।
ਪਗ ਛੁਵਾਇ ਲੇ ਸੀਸ ਚਢਾਯੋ।
'ਕੇਤਿਕ ਦਿਨ ਮਹਿਂ ਪੁਨ ਢਿਗ ਆਵੌਂ।
ਕਰਿ ਦਰਸ਼ਨ ਕੋ ਤਨ ਸੁਫਲਾਵੌਂ ॥੪੨॥
ਸਦਾ ਰਿਦੇ ਮਹਿਂ ਬਾਸਾ ਕਰੀਅਹਿ।
ਨਿਜ ਦਾਸਨਿ ਕੋ ਦਾਸ ਬਿਚਰੀਅਹਿ।
ਅਪਨੋ ਜਾਨਿ ਬਿਸਾਰਹੁ ਨਾਂਹੀ।
ਚਹੌਂ ਬਾਸ ਰਾਵਰਿ ਪਗ ਮਾਂਹੀ' ॥੪੩॥
ਇਮ ਬਹੁ ਬਿਨਤੀ ਕਰਿ ਘਰਿ ਚਾਲਾ।
ਸੰਗ ਮੁਰੀਦ ਲੀਨਿ ਨਿਜ ਜਾਲਾ।
ਸ਼ਹਿਰ ਸਢੌਰੇ ਕੋ ਚਲਿ ਗਯੋ।
ਜਹਿਂ ਕਹਿਂ ਸੁਜਸੁ ਉਚਾਰਤਿ ਭਯੋ

॥ ੪੪ ॥
ਪ੍ਰਭੁ ਪਾਂਵਟੇ ਬਿਖੈ ਬਿਰਾਜੇ।
ਜਿਨ ਦਰਸ਼ਨ ਤੇ ਕਲਮਲ ਭਾਜੇ।
ਚਲੀ ਹਜ਼ਾਰਹੁਂ ਸੰਗਤਿ ਆਵੈ।
ਅਨਿਕ ਪਦਾਰਥ ਆਨਿ ਚਢਾਵੈ ॥ ੪੫ ॥
ਚਾਰਹੁਂ ਦਿਸ਼ਿ ਤੇ ਦੇਸ਼ ਬਿਦੇਸ਼ੂ।
ਧਰਹਿਂ ਭਾਉ ਸਿਖ ਆਇਂ ਵਿਸ਼ੇਸ਼ੂ।
ਸ਼ਸਤ੍ਰ ਤੁਰੰਗਮ ਬਸਤ੍ਰ ਅਜਾਇਬ।
ਅਰਪਹਿਂ ਕਰਿ ਕਰਿ ਦਰਸ਼ਨ ਸਾਹਿਬ
॥ ੪੬ ॥

ਪਾਧੜੀ ਛੰਦ:

ਇਸ ਭਾਂਤਿ ਪਾਂਵਟੇ ਮਹਿਂ ਬਿਲਾਸ।
ਦਾਸਨ ਨਿਹਾਲ, ਦੇ ਸ਼ੱਤ੍ਰ ਤ੍ਰਾਸ।
ਰਸ ਬੀਰ ਉਦੈ ਦਿਨ ਪ੍ਰਤਿ ਕਰੰਤਿ।
ਭਟ ਆਇਂ ਰਹਨਿ ਦੇ ਧਨ ਰਖੰਤਿ
॥ ੪੭ ॥
ਅਨਗਿਨਤਿ ਦਰਬ ਲੇ ਸਰਬ ਆਇਂ।
ਮਨ ਚਿਤਹਿਂ ਕਾਮਨਾ ਦਾਸ ਪਾਇਂ।
ਬਨ ਮਹਿਂ ਸ਼ਿਕਾਰ ਚਢਿ ਬਾਰਿ ਬਾਰਿ।
ਹਤਿ ਰੋਝ[1] ਕੋਲ[2] ਭਾਲਕ[3] ਝੰਖਾਰ[4] — [1]ਨੀਲਗਾਇ। [2]ਸੂਰ। [3]ਰਿੱਛ। [4]ਬਾਰਾਸਿੰਗੇ।
॥ ੪੮ ॥
ਬਲਵਾਨ ਭਯਾਨਕ ਮਾਰਿ ਸਿੰਘ[1]। — [1]ਸ਼ੇਰ ਮਾਰੇ।
ਬਰਨੰਤਿ ਸੁ ਕਵਿ ਸੰਤੋਖ ਸਿੰਘ।
ਮਾਨੰਤਿ ਆਨ ਜੇ ਰਾਜ ਸਿੰਘ[1]। — [1]ਰਾਜੇ ਤੇ ਸ਼ੇਰ।
ਬਿਦਤੇ ਬਿਸਾਲ ਗੋਬਿੰਦ ਸਿੰਘ ॥ ੪੯ ॥
ਦੀਨਾਨ ਨਾਥ, ਨਾਥਾਨ ਨਾਥ।
ਨਿਜ ਸੇਵਕਾਨ ਕਰਤੇ ਸਨਾਥ।
ਮਾਨੰਤਿ ਆਨ[1] ਸਭਿ ਸਿੱਧ ਨਾਥ। — [1]ਆਨ ਮੰਨਦੇ ਹਨ। (ਅ) ਜੋ ਸ਼ੇਰਾਂ (ਵਤ) ਸੂਰਮੇ ਰਾਜੇ ਹਨ ਸੋ ਆਨ ਮੰਨਦੇ ਹਨ। ਈਨ।
ਨਿਜ ਬੰਦਿ ਹਾਥ ਧਰਿ ਚਰਨ ਮਾਥ
॥ ੫੦ ॥
ਇਹ ਏਕ ਰਿਤੁ ਅਬਿ ਪੂਰਨ ਹੋਇ।
ਗੁਰ ਜਸੁ ਬਿਸਾਲ ਬਰ ਬੀਚ ਪੋਇ[1]। — [1]ਬਹੁਤ ਸ੍ਰੇਸ਼ਟ ਗੁਰੂ ਜਸ (ਇਸ ਰੁਤ) ਵਿਚ ਪਰੋਇਆ

ਹੈ।

ਸਿਖ ਪਠਤਿ ਸੁਨਤਿ, ਚਿਤ ਚਾਇ ਪਾਂਇ।
ਸਭਿ ਕਰੇ ਇਕਾਵਨਿ[1] ਇਮ ਧਿਆਇ [1]ਇਕਵੰਜਾ।
॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥੇ ਪ੍ਰਥਮ ਰੁਤੇ 'ਕੇਹਰਿ ਹਤਨਿ' ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ ਪ੍ਰਸੰਗ ਬਰਨਨੰ ਨਾਮ ਏਕ ਪੰਚਾਸਤਿ ਅੰਸੂ ॥੫੧॥

ਇਤਿ ਪ੍ਰਥਮ ਰੁਤ ਸਮਾਪਤੰ ਮਸਤ ਸੁਭ ਮਸਤ ॥

[ਪਹਿਲੀ ਰੁਤਿ ਸੰਪੂਰਨ ਹੋਈ]